
# ਸੂਰਮੇ ਦੀ ਲਲਕਾਰ



ਗਿਆਨੀ ਭਜਨ ਸਿੰਘ

www.PunjabiLibrary.com

(ਨਾਵਲ)

ISBN 81-7205-166-2

*ਸਿੰਘ ਬ੍ਰਦਰਜ਼ ਵੱਲੋਂ :*

ਪਹਿਲੀ ਵਾਰ ਮਾਰਚ 1997

ਦੂਜੀ ਵਾਰ ਜੂਨ 2001

ਮੁੱਲ : 50-00

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 98, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com

Website : www.singhbrothers.com

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ

# ਸੂਰਮੇ ਦੀ ਲਲਕਾਰ

ਗਿਆਨੀ ਭਜਨ ਸਿੰਘ

ਸਿੰਘ ਬ੍ਰਦਰਜ਼
ਅੰਮ੍ਰਿਤਸਰ

# ਕੁਝ ਨਾਵਲ ਬਾਰੇ

ਪੰਜਾਬ ਦਾ ਪਿਛਲੇ ਪੰਜ ਸੌ ਸਾਲਾਂ ਦਾ ਇਤਿਹਾਸ ਖ਼ਾਸ ਮਹਾਨਤਾ ਭਰਿਆ ਹੈ। ਗੁਰੂ ਨਾਨਕ ਦੇ ਆਗਮਨ ਨਾਲ ਇਥੋਂ ਦੇ ਲੋਕ-ਜੀਵਨ ਵਿਚ ਬੜੀ ਵੱਡੀ ਤਬਦੀਲੀ ਆਈ। ਇਕ ਪਾਸੇ ਮੁਗ਼ਲ ਸਾਮਰਾਜ ਦਾ ਮੁੱਢ ਬੱਝ ਗਿਆ ਤੇ ਉਹਦੇ ਮੁਕਾਬਲੇ 'ਤੇ ਪੰਜਾਬ ਵਿਚ ਸਿਖ ਧਰਮ ਦੇ ਨਾਂ 'ਤੇ ਇਕ ਲੋਕ-ਲਹਿਰ ਪੈਦਾ ਹੋ ਗਈ। ਜਿਉਂ ਜਿਉਂ ਮੁਗ਼ਲ ਸਾਮਰਾਜ ਸ਼ਕਤੀਸ਼ਾਲੀ ਹੁੰਦਾ ਗਿਆ, ਉਹਦੇ ਟਾਕਰੇ 'ਤੇ ਇਹ ਲੋਕ-ਲਹਿਰ ਵੀ ਵਧਦੀ ਗਈ। ਆਪਸ ਵਿਚ ਕਈ ਵਾਰੀ ਟਕਰਾਉ ਹੋਇਆ। ਪਹਿਲੀ ਵੱਡੀ ਟੱਕਰ ਵਿਚ ਸਾਮਰਾਜ ਦੇ ਜ਼ੁਲਮਾਂ ਦਾ ਟਾਕਰਾ ਕਰਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਬਲੀਦਾਨ ਦੇਣਾ ਪਿਆ। ਫਿਰ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਾ ਕੇ ਇਸ ਲਹਿਰ ਨੂੰ ਨਵੇਂ ਮੋੜ 'ਤੇ ਲੈ ਆਂਦਾ ਤੇ ਜ਼ੁਲਮ ਜਬਰ ਦਾ ਟਾਕਰਾ ਕਰਨ ਲਈ ਤਲਵਾਰ ਦੇ ਦਸਤੇ 'ਤੇ ਹੱਥ ਰੱਖ ਲਿਆ। ਇਕ ਸਮਾਂ ਫਿਰ ਆਇਆ ਜਦੋਂ ਮੁਗਲ ਰਾਜ ਔਰੰਗਜ਼ੇਬ ਦੇ ਹੱਥਾਂ ਵਿਚ ਆਇਆ। ਉਹਨੇ ਲੋਕ-ਲਹਿਰ ਨੂੰ ਕੁਚਲਣ ਲਈ ਸਖ਼ਤੀ ਵਧਾ ਦਿੱਤੀ। ਗੁਰੂ ਤੇਗ਼ ਬਹਾਦਰ ਜੀ ਨੂੰ ਦਿੱਲੀ ਵਿਚ ਸ਼ਹੀਦੀ ਦੇ ਕੇ ਜ਼ੁਲਮ ਦੇ ਟਾਕਰੇ 'ਤੇ ਲੋਕ-ਸ਼ਕਤੀ ਨੂੰ ਹੋਰ ਬਲਵਾਨ ਕਰਨਾ ਪਿਆ। ਔਰੰਗਜ਼ੇਬ ਨੇ ਸਾਰੇ ਦੇਸ਼ ਵਿਚ ਦੂਜੇ ਹਾਕਮਾਂ ਤੇ ਸਰਕਾਰ ਦੇ ਕਰਮਚਾਰੀਆਂ ਨੂੰ ਖੁਲ੍ਹ ਦੇ ਦਿੱਤੀ ਕਿ ਉਹਨਾਂ ਵਿਰੁੱਧ ਜੋ ਆਵਾਜ਼ ਉਠਾਏ, ਉਹਨਾਂ ਦੇ ਰਾਹ ਵਿਚ ਜੋ ਰੋੜਾ ਬਣੇ, ਉਹਨੂੰ ਸਖ਼ਤੀ ਵਰਤ ਕੇ ਖ਼ਤਮ ਕਰ ਦੇਣ। ਹਾਕਮਾਂ ਦਾ ਇਤਨਾ ਹੌਸਲਾ ਵੱਧ ਗਿਆ ਕਿ ਉਹਨਾਂ ਮਸੂਮ ਬੱਚਿਆਂ ਨੂੰ ਕੰਧਾਂ ਵਿਚ ਖੜੇ ਕਰਕੇ ਚਿਣਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਦੀਆਂ ਸਖ਼ਤੀਆਂ ਤੇ ਤਸੀਹੇ ਵੀ ਲੋਕਾਂ ਨੂੰ ਆਪਣੇ ਹੱਕ ਮੰਗਣ ਤੇ ਇਨਸਾਫ਼ ਲਈ ਡਟਣ ਤੋਂ ਰੋਕ ਨਾ ਸਕੇ।

ਔਰੰਗਜ਼ੇਬ ਦੀ ਮੌਤ ਪਿਛੋਂ ਭਾਵੇਂ ਦਿੱਲੀ ਦੇ ਤਖ਼ਤ 'ਤੇ ਬੈਠਣ ਵਾਲੇ ਮੁਗ਼ਲ ਹੁਕਮਰਾਨ ਉਸ ਜਿਤਨੇ ਸ਼ਕਤੀਸ਼ਾਲੀ ਨਹੀਂ ਸਨ, ਪਰ ਪੰਜਾਬ ਵਿਚ ਉਹਨਾਂ ਦੇ ਗਵਰਨਰ ਵਧੇਰੇ ਮਾੜੇ ਤੇ ਕਰੜੇ ਵਤੀਰੇ ਵਾਲੇ ਸਨ। ਪਹਿਲਾਂ ਜ਼ਕਰੀਆ ਖ਼ਾਨ ਦਾ ਸਮਾਂ ਆਇਆ ਤਾਂ ਉਹਨੇ ਸਾਰਾ ਸਮਾਂ ਲੋਕਾਂ ਨਾਲ ਟੱਕਰ ਲਈ। ਖ਼ਾਲਸਾ ਪੰਥ ਹੀ

ਉਸ ਸਮੇਂ ਦੀ ਲੋਕ-ਲਹਿਰ ਦਾ ਰੂਪ ਸੀ। ਸਿੰਘਾਂ ਨਾਲ ਵੀ ਜਨਤਾ ਦੀ ਤਾਕਤ ਸੀ, ਇਸ ਲਈ ਇਹਨਾਂ ਨੇ ਇਤਨਾ ਡੱਟਵਾਂ ਟਾਕਰਾ ਕੀਤਾ ਕਿ ਜ਼ਕਰੀਆ ਖ਼ਾਨ ਨੂੰ ੧੭੩੩ ਈਸਵੀ ਵਿਚ ਆਪਣਾ ਵਤੀਰਾ ਬਦਲਣਾ ਪਿਆ, ਉਹਨੇ ਸਿੱਖਾਂ ਨੂੰ ਖੁਲ੍ਹੇ ਫਿਰਨ, ਆਪਣੇ ਗੁਰਧਾਮਾਂ ਦੀ ਦੇਖ-ਭਾਲ ਤੇ ਖੁਲ੍ਹੇ ਦਰਸ਼ਨ ਕਰਨ ਦੀ ਖੁਲ੍ਹ ਦੇ ਦਿੱਤੀ। ਉਹਦਾ ਖ਼ਿਆਲ ਸੀ ਕਿ ਜਾਗੀਰਾਂ ਦੇ ਕੇ ਮੈਂ ਇਹਨਾਂ ਨੂੰ ਖੇਰੂੰ ਖੇਰੂੰ ਕਰ ਲਵਾਂਗਾ, ਪਰ ਜਦੋਂ ਇਸ ਨਾਲ ਸਫਲਤਾ ਹੁੰਦੀ ਨਜ਼ਰ ਨਾ ਆਈ ਤਾਂ ਅਖ਼ੀਰ ਉਹਨੇ ਫਿਰ ਸਖ਼ਤੀ ਨਾਲ ਦਬਾਉਣ ਲਈ ਆਪਣੀ ਪੂਰੀ ਵਾਹ ਲਾਈ। ਉਹ ਮਰ ਗਿਆ, ਪਰ ਲੋਕ-ਲਹਿਰ ਨੂੰ ਖ਼ਤਮ ਨਾ ਕਰ ਸਕਿਆ।

ਉਹਦੇ ਪਿਛੋਂ ਤਿੰਨ ਸਾਲ ਕੁਝ ਚੰਗੇ ਲੰਘੇ, ਪਰ ੧੭੪੮ ਈਸਵੀ ਨੂੰ ਮੀਰ ਮੰਨੂ ਪੰਜਾਬ ਦਾ ਗਵਰਨਰ ਬਣ ਗਿਆ। ਉਹਨੇ ਜ਼ਕਰੀਆ ਖ਼ਾਨ ਦੇ ਵਿਚੇ ਰਹਿ ਗਏ ਕੰਮ ਨੂੰ ਹੱਥ ਵਿਚ ਲਿਆ ਤੇ ਮੁਹਿੰਮ ਅਰੰਭ ਕਰ ਦਿੱਤੀ। ਸਿੱਖਾਂ ਦੀ ਬਹੁ-ਗਿਣਤੀ ਜੰਗਲਾਂ ਵਿਚ ਰਹਿੰਦੀ ਸੀ। ਕਈ ਜਥੇ ਬਣ ਚੁਕੇ ਸਨ ਜੋ ਦੀਨ ਦੁਖੀ ਦੀ ਮਦਦ ਲਈ ਪਹੁੰਚਦੇ। ਕਿਧਰੇ ਵੀ ਸਰਕਾਰ ਦਾ ਕੋਈ ਕਰਮਚਾਰੀ ਕਿਸੇ ਨਾਲ ਧੱਕਾ ਕਰਦਾ, ਕਿਸੇ ਦੀ ਇੱਜ਼ਤ ਲੁਟਦਾ ਤਾਂ ਇਹ ਪਹੁੰਚ ਜਾਂਦੇ ਤੇ ਉਸ ਦੀ ਮਦਦ ਕਰਦੇ।

ਮੀਰ ਮੰਨੂ ਨੇ 'ਬਾਗੀਆਂ' ਦੇ ਸਿਰਾਂ ਦਾ ਮੁੱਲ ਰਖਿਆ। ਸੈਂਕੜੇ ਜਿਊਂਦੇ ਫੜ ਕੇ ਲਾਹੌਰ ਲਿਆਂਦੇ ਜਾਣ ਲੱਗ ਪਏ, ਜਿਥੇ ਉਹਨਾਂ ਦਾ ਮੁੱਲ ਵਟਿਆ ਜਾਂਦਾ ਤੇ ਸਰਕਾਰ ਖ਼ਰੀਦ ਕੇ ਕਤਲ ਕਰ ਦੇਂਦੀ। ਅਨੇਕਾਂ ਮਾਵਾਂ ਨੂੰ ਬੱਚਿਆਂ ਸਮੇਤ ਗ੍ਰਿਫ਼ਤਾਰ ਕਰ ਕੇ ਲਿਆਂਦਾ ਗਿਆ ਤੇ ਉਹਨਾਂ ਨੂੰ ਮੌਤ ਦਾ ਡਰਾਵਾ ਦੇ ਕੇ ਆਪਣਾ ਧਰਮ ਛੱਡਣ ਲਈ ਕਿਹਾ। ਉਹਨਾਂ ਦੇ ਇਨਕਾਰ ਕਰਨ 'ਤੇ ਉਹਨਾਂ ਦੀਆਂ ਅੱਖਾਂ ਸਾਹਮਣੇ ਉਹਨਾਂ ਦੇ ਬੱਚਿਆਂ ਨੂੰ ਟੋਟੇ ਕੀਤਾ ਗਿਆ ਤੇ ਕਈ ਜਿਊਂਦਿਆਂ ਨੂੰ ਨੇਜ਼ਿਆਂ ਦੀ ਨੋਕ 'ਤੇ ਟੰਗਿਆ ਗਿਆ। ਇਹ ਸਾਰਾ ਕੁਝ ਇਸ ਲਈ ਕੀਤਾ ਗਿਆ ਤਾਕਿ ਪੁੱਤਰਾਂ ਦੇ ਦੁਖ ਤੇ ਚੀਕ-ਚਿਹਾੜਾ ਦੇਖ ਕੇ ਜ਼ਨਾਨੀਆਂ ਸਰਕਾਰ ਦੀ ਗੱਲ ਮੰਨ ਲੈਣ। ਆਪਣਾ ਧਰਮ ਛੱਡ ਦੇਣ ਤੇ ਦੂਜੇ ਸ਼ਬਦਾਂ ਵਿਚ ਲੋਕ-ਲਹਿਰ ਨਾਲੋਂ ਸੰਬੰਧ ਤੋੜ ਲੈਣ, ਪਰ ਕਿਸੇ ਪੰਜਾਬਣ ਨੇ ਇਸ ਤਰ੍ਹਾਂ ਨਹੀਂ ਕੀਤਾ। ਆਪਣੇ ਬੱਚਿਆਂ ਦੇ ਟੁਕੜਿਆਂ ਦੇ ਹਾਰ ਗਲਾਂ ਵਿਚ ਪੁਆ ਲਏ ਤੇ ਆਪਣੇ ਮੂੰਹ ਵਿਚ ਬੋਟੀਆਂ ਪੁਆ ਲਈਆਂ ਪਰ ਆਪਣਾ ਸਿਦਕ ਨਹੀਂ ਛਡਿਆ, ਆਪਣਾ ਇਸ਼ਟ ਨਹੀਂ ਬਦਲਿਆ, ਜ਼ੁਲਮ ਅਗੇ ਹਥਿਆਰ ਨਹੀਂ ਸੁੱਟੇ ਤੇ ਈਨ ਨਹੀਂ ਮੰਨੀ।

ਇਸ ਸਮੇਂ ਦਾ ਇਹ ਸਾਰਾ ਇਤਿਹਾਸਕ ਮਸਾਲਾ ਦਰਜਨਾਂ ਨਾਵਲਾਂ ਲਈ ਕਹਾਣੀਆਂ ਆਪਣੇ ਵਿਚ ਲੁਕਾਈ ਬੈਠਾ ਹੈ, ਕਈਆਂ ਨੇ ਯਤਨ ਕੀਤਾ ਹੈ ਕਿ ਉਹ

ਇਸ ਇਤਿਹਾਸਕ ਸਮੱਗਰੀ ਵਿਚੋਂ ਆਪਣੀਆਂ ਰਚਨਾਵਾਂ ਲਈ ਪਲਾਟ ਕੱਢ ਲੈਣ, ਪਰ ਮੇਰਾ ਆਪਣਾ ਦ੍ਰਿਸ਼ਟੀਕੋਣ ਇਸ ਇਤਿਹਾਸ ਬਾਰੇ ਕੁਝ ਵੱਖਰਾ ਹੈ। ਮੈਂ ਸਮਝਦਾ ਹਾਂ ਕਿ ਸਿੱਖਾਂ ਦਾ ਇਹ ਅੰਦੋਲਨ ਕੇਵਲ ਇਕ ਫ਼ਿਰਕੇ ਦਾ ਅੰਦੋਲਨ ਨਹੀਂ ਸੀ, ਇਹ ਮੁਸਲਮਾਨਾਂ ਤੇ ਸਿੱਖਾਂ ਵਿਚਕਾਰ ਲੜਾਈ ਨਹੀਂ ਸੀ; ਇਹ ਅਸਲ ਵਿਚ ਜ਼ੁਲਮ ਵਿਰੁੱਧ ਇਕ ਲੋਕ-ਲਹਿਰ ਸੀ, ਲੋਕੀਂ ਉਸ ਸਮੇਂ ਦੁਖੀ ਸਨ, ਉਹਨਾਂ ਦੇ ਜਾਨ-ਮਾਲ ਦੀ ਰਾਖੀ ਕਰਨ ਦੀ ਥਾਂ ਸਰਕਾਰ ਤੇ ਕਾਬਜ਼ ਲੋਕ ਉਹਨਾਂ ਨੂੰ ਲੁਟ ਰਹੇ ਸਨ। ਲੋਕਾਂ ਦੀ ਆਰਥਕ ਹਾਲਤ ਨਿਘਰ ਰਹੀ ਸੀ। ਰਾਜੇ ਤੇ ਹੁਕਮਰਾਨ ਸ਼੍ਰੇਣੀ ਐਸ਼ ਕਰ ਰਹੀ ਸੀ, ਬਾਕੀ ਜਨਤਾ ਕੁਚਲੀ ਹੋਈ ਕੁਰਲਾ ਰਹੀ ਸੀ। ਸਿਖ ਉਹਨਾਂ ਦੀ ਆਵਾਜ਼ ਬਣੇ। ਉਹਨਾਂ ਜ਼ੁਲਮ ਨਾਲ ਟੱਕਰ ਲਈ। ਲੋਕੀਂ ਉਹਨਾਂ ਦੇ ਪਿੱਛੇ ਲੱਗ ਤੁਰੇ, ਇਸ ਦਾ ਵੱਡਾ ਸਬੂਤ ਇਹ ਹੈ ਕਿ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਫ਼ਿਰਕਿਆਂ ਵਿਚੋਂ ਨੇਕ ਦਿਲ ਬੰਦਿਆਂ ਨੇ ਸਿੱਖਾਂ ਦੀ ਮਦਦ ਕੀਤੀ। ਸਿਖ ਜਾ ਕੇ ਕਈ ਵਾਰ ਮੁਸਲਮਾਨਾਂ ਦੇ ਡੇਰਿਆਂ 'ਤੇ ਠਹਿਰਦੇ ਸਨ। ਮੁਸਲਮਾਨ ਆਪਣੇ ਆਪ ਨੂੰ ਖ਼ਤਰੇ ਵਿਚ ਪਾ ਕੇ ਸਿੱਖਾਂ ਦੀ ਮਦਦ ਕਰਦੇ ਸਨ। ਸਿਖ ਵੀ ਉਹਨਾਂ ਦੀ ਇੱਜ਼ਤ ਬਚਾਣ ਲਈ ਜਾਨ ਦੀ ਬਾਜ਼ੀ ਲਾਣ ਤੋਂ ਸੰਕੋਚ ਨਹੀਂ ਸਨ ਕਰਦੇ। ਮੈਂ ਆਪਣੇ ਇਸ ਨਾਵਲ ਵਿਚ ਇਹੋ ਜਿਹੀ ਕਹਾਣੀ ਪੇਸ਼ ਕੀਤੀ ਹੈ, ਜਿਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਅਠਾਰ੍ਹਵੀਂ ਸਦੀ ਵਿਚ ਸਿੱਖਾਂ ਦੀ ਜਦੋ-ਜਹਿਦ ਵਿਚ ਮੁਸਲਮਾਨ ਤੇ ਹਿੰਦੂ ਵੀ ਸ਼ਾਮਲ ਸਨ। ਇਹ ਕਿਸੇ ਇਕ ਫ਼ਿਰਕੇ ਦੇ ਅਧਿਕਾਰਾਂ ਤੇ ਹੱਕਾਂ ਲਈ ਲੜਾਈ ਨਹੀਂ ਸੀ, ਸਗੋਂ ਸਮੁੱਚੀ ਜਨਤਾ ਲਈ ਲੜਾਈ ਸੀ।

ਇਸ ਲੋਕ-ਲਹਿਰ ਦੀ ਸਫਲਤਾ ਦੇ ਤਿੰਨ ਕਾਰਨ ਸਾਹਮਣੇ ਉਘੜ ਕੇ ਆਉਂਦੇ ਹਨ। ਪਹਿਲਾ ਇਹ ਸੀ ਕਿ ਲੋਕ ਸਰਕਾਰ ਤੋਂ ਤੰਗ ਸਨ ਤੇ ਖ਼ਾਲਸਾ ਉਹਨਾਂ ਦੀ ਅਗਵਾਈ ਲਈ ਅਗੇ ਆਇਆ। ਲੋਕਾਂ ਦੀ ਜ਼ਬਾਨ ਗੁੰਗੀ ਸੀ। ਸਿਖ ਉਹਨਾਂ ਦੇ ਹਿਰਦਿਆਂ ਦੀ ਵੇਦਨਾ ਬਿਆਨ ਕਰਨ ਲੱਗ ਪਏ। ਦੂਜਾ ਸਿੱਖਾਂ ਦਾ ਨਿਸ਼ਾਨਾ ਜ਼ਾਤੀ ਲਾਭ ਪ੍ਰਾਪਤ ਕਰਨ ਦਾ ਨਹੀਂ ਸੀ। ਜਦੋਂ ਮਨੁੱਖ ਮਾਨਵ ਦੀ ਨਿਸ਼ਕਾਮ ਸੇਵਾ ਦੇ ਵਿਚਾਰ ਨਾਲ ਮੈਦਾਨ ਵਿਚ ਨਿਤਰੇ ਤਾਂ ਉਹਦਾ ਟਾਕਰਾ ਲਾਲਚੀ ਪੁਰਸ਼ ਨਹੀਂ ਕਰ ਸਕਦੇ। ਤੀਜਾ ਕਾਰਨ ਸਿੱਖਾਂ ਦਾ ਆਦਰਸ਼ਕ ਜੀਵਨ ਤੇ ਸਰਕਾਰ ਦੇ ਕਰਮਚਾਰੀਆਂ ਦੀ ਇਖ਼ਲਾਕੀ ਗਿਰਾਵਟ ਸੀ। ਮੈਂ ਇਸ ਨਾਵਲ ਵਿਚ ਇਹ ਕਾਰਨ ਨਖੇੜ ਕੇ ਬਿਆਨ ਕੀਤੇ ਹਨ। ਸਾਹਿਤ ਜੀਵਨ ਦਾ ਦਰਪਣ ਹੁੰਦਾ ਹੈ। ਜਿਸ ਤਰ੍ਹਾਂ ਦਾ ਜੀਵਨ ਅਸੀਂ ਜੀਅ ਰਹੇ ਹਾਂ ਜਾਂ ਜੀਅ ਚੁਕੇ ਹਾਂ, ਸਾਹਿਤ ਕੇਵਲ ਉਸ ਨੂੰ ਹੀ ਰੂਪਮਾਨ ਨਹੀਂ ਕਰਦਾ, ਸਗੋਂ ਜਿਸ ਤਰ੍ਹਾਂ ਦਾ ਜੀਊਣਾ ਚਾਹੁੰਦੇ ਹਾਂ ਜਾਂ ਜੀਊਣਾ ਚਾਹੀਦਾ ਹੈ, ਉਸ ਦੀ ਵੀ ਤਸਵੀਰ ਖਿਚਦਾ ਹੈ। ਕਵਿਤਾ, ਨਾਟਕ ਤੇ ਕਹਾਣੀ ਵਿਚ ਵੀ ਭਾਵੇਂ ਜੀਵਨ,

ਜੀਵਨ-ਕਥਾ ਤੇ ਜੀਵਨ ਜਜ਼ਬੇ ਹੀ ਹੁੰਦੇ ਹਨ, ਪਰ ਨਾਵਲ ਇਹਨਾਂ ਸਾਰਿਆਂ ਸਾਹਿਤ ਰੂਪਾਂ ਨਾਲੋਂ ਵਧੇਰੇ ਜੀਵਨ ਦਾ ਵਿਸਥਾਰ ਪੂਰਵਕ ਚਿੱਤਰ ਖਿਚਦਾ ਹੈ। ਨਾਵਲ ਜੀਵਨ ਦੀ ਲੰਮੀ ਕਹਾਣੀ ਬਿਆਨ ਕਰਦਾ ਹੈ, ਇਸ ਵਿਚ ਨਵਾਂਪਨ, ਕਹਾਣੀ ਰਸ ਤੇ ਨਾਟਕੀ ਘਟਨਾਵਾਂ ਦਾ ਹੋਣਾ ਜ਼ਰੂਰੀ ਹੈ।

ਅੱਜ-ਕੱਲ੍ਹ ਬਹੁਤਾ ਰਿਵਾਜ ਪ੍ਰਚਲਤ ਜੀਵਨ ਤੇ ਜੀਵਨ ਦੀਆਂ ਕੀਮਤਾਂ ਨੂੰ ਹੀ ਬਿਆਨ ਕਰਨ ਦਾ ਹੈ। ਅੱਜ ਦੀ ਸਮਾਜਿਕ ਹਾਲਤ ਤੇ ਉਹਦਾ ਪ੍ਰਤੀਕਰਮ ਬਿਆਨ ਕਰਨ 'ਤੇ ਹੀ ਬਹੁਤੇ ਲੇਖਕ ਜ਼ੋਰ ਦੇਂਦੇ ਹਨ। ਇਹ ਚੰਗੀ ਗੱਲ ਹੈ, ਪਰ ਇਹਦਾ ਇਹ ਭਾਵ ਨਹੀਂ ਕਿ ਬੀਤੇ ਸਮੇਂ ਦੇ ਜੀਵਨ ਨੂੰ ਪੇਸ਼ ਨਹੀਂ ਕਰਨਾ ਚਾਹੀਦਾ। ਬਜ਼ੁਰਗਾਂ ਦਾ ਜੀਵਨ ਤੇ ਜੀਵਨ ਤਜਰਬੇ ਸਾਡੇ ਲਈ ਸਿਖਿਆਦਾਇਕ ਹਨ। ਉਹਨਾਂ ਵੱਲ ਵੀ ਨਜ਼ਰ ਮਾਰਨੀ ਚਾਹੀਦੀ ਹੈ ਤੇ ਉਹਨਾਂ ਨੂੰ ਵੀ ਨਵੀਨ ਸਾਹਿਤ ਵੰਨਗੀਆਂ ਰਾਹੀਂ ਬਿਆਨ ਕੀਤਾ ਜਾਣਾ ਚਾਹੀਦਾ ਹੈ।

ਅਠਾਰ੍ਹਵੀਂ ਸਦੀ ਦੇ ਅੱਧ ਵਿਚ ਪੰਜਾਬ ਵਿਚ ਜਿਸ ਤਰ੍ਹਾਂ ਦਾ ਜੀਵਨ ਸੀ, ਮੈਂ ਉਹਦੀ ਤਸਵੀਰ ਖਿੱਚੀ ਹੈ। ਮੈਂ ਕਿਥੋਂ ਤਕ ਸਫਲ ਹੋਇਆ ਹਾਂ, ਇਸ ਦਾ ਨਿਰਣਾ ਤਾਂ ਪਾਠਕ ਹੀ ਕਰ ਸਕਣਗੇ।

ਜਲੰਧਰ
16-12-1974

**ਭਜਨ ਸਿੰਘ**

# ੧

ਸੂਰਜ ਸਾਰਾ ਦਿਨ ਪਹਿਰਾ ਦੇਣ ਪਿਛੋਂ ਢਲ ਗਿਆ ਤੇ ਜਿਉਂ ਜਿਉਂ ਪੱਛਮ ਵਿਚ ਉਹ ਲਾਲ ਰੰਗ ਦਾ ਹੁੰਦਾ ਗਿਆ, ਧਰਤੀ ਨਾਲ ਛੂਹਣ ਲਗਦਾ ਨਜ਼ਰ ਆਉਣ ਲਗਾ। ਰੇਸ਼ਮਾ ਦੀ ਤਕਲੀਫ਼ ਵਧਦੀ ਗਈ। ਜਿਉਂ ਜਿਉਂ ਵਧੇਰੇ ਪੀੜਾਂ ਨਾਲ ਉਹ ਕੁਰਲਾਂਦੀ, ਉਹਦੀ ਸੱਸ ਹਰੋ ਨੂੰ ਹੱਥਾਂ ਪੈਰਾਂ ਦੀ ਪੈਂਦੀ ਜਾਂਦੀ। ਉਹ ਵਿਚਾਰੀ ਝੱਲੀ ਹੋਈ ਕਦੇ ਅੰਦਰ ਤੇ ਕਦੇ ਬਾਹਰ ਜਾਂਦੀ, ਪਰ ਉਹਨੂੰ ਕੁਝ ਨਾ ਸੁੱਝਦਾ। ਪਿੰਡ ਦੀ ਦਾਈ ਨੂੰ ਸੱਦ ਕੇ ਉਸ ਨੂੰ ਵਿਖਾਇਆ ਤੇ ਉਸ ਨੇ ਆਪਣੀ ਸਮਝ ਅਨੁਸਾਰ ਪੂਰਾ ਯਤਨ ਕੀਤਾ, ਪਰ ਰੇਸ਼ਮਾ ਦਾ ਇਹ ਦੁੱਖ ਦਾ ਸਮਾਂ ਘਟਦਾ ਨਜ਼ਰ ਨਾ ਆਇਆ। ਪਿੰਡ ਦੀਆਂ ਹੋਰ ਇਕ ਦੋ ਸਿਆਣੀਆਂ ਨੂੰ ਵੀ ਸਦਿਆ ਗਿਆ ਤੇ ਉਹਨਾਂ ਕਈ ਗਰਮ ਚੀਜ਼ਾਂ ਵੀ ਰੇਸ਼ਮਾ ਨੂੰ ਦਿੱਤੀਆਂ, ਪਰ ਉਹਦੀ ਜਾਨ ਦੀ ਖ਼ਲਾਸੀ ਨਾ ਹੋਈ। ਪਿਛਲੇ ਕੁਝ ਮਹੀਨਿਆਂ ਤੋਂ ਉਹਦੀ ਸਿਹਤ ਠੀਕ ਨਹੀਂ ਸੀ ਤੇ ਪਿੰਡ ਦੀ ਹਰ ਜ਼ਨਾਨੀ ਉਹਨਾਂ ਨੂੰ ਕੋਈ ਨਾ ਕੋਈ ਇਲਾਜ ਦੱਸਦੀ ਰਹੀ। ਉਹ ਵੀ ਹਰ ਇਕ ਦੇ ਆਖੇ ਲੱਗ ਕੇ ਕਈ ਠੰਢੀਆਂ ਤੇ ਗਰਮ ਚੀਜ਼ਾਂ ਖਾਂਦੀ ਰਹੀ ਜਿਸ ਕਾਰਨ ਹੁਣ ਜਣੇਪੇ ਦੇ ਦਿਨਾਂ ਵਿਚ ਉਸ ਦਾ ਦੁਖ ਵੱਧ ਗਿਆ।

ਪਿੰਡ ਦੀ ਦਾਈ ਨੇ ਦਸਿਆ ਕਿ ਬੱਚਾ ਜੀਂਦਾ ਨਹੀਂ ਜਾਪਦਾ। ਹਰੋ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਵੱਡੇ ਕਾਕੇ ਵਾਰੀ ਉਹ ਇਥੇ ਨਹੀਂ ਸੀ ਤੇ ਹੁਣ ਉਹਨੂੰ ਬੜਾ ਚਾਅ ਸੀ ਕਿ ਉਹ ਨਿੱਕੇ ਪੋਤਰੇ ਨੂੰ ਆਪਣੇ ਹੱਥੀਂ ਪਾਲੇਗੀ। ਸਿਆਣੀਆਂ ਉਹਨੂੰ ਦਸਿਆ ਸੀ ਕਿ ਐਤਕੀਂ ਵੀ ਪੋਤਰਾ ਹੋਏਗਾ।

ਕਮਰੇ ਵਿਚ ਰੇਸ਼ਮਾ ਦੇ ਦਰਦ ਨਾਲ ਚੀਕ ਮਾਰਨ ਦੀ ਫਿਰ ਆਵਾਜ਼ ਆਈ। ਹਰੋ ਦੌੜ ਕੇ ਅੰਦਰ ਗਈ। ਰੇਸ਼ਮਾ ਮੰਜੀ 'ਤੇ ਪਈ ਮੱਛੀ ਵਾਂਗ ਤੜਫ਼ ਰਹੀ ਸੀ। ਦਾਈ ਬੜੀ ਨਿਰਾਸ਼ ਜਿਹੀ ਹੋ ਕੇ ਉਹਦੇ ਮੰਜੇ ਦੀ ਇਕ ਬਾਹੀ 'ਤੇ ਬੈਠੀ ਉਹਦੀ ਹਾਲਤ ਵੇਖ ਰਹੀ ਸੀ।

"ਹੁਣ ਕੀ ਕਰੀਏ ?" ਹਰੋ ਨੇ ਬੜੀ ਹੈਰਾਨੀ ਤੇ ਘਬਰਾਹਟ ਨਾਲ ਦਾਈ ਤੋਂ ਪੁਛਿਆ।

"ਦੁੱਖ ਕੁਝ ਵਧੇਰੇ ਹੀ ਏ। ਚੰਗਾ ਹੋਵੇ ਜੇ ਤੁਸੀਂ ਸੁਜਾਨਪੁਰ ਤੋਂ ਦਰਸ਼ਨਾਂ ਨੂੰ ਬੁਲਾ ਲਓ। ਸਾਡੇ ਇਲਾਕੇ ਵਿਚ ਉਸ ਨਾਲੋਂ ਸਿਆਣੀ ਦਾਈ ਹੋਰ ਕੋਈ ਨਹੀਂ। ਇਸ ਤਰ੍ਹਾਂ ਦੇ ਔਖੇ ਸਮੇਂ ਤਾਂ ਉਹਨੂੰ ਹੀ ਸਾਰੇ ਬੁਲਾਇਆ ਕਰਦੇ ਹਨ।" ਦਾਈ ਭੋਲੀ ਨੇ ਦਸਿਆ।

"ਮੇਰਾ ਕੌਣ ਜਾਏ ਹੁਣ ਸੁਜਾਨਪੁਰ", ਹਰੋ ਨੇ ਠੰਢਾ ਸਾਹ ਲੈ ਕੇ ਨਿਰਾਸ਼ ਜਿਹੇ ਹੋ ਕੇ ਕਿਹਾ।

"ਪੁੱਤਰ ਕਿਥੇ ਈ ?" ਭੋਲੀ ਨੇ ਪੁਛਿਆ।

"ਪਤਾ ਨਹੀਂ ਕਿਥੇ ਵੇ, ਉਹ ਘਰ ਹੁੰਦਾ ਫਿਰ ਕਾਹਦੀ ਥੁੜ ਸੀ। ਉਹ ਤਾਂ ਜਿਸ ਦਿਨ ਦਾ ਸਿਖ ਬਣਿਆ ਏ ਘਰ ਰਹਿੰਦਾ ਹੀ ਨਹੀਂ। ਨਾ ਉਹਨੂੰ ਆਪਣੀ ਜ਼ਮੀਨ ਦਾ ਫ਼ਿਕਰ ਏ, ਨਾ ਘਰ ਬਾਰ ਦਾ। ਸੁੱਖ ਨਾਲ ਹੁਣ ਉਹਦਾ ਮੁੰਡਾ ਵੀ ਚੰਗਾ ਸਿਆਣਾ ਹੋ ਚਲਿਆ ਏ, ਪਰ ਉਹਨੂੰ ਅਜੇ ਤਕ ਘਰ ਬੈਠਣ ਦੀ ਲਗਨ ਹੀ ਨਹੀਂ ਲਗੀ।" ਹਰੋ ਨੇ ਕਿਹਾ, "ਮੈਂ ਬੁੱਢੀ ਹੋ ਗਈ ਹਾਂ। ਤੁਰਿਆ ਮੇਰੇ ਤੋਂ ਨਹੀਂ ਜਾਂਦਾ।"

"ਲੋਕਾਂ ਦੀ ਸੇਵਾ ਕਰਦਾ ਏ ਪੁਤਰ ਤੇਰਾ।" ਭੋਲੀ ਨੇ ਤਸੱਲੀ ਦੇਣ ਲਈ ਕਿਹਾ।

"ਮੈਨੂੰ ਤੇ ਸਮਝ ਨਹੀਂ ਆਉਂਦੀ ਕਾਹਦੀ ਸੇਵਾ ਏ, ਜੰਗਲਾਂ ਵਿਚ ਧੱਕੇ ਪਏ ਖਾਂਦੇ ਨੇ।"

"ਅਬਦਾਲੀ ਦਾ ਮੂੰਹ ਵੀ ਤਾਂ ਇਹਨਾਂ ਨੇ ਹੀ ਭੰਨਿਆ ਏ।" ਭੋਲੀ ਬੋਲੀ, "ਜਿਹੜੀ ਸਿੱਖਾਂ ਉਹਨੂੰ ਮਾਰ ਦਿੱਤੀ ਏ ਯਾਦ ਰਖੇਗਾ ਸਾਰੀ ਉਮਰ।"

"ਸਾਨੂੰ ਉਹਦਾ ਕੀ ਲਾਭ ?" ਹਰੋ ਨੇ ਕਿਹਾ।

"ਲੈ ਸਾਨੂੰ ਲਾਭ ਨਹੀਂ। ਉਸ ਦੇ ਪਿਉ ਦੀਆਂ ਇਥੇ ਜਗੀਰਾਂ ਥੱਞੀਆਂ ਲਗੀਆਂ ਹੋਈਆਂ ਹਨ। ਜਿਤਨਾ ਚਿਰ ਇਥੇ ਰਹਿੰਦਾ ਸਾਨੂੰ ਚੂੰਡ-ਚੂੰਡ ਖਾਣਾ ਸੀ।" ਭੋਲੀ ਨੇ ਉੱਤਰ ਦਿੱਤਾ। ਭੋਲੀ ਅਸਲ ਵਿਚ ਸਾਰੇ ਪਿੰਡ ਵਿਚ ਪੜ੍ਹੀ-ਲਿਖੀ ਤੇ ਸਮਝਦਾਰ ਜ਼ਨਾਨੀ ਸੀ। ਉਂਝ ਵੀ ਇਹਦੀ ਸੂਝ ਬੂਝ ਕੁਝ ਵਧੇਰੇ ਤੀਖਣ ਹੋਣ ਕਾਰਨ ਇਹ ਸਾਰੇ ਹਾਲਾਤ ਤੋਂ ਜਾਣੂ ਰਹਿੰਦੀ। ਨਿੱਕੇ ਵੱਡੇ ਘਰਾਂ ਵਿਚ ਜਾਣ ਕਾਰਨ ਉਥੇ ਵੀ ਬਹੁਤ ਕੁਝ ਸੁਣਦੀ ਰਹਿੰਦੀ ਤੇ ਉਸ ਕਰਕੇ ਇਹਦੀ ਵਾਕਫ਼ੀਅਤ ਕਾਫ਼ੀ ਸੀ।

ਰੇਸ਼ਮਾ ਨੇ ਫਿਰ ਚੀਸ ਵੱਟੀ ਤੇ ਉਸ ਦੇ ਨਾਲ ਹੀ ਇਕਦਮ ਬੇਹੋਸ਼ ਹੋ ਗਈ। ਭੋਲੀ ਨੇ ਉਹਨੂੰ ਹਿਲਾਇਆ ਜੁਲਾਇਆ, ਪਰ ਉਹ ਬੇਸੁਧ ਸੀ। ਚਿਮਚਾ ਲੈ ਕੇ ਉਹਦੀ ਦੰਦਣ ਖੋਲ੍ਹਣ ਲੱਗੀ। ਹਰੋ ਨੂੰ ਹੁਣ ਬੱਚੇ ਦਾ ਫ਼ਿਕਰ ਭੁਲ ਗਿਆ ਤੇ ਨੂੰਹ ਦੀ ਫ਼ਿਕਰ ਲੱਗ ਗਈ। ਉਹਨੂੰ ਪਤਾ ਸੀ ਗੁਲਾਬ ਸਿੰਘ ਦਾ ਵਿਆਹ ਬੜੀ ਮੁਸ਼ਕਲ ਨਾਲ ਹੋਇਆ ਏ। ਹੁਣ ਇਸ ਸਿਖ ਨੂੰ ਕੌਣ ਰਿਸ਼ਤਾ ਦਏਗਾ ਤੇ ਫਿਰ ਬੰਦਾ ਕਮਾਊ ਨਹੀਂ, ਘਰ ਘਾਟ

ਨਹੀਂ ਤੇ ਜਿਸ ਦੀ ਜ਼ਿੰਦਗੀ ਦਾ ਕਿਸੇ ਨੂੰ ਝੱਟ ਪਲ ਵੀ ਵਿਸਾਹ ਨਹੀਂ। ਅਗੇ ਉਹਨੇ ਆਪਣੇ ਪੇਕਿਆਂ ਵਿਚੋਂ ਇਕ ਰਿਸ਼ਤਾ ਲੈ ਆਂਦਾ ਸੀ। ਜਦੋਂ ਉਹਦਾ ਧਿਆਨ ਇਸ ਤਰ੍ਹਾਂ ਪੁੱਤਰ ਦੇ ਭਵਿੱਖ ਵੱਲ ਗਿਆ ਤਾਂ ਉਹਦਾ ਸਾਰਾ ਸਰੀਰ ਕੰਬ ਗਿਆ।

"ਚਾਚੀ ਤੂੰ ਇਹਦੇ ਕੋਲ ਨਾ ਬੈਠ ਤੇ ਜਾ ਕੇ ਕਿਸੇ ਨੂੰ ਸੁਜਾਨਪੁਰ ਭੇਜ। ਉਤੋਂ ਰਾਤ ਪੈਂਦੀ ਜਾਂਦੀ ਏ ਫਿਰ ਉਸ ਆਉਣਾ ਵੀ ਨਹੀਂ।" ਭੋਲੀ ਨੇ ਕਿਹਾ।

"ਕਿਸ ਨੂੰ ਭੇਜਾਂ?"

"ਪਿਆਰੇ ਨੂੰ ਕਹਿ ਖਾਂ।"

"ਉਸ ਕੋਈ ਮੰਨਣਾ ਏ?"

"ਜਾਏਗਾ ਕਿਵੇਂ ਨਹੀਂ।" ਭੋਲੀ ਨੇ ਕਿਹਾ।

ਬਾਹਰ ਗਲੀ ਵਿਚ ਘੋੜੇ ਦੇ ਆਉਣ ਦੀ ਆਵਾਜ਼ ਆਈ। ਦੋਹਾਂ ਦਾ ਧਿਆਨ ਬਾਹਰ ਚਲਾ ਗਿਆ। ਰੇਸ਼ਮਾ ਦਾ ਮੰਜਾ ਦਰਵਾਜ਼ੇ ਤੋਂ ਕੁਝ ਹਟਵਾਂ ਇਕ ਪਾਸੇ ਜਿਹੇ ਸੀ ਤਾਕਿ ਹਵਾ ਨਾ ਲਗ ਜਾਏ। ਝਟ ਹਰੋ ਮੰਜੇ ਤੋਂ ਹਟ ਕੇ ਬਾਹਰ ਵੇਹੜੇ ਵਿਚ ਆ ਗਈ। ਇਤਨੇ ਵਿਚ ਹੀ ਗੁਲਾਬ ਸਿੰਘ ਵੀ ਘੋੜਾ ਡਿਉਢੀ ਵਿਚ ਬੰਨ੍ਹ ਕੇ ਅੰਦਰ ਲੰਘ ਆਇਆ।

"ਆ ਗਿਆ ਏਂ ਪੁੱਤਰ?" ਹਰੋ ਨੇ ਸਾਹਮਣੇ ਗੁਲਾਬ ਸਿੰਘ ਨੂੰ ਆਉਂਦਿਆਂ ਵੇਖ ਲੈਣ ਦੇ ਬਾਵਜੂਦ ਪੁਛਿਆ।

"ਜੀ ਆ", ਗੁਲਾਬ ਸਿੰਘ ਨੇ ਕਿਹਾ। ਗਲੀ ਵਿਚ ਉਹਦਾ ਵੱਡਾ ਪੁੱਤਰ ਦਲੀਪ ਖੇਡ ਰਿਹਾ ਸੀ। ਪਿਉ ਨੂੰ ਆਉਂਦਾ ਵੇਖ ਕੇ ਉਹ ਵੀ ਭੱਜਾ ਆਇਆ ਤੇ ਆਉਂਦਿਆਂ ਪਿਉ ਦੀਆਂ ਲੱਤਾਂ ਨੂੰ ਜੱਫਾ ਪਾ ਲਿਆ। ਗੁਲਾਬ ਸਿੰਘ ਉਸੇ ਥਾਂ ਬੈਠ ਗਿਆ ਤੇ ਦਲੀਪ ਨੂੰ ਗਲ ਨਾਲ ਲਾ ਲਿਆ।

"ਪਿਤਾ ਜੀ ਮੈਂ ਰਹਰਾਸਿ ਜ਼ਬਾਨੀ ਯਾਦ ਕਰ ਲਈ ਏ।" ਦਲੀਪ ਨੇ ਗਲਵਕੜੀ ਛਡਦਿਆਂ ਫ਼ਖ਼ਰ ਨਾਲ ਕਿਹਾ।

"ਸੱਚ!" ਗੁਲਾਬ ਸਿੰਘ ਨੇ ਖ਼ੁਸ਼ੀ ਭਰੀ ਹੈਰਾਨੀ ਨਾਲ ਇਸ ਤਰ੍ਹਾਂ ਪੁਛਿਆ ਜਿਵੇਂ ਦਲੀਪ ਦੀ ਗੱਲ 'ਤੇ ਇਤਬਾਰ ਨਹੀਂ ਆਇਆ।

"ਤੁਸੀਂ ਸੁਣ ਲਉ ਸ਼ੱਕ।" ਦਲੀਪ ਨੇ ਪਿਤਾ ਤੋਂ ਥੋੜ੍ਹਾ ਹਟਵਾਂ ਖੜਾ ਹੋ ਕੇ ਕਿਹਾ।

"ਆਹੋ ਜੀ, ਵਿਗਾੜ ਦੇ ਇਹਨੂੰ ਵੀ ਅਗੇ ਬੜੇ ਸੁਖੀ ਆਂ।" ਹਰੋ ਨੇ ਦਲੀਪ ਨੂੰ ਬਾਂਹ ਤੋਂ ਫੜ ਕੇ ਪਰੇ ਕਰਦਿਆਂ ਕਿਹਾ।

"ਤੁਹਾਨੂੰ ਸਦਾ ਆਪਣੇ ਸੁਖ ਦੀ ਪਈ ਰਹਿੰਦੀ ਏ। ਮੈਂ ਕਈ ਵਾਰ ਕਹਿ ਚੁਕਿਆ ਹਾਂ ਕਿ ਹਿਰਦਾ ਵਿਸ਼ਾਲ ਕਰੋ ਤੇ ਫਿਰ ਦੇਖੋ ਆਪਣੇ ਸੁਖ ਵਿਚ ਉਹ ਅਨੰਦ ਨਹੀਂ,

ਜੋ ਲੋਕਾਂ ਦੇ ਸੁਖ ਲਈ ਦੁੱਖ ਝਲਣ ਵਿਚ ਹੈ। ਫਿਰ ਵਾਹਿਗੁਰੂ ਦਾ ਦਿੱਤਾ ਸਭ ਕੁਝ ਏ। ਆਪਣੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ, ਤੁਸੀਂ ਐਵੇਂ ਝੁਰਦੇ ਰਹਿੰਦੇ ਹੋ।" ਗੁਲਾਬ ਸਿੰਘ ਨੇ ਕਿਹਾ।

"ਇਹ ਮੈਨੂੰ ਅਗੇ ਹੀ ਪਤਾ ਏ ਕਿ ਤੂੰ ਨਹੀਂ ਗੱਲਾਂ ਨਾਲ ਵਧਣ ਦੇਂਦਾ।" ਹਰੋ ਨੇ ਕਿਹਾ, "ਹੁਣ ਗੱਲਾਂ ਵਿਹਲੀਆਂ ਨਾ ਮਾਰਦਾ ਰਹੋ, ਘੋੜਾ ਖੋਲ੍ਹ ਕੇ ਸੁਜਾਨਪੁਰ ਤੋਂ ਦਾਈ ਬੁਲਾ ਲਿਆ। ਰੇਸ਼ਮਾ ਦੀ ਹਾਲਤ ਬੜੀ ਮਾੜੀ ਏ।"

ਗੁਲਾਬ ਸਿੰਘ ਉਸੇ ਵੇਲੇ ਪਿਛਾਂਹ ਮੁੜ ਪਿਆ। ਇਕ ਵਾਰੀ ਉਹਦਾ ਜੀਅ ਵੀ ਕੀਤਾ ਕਿ ਰੇਸ਼ਮਾ ਨੂੰ ਦੇਖ ਚਲੇ। ਕੁਝ ਸ਼ਰਮ ਜਿਹੀ ਮਹਿਸੂਸ ਕਰ ਕੇ ਡਿਉਢੀ ਵਿਚ ਆ ਗਿਆ ਤੇ ਘੋੜਾ ਖੋਲ੍ਹ ਕੇ ਚਲਾ ਗਿਆ।

"ਚਲ ਰਜ਼ਾਈ ਵਿਚ ਬੈਠ, ਉੱਤੋਂ ਠੰਢ ਪੈਣ ਲਗ ਪਈ ਏ। ਤੂੰ ਅਜੇ ਤਕ ਸਿਰੋਂ ਪੈਰੋਂ ਲਾਹੀ ਤੁਰਿਆ ਫਿਰਦਾ ਏਂ।" ਹਰੋ ਨੇ ਦਲੀਪ ਨੂੰ ਜ਼ਰਾ ਤਾੜਦਿਆਂ ਕਿਹਾ।

"ਨਹੀਂ ਮੈਂ ਖੇਡਣ ਜਾਣਾ ਏ।" ਦਲੀਪ ਨੇ ਆਖਿਆ।

"ਨਹੀਂ ਇਸ ਵੇਲੇ ਖੇਡਣ ਨਹੀਂ ਜਾਣਾ।" ਹਰੋ ਨੇ ਉੱਚੀ ਸਾਰੀ ਕਿਹਾ।

"ਮੈਂ ਜਾਣਾ ਏ।" ਇਹ ਕਹਿੰਦਾ ਦਲੀਪ ਬਾਹਰ ਨੂੰ ਨੱਸ ਗਿਆ।

"ਇਹ ਕਿਹੜਾ ਪਿਉ ਤੋਂ ਘੱਟ ਏ।" ਹਰੋ ਨੇ ਬੁੜਬੁੜਾਂਦਿਆਂ ਕਿਹਾ, "ਨਾ ਕਦੇ ਉਹ ਆਖੇ ਲੱਗਾ ਏ ਤੇ ਨਾ ਹੀ ਇਹਦੇ ਲਗਣ ਦੀ ਆਸ ਏ।"

ਦਾਈ ਨੇ ਆ ਕੇ ਦਸਿਆ ਕਿ ਕੁੜੀ ਨੂੰ ਤਕਲੀਫ਼ ਵਧਦੀ ਜਾਂਦੀ ਏ। ਝਟ ਹਰੋ ਅੰਦਰ ਚਲੀ ਗਈ। ਭੋਲੀ ਤੇ ਹਰੋ ਨੇ ਕਈ ਉਪਰਾਲੇ ਕੀਤੇ ਪਰ ਰੇਸ਼ਮਾ ਦਾ ਦੁੱਖ ਨਾ ਘਟਿਆ।

ਗੁਲਾਬ ਸਿੰਘ ਸੁਜਾਨਪੁਰ ਤੋਂ ਪਰਤ ਆਇਆ। ਉਹਨੂੰ ਖ਼ਾਲੀ ਮੁੜਦਿਆਂ ਵੇਖ ਕੇ ਹਰੋ ਦੀ ਹੋਸ਼ ਭੁਲ ਗਈ। ਉਹਦੇ ਆਪਣੇ ਸਿਰ ਨੂੰ ਚੱਕਰ ਆਉਣ ਲੱਗ ਪਏ। ਉਹਨੂੰ ਸੁਝਦਾ ਕੁਝ ਨਹੀਂ ਸੀ ਕਿ ਹੁਣ ਕੀ ਕਰੇ ? ਮਸਾਂ ਉਸ ਗੁਲਾਬ ਸਿੰਘ ਤੋਂ ਪੁਛਿਆ "ਲਿਆਂਦਾ ਨਹੀਓਂ ਉਹਨੂੰ ਨਾਲ ?"

"ਉਹ ਘਰ ਨਹੀਂ, ਕਹਿੰਦੇ ਨੇ ਸ਼ਾਮ ਦੇ ਰਜਵਾੜੀ ਪਿੰਡ ਵਾਲੇ ਲੈ ਗਏ ਨੇ।"

"ਹੁਣ ਕੀ ਬਣੇਗਾ ?" ਹਰੋ ਨੇ ਦੋਵੇਂ ਹੱਥ ਮਲਦਿਆਂ ਕਿਹਾ।

"ਮੈਂ ਕਹਿ ਤਾਂ ਆਇਆ ਹਾਂ ਜੇ ਕਿਤੇ ਰਾਤੀਂ ਘਰ ਆ ਜਾਵੇ ਤਾਂ ਉਹਨੂੰ ਭੇਜ ਦੇਣ। ਹੁਣ ਇਹ ਪਤਾ ਨਹੀਂ ਕਿ ਉਹ ਰਾਤ ਨੂੰ ਮੁੜਦੀ ਏ ਕਿ ਨਹੀਂ।" ਗੁਲਾਬ ਸਿੰਘ ਨੇ ਦਸਿਆ।

"ਕੁੜੀ ਦੀ ਹਾਲਤ ਤਾਂ ਵਿਗੜਦੀ ਜਾ ਰਹੀ ਏ।" ਹਰੋ ਨੇ ਬੜੀ ਘਬਰਾਹਟ

ਵਿਚ ਕਿਹਾ।

"ਚਾਚੀ ਦੇਸਾਂ ਨੂੰ ਬੁਲਾ ਲੈਣਾ ਸੀ।" ਗੁਲਾਬ ਸਿੰਘ ਨੇ ਕਿਹਾ, "ਮੈਂ ਇਥੇ ਖਲੋਂਦਾ ਹਾਂ ਤੂੰ ਜਾ ਕੇ ਬੁਲਾ ਲਿਆ।"

"ਤੂੰ ਕਿਉਂ ਨਹੀਂ ਜਾਂਦਾ?" ਹਰੋ ਨੇ ਪੁਛਿਆ।

"ਤੂੰ ਨਹੀਂ ਸਮਝਦੀ ਮਾਂ, ਪਿੰਡ ਵਿਚ ਕਈ ਤਰ੍ਹਾਂ ਦੇ ਲੋਕ ਨੇ। ਐਵੇਂ ਮੇਰੇ ਆਉਣ ਦਾ ਪਤਾ ਲੱਗ ਗਿਆ ਤਾਂ ਹੋਰ ਹੀ ਪੁਆੜਾ ਪੈ ਜਾਏਗਾ। ਮੈਂ ਅਗੇ ਸੁਜਾਨਪੁਰ ਲੁਕ ਕੇ ਗਿਆ ਸਾਂ।" ਗੁਲਾਬ ਸਿੰਘ ਨੇ ਮਾਂ ਨੂੰ ਸਮਝਾਇਆ।

ਹਰੋ ਦੇਸਾਂ ਨੂੰ ਬੁਲਾਣ ਚਲੀ ਗਈ। ਵੇਹੜੇ ਵਿਚ ਇਕ ਮੰਜਾ ਪਿਆ ਸੀ। ਗੁਲਾਬ ਸਿੰਘ ਨੇ ਝਟ ਉਹ ਮੰਜਾ ਡਾਹਿਆ ਤੇ ਉਸ 'ਤੇ ਬੈਠ ਗਿਆ। ਅੰਦਰ ਫਿਰ ਰੇਸ਼ਮਾ ਦੇ ਤੜਫਣ ਦੀ ਆਵਾਜ਼ ਆਈ। ਗੁਲਾਬ ਸਿੰਘ ਦੇ ਮਨ ਨੂੰ ਵੀ ਤੌਖਲਾ ਹੋਣ ਲੱਗ ਪਿਆ। ਉਹ ਅੰਦਰ ਜਾਣਾ ਚਾਹੁਣ ਦੇ ਬਾਵਜੂਦ ਜਾ ਨਾ ਸਕਿਆ।

ਝਟ ਬੱਚੇ ਦੇ ਰੋਣ ਦੀ ਆਵਾਜ਼ ਆਈ ਤੇ ਦਾਈ ਨੇ ਅਵਾਜ਼ ਦਿੱਤੀ, "ਗੁਲਾਬ ਵਧਾਈਆਂ ਹੋਣ ਤੇਰੇ ਮੁੰਡਾ ਜੰਮਿਆ ਈ।" ਗੁਲਾਬ ਸਿੰਘ ਦਾ ਮਨ ਵੀ ਖ਼ੁਸ਼ੀ ਨਾਲ ਭਰ ਗਿਆ ਪਰ ਉਸ ਨੂੰ ਝਟ ਰੇਸ਼ਮਾਂ ਦਾ ਖ਼ਿਆਲ ਆਇਆ ਤੇ ਉਸ ਦਾਈ ਨੂੰ ਅਵਾਜ਼ ਦਿੱਤੀ। "ਚਾਚੀ ਰੇਸ਼ਮਾ ਦਾ ਕੀ ਹਾਲ ਈ?"

"ਠੀਕ ਏ ਉਹ", ਭੋਲੀ ਨੇ ਬਾਹਰ ਆ ਕੇ ਕਿਹਾ। ਹਰੋ ਵੀ ਦੇਸਾਂ ਨੂੰ ਲੈ ਕੇ ਆ ਗਈ। ਭੋਲੀ ਨੇ ਆਉਂਦਿਆਂ ਕਿਹਾ, "ਵਧਾਈਆਂ ਹੋਣ ਬੜਾ ਸੋਹਣਾ ਬਾਲ ਈ।" ਹਰੋ ਦੀਆਂ ਸੁਣਦਿਆਂ ਵਾਛਾਂ ਖੁਲ੍ਹ ਗਈਆਂ। ਉਹ ਤਾਂ ਪੋਤਰਾ ਇਕ ਪਾਸੇ ਰਿਹਾ ਨੂੰਹ ਦੀਆਂ ਵੀ ਆਸਾਂ ਲਾਹ ਬੈਠੀ ਸੀ। ਝਟ ਅੰਦਰ ਭੱਜੀ ਗਈ ਤੇ ਵੇਖਿਆ ਕਿ ਰੇਸ਼ਮਾ ਦੀ ਹਾਲਤ ਹੁਣ ਠੀਕ ਸੀ। ਮੁੰਡਾ ਬਹੁਤ ਹੀ ਸੋਹਣਾ ਸੀ। ਜ਼ਰਾ ਚਾਨਣ ਵਾਲੇ ਪਾਸੇ ਕਰ ਕੇ ਉਸ ਦੇਖਿਆ ਤੇ ਬੋਲੀ, "ਨਿਰਾ ਪਿਓ 'ਤੇ ਗਿਆ ਏ।" ਸਾਡਾ ਗੁਲਾਬ ਵੀ ਨਿੱਕੇ ਹੁੰਦਿਆਂ ਬਿਲਕੁਲ ਇਸੇ ਤਰ੍ਹਾਂ ਦਾ ਸੀ।" ਉਸ ਵੇਲੇ ਦੇਸਾਂ, ਹਰੋ ਤੇ ਭੋਲੀ ਨੇ ਰਲ ਕੇ ਰੇਸ਼ਮਾ ਨੂੰ ਕੁਝ ਚੀਜ਼ਾਂ ਬਣਾ ਕੇ ਦਿੱਤੀਆਂ ਤੇ ਮੁੰਡੇ ਨੂੰ ਗਰਮ ਕਪੜੇ ਵਿਚ ਲਪੇਟਿਆ।

ਦਲੀਪ ਵੀ ਬਾਹਰੋਂ ਖੇਡਦਾ ਆ ਗਿਆ। ਆਉਂਦਿਆਂ ਉਹਨੂੰ ਦੇਸਾਂ ਨੇ ਕਿਹਾ, "ਵੇਖ ਓਏ ਦਲੀਪ, ਤੁਹਾਡੇ ਘਰ ਇਕ ਹੋਰ ਕਾਕਾ ਆ ਗਿਆ।" ਦਲੀਪ ਕਮਰੇ ਵਿਚ ਲੰਘ ਗਿਆ। ਮਾਂ ਦੇ ਕੋਲ ਇਕ ਕਾਕਾ ਲੇਟਿਆ ਪਿਆ ਵੇਖ ਕੇ ਉਹ ਬੜਾ ਹੈਰਾਨ ਹੋਇਆ। ਉਹ ਕਦੇ ਕਾਕੇ ਵਲ ਤੇ ਕਦੇ ਮਾਂ ਵਲ ਝਾਕਣ ਲੱਗ ਪਿਆ। ਬਾਹਰ ਡਿਉਢੀ ਵਿਚ ਗੁਲਾਬ ਸਿੰਘ ਨੇ ਮੰਜਾ ਡਾਹ ਲਿਆ ਤੇ ਦਲੀਪ ਉਸ ਦੇ ਕੋਲ ਆ ਗਿਆ।

"ਪਿਤਾ ਜੀ, ਇਹ ਕਾਕਾ ਕੌਣ ਦੇ ਗਿਆ ਏ ?" ਦਲੀਪ ਸਿੰਘ ਨੇ ਪੁਛਿਆ।

"ਪੁੱਤਰ ਬਾਬੇ ਨਾਨਕ ਨੇ ਦਿੱਤਾ ਏ।"

"ਬਾਬੇ ਨਾਨਕ ਨੇ ?" ਦਲੀਪ ਨੇ ਹੈਰਾਨ ਹੋ ਕੇ ਫਿਰ ਸਵਾਲ ਕੀਤਾ। ਗੁਲਾਬ ਸਿੰਘ ਨੇ ਸਿਰ ਹਿਲਾ ਕੇ ਫਿਰ ਉਹਦੀ ਪ੍ਰੋੜ੍ਹਤਾ ਕਰ ਦਿੱਤੀ। ਭੋਲੀ ਅੰਦਰੋਂ ਵੇਹਲੀ ਹੋ ਗਈ ਤਾਂ ਉਸ ਵੀ ਡਿਉਢੀ ਵਿਚ ਆ ਕੇ ਦਲੀਪ ਨਾਲ ਮਖ਼ੌਲ ਕਰਨੇ ਸ਼ੁਰੂ ਕਰ ਦਿੱਤੇ। "ਕਾਕਾ ਕਿਥੋਂ ਆਇਆ ਏ ?"

"ਬਾਬੇ ਨਾਨਕ ਦਿੱਤਾ ਏ।"

"ਨਹੀਂ ਜੀ, ਇਹ ਬਾਜ਼ਾਰੋਂ ਲਿਆਂਦਾ ਏ।"

"ਨਹੀਂ ਜੀ, ਬਾਬੇ ਨਾਨਕ ਦਿੱਤਾ ਏ।" ਦਲੀਪ ਨੇ ਸਿਰ ਮਾਰਦਿਆਂ ਤੇ ਦੋਹਾਂ ਨਿੱਕੇ ਨਿੱਕੇ ਹੱਥਾਂ ਨਾਲ ਚੁਟਕੀਆਂ ਮਾਰਦਿਆਂ ਕਿਹਾ।

ਰਾਤ ਕਿਤਨੀ ਦੇਰ ਤੱਕ ਦਲੀਪ ਨਾਲ ਗੁਲਾਬ ਸਿੰਘ ਗੱਲਾਂ ਕਰਦਾ ਰਿਹਾ। ਉਸ ਪਾਸੋਂ ਪਾਠ ਸੁਣਿਆ ਤੇ ਗੁਰੂ ਸਾਹਿਬਾਂ ਦੇ ਜੀਵਨ ਦੀਆਂ ਕਈ ਸਾਖੀਆਂ ਉਹਨੂੰ ਸੁਣਾਈਆਂ। ਸਾਖੀਆਂ ਸੁਣਦਾ ਹੀ ਦਲੀਪ ਸੌਂ ਗਿਆ ਤੇ ਅਖ਼ੀਰ ਗੁਲਾਬ ਸਿੰਘ ਦੀ ਵੀ ਅੱਖ ਲੱਗ ਗਈ।

ਦੂਜੇ ਦਿਨ ਸਵੇਰੇ ਹੀ ਗਲੀ ਮੁਹੱਲੇ ਦੀਆਂ ਜ਼ਨਾਨੀਆਂ ਵਧਾਈ ਦੇਣ ਲਈ ਆਉਣੀਆਂ ਸ਼ੁਰੂ ਹੋ ਗਈਆਂ। ਹਰੋ ਨੇ ਸ਼ਰੀਂਹ ਦੀਆਂ ਟਾਹਣੀਆਂ ਮੰਗਵਾ ਕੇ ਹਾਰ ਪਰੋਇਆ ਤੇ ਬਾਹਰਲੇ ਦਰਵਾਜ਼ੇ 'ਤੇ ਬੰਨ੍ਹ ਦਿੱਤਾ। ਜਿਹੜੀ ਵੀ ਵਧਾਈ ਦੇਣ ਆਉਂਦੀ ਹਰੋ ਉਹਦਾ ਹੱਥ ਜੋੜ ਕੇ ਧੰਨਵਾਦ ਕਰਦੀ। ਉਹਦਾ ਮਨ ਵੀ ਖ਼ੁਸ਼ੀ ਨਾਲ ਭਰਿਆ ਹੋਇਆ ਸੀ।

ਗੁਲਾਬ ਸਿੰਘ ਸਵੇਰੇ ਸਵੇਰੇ ਆਪਣੇ ਖੇਤਾਂ ਵੱਲ ਚੱਕਰ ਮਾਰਨ ਲਈ ਚਲਾ ਗਿਆ। ਆਪਣੇ ਖੇਤਾਂ, ਰੁੱਖਾਂ ਤੇ ਖੂਹ ਵਿਚ ਇਹਨੂੰ ਅਨੋਖੀ ਖਿੱਚ ਦਿਸੀ ਤੇ ਇਹ ਉਥੇ ਹੀ ਬੈਠ ਗਿਆ। ਇਕ ਖਾਲ ਦੇ ਕੰਢੇ ਬੈਠਾ ਗੁਲਾਬ ਸਿੰਘ ਕਿਤਨੀ ਦੇਰ ਹੀ ਮਿੱਟੀ ਹੱਥਾਂ ਵਿਚ ਫੜ ਕੇ ਉਹਨੂੰ ਮਲਦਾ ਰਿਹਾ। ਅਸਲ ਵਿਚ ਉਹ ਅਨੁਮਾਨ ਲਾ ਰਿਹਾ ਸੀ ਕਿ ਜਿਸ ਤੇਜ਼ੀ ਨਾਲ ਸਾਡੀ ਲਹਿਰ ਵੱਧ ਰਹੀ ਹੈ, ਇਸ ਹਿਸਾਬ ਤਾਂ ਛੇਤੀ ਹੀ ਇਨਕਲਾਬ ਆ ਜਾਏਗਾ ਤੇ ਪੰਜਾਬ ਵਿਚ ਸਾਡਾ ਰਾਜ ਕਾਇਮ ਹੋ ਜਾਵੇਗਾ। ਉਸ ਸੋਚਿਆ ਕਿ ਦਿੱਲੀ ਦਾ ਮੁਗ਼ਲ ਰਾਜ ਤਾਂ ਖ਼ਤਮ ਹੀ ਹੋ ਗਿਆ ਸਮਝਣਾ ਚਾਹੀਦਾ ਹੈ। ਨਾਦਰ ਸ਼ਾਹ ਦੇ ਹਮਲੇ ਸਮੇਂ ਮੁਗ਼ਲ ਰਾਜ ਦੀ ਸ਼ਕਤੀ ਲਗਭਗ ਖ਼ਤਮ ਹੀ ਹੋ ਗਈ ਸੀ। ਹੁਣ ਦੁਰਾਨੀ ਦੇ ਹਮਲੇ ਹੋਰ ਕਮਜ਼ੋਰ ਕਰ ਦੇਣਗੇ। ਦੁਰਾਨੀ ਦੇ ਪੈਰ ਵੀ ਨਹੀਂ ਲਗਣੇ ਚਾਹੀਦੇ, ਕਿਉਂਕਿ ਜੇ ਇਹਦੇ ਪੈਰ ਲੱਗ ਗਏ ਤਾਂ ਪੁਟਣੇ ਔਖੇ ਹੋ ਜਾਣਗੇ।

ਗੁਲਾਬ ਸਿੰਘ ਨੇ ਅਨੁਮਾਨ ਲਾਇਆ ਕਿ ਜਿਤਨੀ ਸ਼ਕਤੀ ਹੁਣ ਮਿਸਲਾਂ ਵਿਚ ਹੋ ਗਈ ਹੈ, ਜੇਕਰ ਉਹ ਪੂਰੇ ਠੀਕ ਤਰੀਕੇ ਨਾਲ ਇਕੱਠੀ ਕਰ ਦਿੱਤੀ ਜਾਏ ਤਾਂ ਇਤਨੀ ਤਾਕਤ ਬਣ ਸਕਦੀ ਹੈ ਕਿ ਕੋਈ ਮੁਕਾਬਲਾ ਨਹੀਂ ਕਰ ਸਕੇਗਾ।

ਗੁਲਾਬ ਸਿੰਘ ਹੋਰਾਂ ਦੇ ਡੰਗਰ ਪਿੰਡ ਦਾ ਇਕ ਕੰਮੀ ਪੋਖਰ ਚਾਰਦਾ ਸੀ। ਉਹ ਭੱਜਾ ਭੱਜਾ ਆਇਆ ਤੇ ਉਸ ਦਸਿਆ ਕਿ ਪਿੰਡ ਵਿਚ ਸ਼ਾਹੀ ਫ਼ੌਜ ਦਾ ਬਹੁਤ ਵੱਡਾ ਲਸ਼ਕਰ ਆ ਗਿਆ ਹੈ। ਬਾਹਰਲੇ ਪਾਸੇ ਛੱਪੜ ਦੇ ਨਾਲ ਮੈਦਾਨ ਵਿਚ ਉਹ ਖੜੇ ਹਨ ਤੇ ਉਹਨਾਂ ਪਿੰਡ ਦੇ ਮੁਖੀਏ ਸਾਰੇ ਸੱਦੇ ਹਨ।

"ਉਹਨਾਂ ਨਾਲ ਆਪਣੇ ਇਲਾਕੇ ਦਾ ਫ਼ੌਜਦਾਰ ਵੀ ਏ ?" ਗੁਲਾਬ ਸਿੰਘ ਨੇ ਉਸ ਤੋਂ ਪੁਛਿਆ।

"ਮੈਂ ਉਹਨੂੰ ਤਾਂ ਜਾਣਦਾ ਨਹੀਂ ਤੇ ਨਾ ਹੀ ਮੈਂ ਉਹਨਾਂ ਦੇ ਨੇੜੇ ਗਿਆ ਹਾਂ।" ਪੋਖਰ ਨੇ ਦਸਿਆ।

"ਲੰਮੇ ਸ਼ਮਲੇ ਵਾਲਾ ਕੋਈ ਆਦਮੀ ਸੀ ਜਿਸ ਦੀਆਂ ਲੰਮੀਆਂ ਲੰਮੀਆਂ ਮੁੱਛਾਂ ਕੁੰਡਲਾਂ ਵਾਲੀਆਂ ਨੇ।" ਗੁਲਾਬ ਸਿੰਘ ਨੇ ਉਹਨੂੰ ਫ਼ੌਜਦਾਰ ਦੇ ਸਾਰੇ ਚਿੰਨ੍ਹ ਸਮਝਾਏ ਤਾਂ ਉਸ ਦਸਿਆ, "ਜੀ ਉਹੀ ਤਾਂ ਮੋਹਰੀ ਏ। ਉਸ ਨੇ ਤਾਂ ਸਾਰੇ ਪਿੰਡ ਦੇ ਚੌਧਰੀ ਤੇ ਮੁਖੀ ਸੱਦੇ ਨੇ।"

"ਪਤਾ ਤੇ ਕਰਨਾ ਸੀ ਕਿ ਆਏ ਕਿਧਰ ਨੇ।" ਗੁਲਾਬ ਸਿੰਘ ਨੇ ਕਿਹਾ।

"ਮੈਨੂੰ ਤਾਂ ਮਾਂ ਜੀ ਨੇ ਭਜਾ ਦਿੱਤਾ ਕਿ ਜਾ ਕੇ ਤੁਹਾਨੂੰ ਪਤਾ ਦੇ ਆਵਾਂ ਤਾਕਿ ਕਿਧਰੇ ਅਗੇ ਪਿਛੇ ਹੋ ਜਾਓ। ਹੋ ਸਕਦਾ ਏ ਕਿ ਤੁਹਾਨੂੰ ਹੀ ਫੜਨ ਆਏ ਹੋਣ।" ਪੋਖਰ ਨੇ ਕਿਹਾ।

"ਗੱਲ ਤੇ ਤੇਰੀ ਠੀਕ ਏ।" ਗੁਲਾਬ ਸਿੰਘ ਨੇ ਕਿਹਾ, "ਉਹ ਆਏ ਮੈਨੂੰ ਫੜਨ ਹੀ ਹੋਣਗੇ। ਕਲ੍ਹ ਦਾ ਮੈਂ ਪਿੰਡ ਵਿਚ ਫਿਰਦਾ ਹਾਂ, ਕਿਸੇ ਜਾ ਕੀਤੀ ਹੋਣੀ ਏ ਚੁਗਲੀ।"

"ਕਈਆਂ ਨੂੰ ਉਕਾ ਸ਼ਰਮ ਨਹੀਂ ਆਉਂਦੀ ਚੁਗਲੀ ਕਰਦਿਆਂ, ਪਤਾ ਨਹੀਂ ਉਹਨਾਂ ਨੂੰ ਕੀ ਮਿਲਦਾ ਏ ਇਸ ਤਰ੍ਹਾਂ ਕਰਨ ਵਿਚ।" ਪੋਖਰ ਬੋਲਿਆ।

"ਸਰਕਾਰ ਦੇ ਝੋਲੀ ਚੁੱਕਾਂ ਦੀ ਇਹੋ ਹਾਲਤ ਹੁੰਦੀ ਏ। ਉਹ ਕੰਮ ਕੱਢ ਲੈਂਦੇ ਨੇ ਅਜਿਹੀਆਂ ਕਰਤੂਤਾਂ ਵਿਚੋਂ। ਕੋਈ ਗੱਲ ਨਹੀਂ, ਅਸੀਂ ਵੀ ਫ਼ੈਸਲਾ ਕਰ ਲਿਆ ਏ ਕਿ ਜਿਤਨੇ ਸਰਕਾਰ ਦੇ ਟੋਡੀ ਨੇ, ਉਹਨਾਂ ਸਾਰਿਆਂ ਤੋਂ ਗਿਣ ਗਿਣ ਕੇ ਬਦਲੇ ਲੈਣੇ ਨੇ।" ਗੁਲਾਬ ਸਿੰਘ ਨੇ ਕਿਹਾ, "ਚੰਗਾ ਤੂੰ ਪਿੰਡ ਚੱਲ ਤੇ ਪਤਾ ਕਰ ਕਿ ਕਿਧਰ ਆਏ ਨੇ। ਮੈਂ ਖੇਤਾਂ ਵਿਚ ਹੀ ਰਹਾਂਗਾ, ਆ ਕੇ ਦੱਸੀਂ ਕਿ ਫਿਰ ਕੀ ਹੋਇਆ।"

# ੨

ਗੁਲਾਬ ਸਿੰਘ ਦੀ ਜ਼ਮੀਨ ਪਿੰਡ ਤੋਂ ਕਾਫ਼ੀ ਦੂਰ ਸੀ ਜਿਸ ਕਾਰਨ ਪਿੰਡ ਵਿਚ ਪਈ ਖੱਪ ਦਾ ਉਹਨੂੰ ਪਤਾ ਨਹੀਂ ਸੀ ਲਗਦਾ। ਉਂਝ ਵੀ ਉਹਦੀ ਜ਼ਮੀਨ ਦੇ ਨੇੜੇ ਹੀ ਪਿੰਡ ਵੱਲ ਰੁੱਖਾਂ ਦਾ ਇਕ ਵੱਡਾ ਸਾਰਾ ਝੁੰਡ ਸੀ, ਜਿਸ ਦੇ ਉਹਲੇ ਹੋਣ ਕਾਰਨ ਪਿੰਡ ਨਜ਼ਰ ਵੀ ਨਹੀਂ ਸੀ ਆਉਂਦਾ।

ਪੋਖਰ ਦੇ ਜਾਣ ਪਿਛੋਂ ਕੁਝ ਚਿਰ ਤਾਂ ਗੁਲਾਬ ਸਿੰਘ ਆਪਣੇ ਖੂਹ ਤੋਂ ਕੁਝ ਹਟਵਾਂ ਖੇਤਾਂ ਦੇ ਬੰਨੇ ਰਿਹਾ। ਉਹਨੂੰ ਖ਼ਿਆਲ ਸੀ ਕਿ ਪਿੰਡ ਵਿਚੋਂ ਕੋਈ ਨਾ ਕੋਈ ਤਾਂ ਫ਼ੌਜ ਨੂੰ ਦੱਸ ਹੀ ਦੇਵੇਗਾ ਕਿ ਮੈਂ ਅੱਜ ਏਥੇ ਹੀ ਹਾਂ ਤੇ ਹੋ ਸਕਦਾ ਹੈ ਕਿ ਮੈਨੂੰ ਅੱਜ ਸਵੇਰ ਦਾ ਖੇਤਾਂ ਵਿਚ ਕੰਮ ਕਰਦਿਆਂ ਕਿਸੇ ਵਿਰੋਧੀ ਨੇ ਦੇਖ ਲਿਆ ਹੋਵੇ ਤੇ ਉਹ ਦੱਸ ਦੇਵੇ। ਜਦੋਂ ਚੰਗਾ ਝਟ ਲੰਘਣ 'ਤੇ ਵੀ ਫ਼ੌਜ ਉਧਰ ਆਉਂਦੀ ਨਾ ਦਿੱਸੀ ਤਾਂ ਉਹਨੂੰ ਇਸ ਗੱਲ ਦਾ ਨਿਸਚਾ ਹੋ ਗਿਆ ਕਿ ਫ਼ੌਜ ਹੁਣ ਇਧਰ ਨਹੀਂ ਆਏਗਾ।

ਗੁਲਾਬ ਸਿੰਘ ਆਪਣੇ ਖੂਹ 'ਤੇ ਆ ਗਿਆ ਪਰ ਉਹਦੇ ਮਨ ਦਾ ਤੌਖਲਾ ਵਧਦਾ ਜਾ ਰਿਹਾ ਸੀ। ਉਹ ਆਪ ਹੈਰਾਨ ਸੀ ਕਿ ਫ਼ੌਜ ਅਗੇ ਵੀ ਕਈ ਵਾਰ ਉਹਨੂੰ ਲੱਭਦੀ ਰਹੀ ਹੈ, ਪਰ ਅੱਜ ਉਹਦੇ ਮਨ ਵਿਚ ਬੇਚੈਨੀ ਕਿਉਂ ਵਧੇਰੇ ਹੈ ?

'ਫ਼ੌਜ ਹੁਣ ਚਲੀ ਗਈ ਹੋਵੇਗੀ।' ਉਸ ਆਪਣੇ ਮਨ ਵਿਚ ਹੀ ਸੋਚਿਆ ਪਰ ਪੋਖਰ ਨਹੀਂ ਆਇਆ, ਵਾਹਿਗੁਰੂ ਸੁੱਖ ਕਰੇ ਅੱਜ ਕੋਈ ਭਾਣਾ ਨਾ ਵਰਤ ਗਿਆ ਹੋਵੇ। ਅੱਜ ਮਨ ਵਿਚ ਇਸ ਤਰ੍ਹਾਂ ਖੋਹ ਪੈ ਰਹੀ ਏ ਜਿਵੇਂ ਕਿਸੇ ਮੇਰੇ ਕਲੇਜੇ ਨੂੰ ਹੱਥ ਪਾ ਲਿਆ ਹੋਵੇ। ਉਹਨੂੰ ਘੜੀ ਮੁੜੀ ਪੋਖਰ 'ਤੇ ਗੁੱਸਾ ਆਉਂਦਾ ਕਿ ਉਹ ਕਿਉਂ ਨਹੀਂ ਮੁੜ ਕੇ ਆਇਆ। ਹਾਲਾਂਕਿ ਉਹਨੂੰ ਪੱਕੀ ਕਰਕੇ ਤੋਰਿਆ ਸੀ ਕਿ ਛੇਤੀ ਪਤਾ ਦਈਂ ਕਿ ਫ਼ੌਜ ਕਾਹਦੇ ਲਈ ਆਈ ਏ।

ਹੋ ਸਕਦਾ ਏ ਕਿ ਪੋਖਰ ਵਿਚਾਰਾ ਹੀ ਕਿਸੇ ਮੁਸੀਬਤ ਵਿਚ ਫਸ ਗਿਆ ਹੋਵੇ। ਉਸ ਸੋਚਿਆ ਤੇ ਫਿਰ ਆਪ ਹੀ ਮਨ ਵਿਚ ਕਿਹਾ, "ਇਹ ਸਰਕਾਰੀ ਫ਼ੌਜ ਜਦ ਵੀ ਕਿਸੇ ਪਿੰਡ ਵਿਚ ਜਾਂਦੀ ਏ, ਜ਼ਰੂਰ ਕੋਈ ਨਵਾਂ ਚੰਨ ਚਾੜ੍ਹ ਕੇ ਮੁੜਦੀ ਏ। ਹੋ ਸਕਦਾ ਏ ਅੱਜ ਪਿੰਡ ਵਿਚ ਕੋਈ ਨਵੀਂ ਬਿਪਤਾ ਆ ਪਈ ਹੋਵੇ।" ਗੁਲਾਬ ਸਿੰਘ ਦੇ ਮਨ ਦਾ ਤੌਖਲਾ ਵਧਦਾ ਗਿਆ ਤੇ ਅਖ਼ੀਰ ਉਹ ਮਜਬੂਰ ਹੋ ਕੇ ਪਿੰਡ ਨੂੰ ਤੁਰ ਪਿਆ। ਉੱਠ ਕੇ ਇਕ ਵਾਰ ਰੁਕਿਆ, ਵੀ ਪਰ ਫਿਰ ਪਤਾ ਨਹੀਂ ਕੀ ਸੋਚ ਕੇ ਉਹ ਪਿੰਡ ਨੂੰ ਚੱਲ ਪਿਆ।

ਅਜੇ ਗੁਲਾਬ ਸਿੰਘ ਰੁੱਖਾਂ ਦੇ ਝੁੰਡ ਦੇ ਨੇੜੇ ਪੁੱਜਾ ਹੀ ਸੀ ਕਿ ਸਾਹਮਣੇ ਉਹਨੂੰ

ਪੋਖਰ ਭੱਜਾ ਆਉਂਦਾ ਦਿਸਿਆ। ਉਹਨੂੰ ਦੌੜਦੇ ਆਉਂਦੇ ਵੇਖ ਕੇ ਗੁਲਾਬ ਸਿੰਘ ਦੇ ਮਨ ਦੀ ਧੜਕਣ ਹੋਰ ਤੇਜ਼ ਹੋ ਗਈ। ਉਹਨੂੰ ਖ਼ਿਆਲ ਆਇਆ ਕਿ ਅੱਜ ਸੁੱਖ ਨਹੀਂ। ਜ਼ਰੂਰ ਕੋਈ ਪੁਆੜਾ ਪੈ ਗਿਆ ਏ, ਨਹੀਂ ਤੇ ਪੋਖਰ ਨੂੰ ਭੱਜੇ ਆਉਣ ਦੀ ਲੋੜ ਨਹੀਂ ਸੀ।

ਗੁਲਾਬ ਸਿੰਘ ਉਥੇ ਹੀ ਰੁਕ ਗਿਆ। ਸਾਹੋ ਸਾਹੀ ਹੋਇਆ ਪੋਖਰ ਉਹਦੇ ਕੋਲ ਪੁੱਜਾ। ਉਹਦਾ ਸਾਹ ਨਾਲ ਸਾਹ ਨਹੀਂ ਸੀ ਰਲਦਾ ਤੇ ਚਿਹਰੇ ਦਾ ਰੰਗ ਉਡਿਆ ਹੋਇਆ ਸੀ।

"ਕੀ ਗੱਲ ਏ ?" ਗੁਲਾਬ ਸਿੰਘ ਨੇ ਝਟਪਟ ਸਵਾਲ ਕੀਤਾ।

"ਹਨੇਰ ਹੋ ਗਿਆ!" ਪੋਖਰ ਨੇ ਸਖ਼ਤ ਘਬਰਾਹਟ ਵਿਚ ਕਿਹਾ।

"ਕਿਉਂ ਕੀ ਹੋ ਗਿਆ ?" ਗੁਲਾਬ ਸਿੰਘ ਨੇ ਕਿਹਾ, "ਝਟਪਟ ਦੱਸ ਵੀ ?"

"ਤੁਹਾਡਾ ਸਾਰਾ ਟੱਬਰ ਫੜ ਕੇ ਲੈ ਗਏ ਨੇ।" ਪੋਖਰ ਨੇ ਦਸਿਆ।

"ਹੈਂ, ਸਾਰਾ ਟੱਬਰ ਫੜ ਕੇ ਲੈ ਗਏ ਨੇ ?" ਗੁਲਾਬ ਸਿੰਘ ਨੇ ਹੈਰਾਨੀ ਨਾਲ ਇਸ ਤਰ੍ਹਾਂ ਸਵਾਲ ਕੀਤਾ, ਜਿਸ ਤਰ੍ਹਾਂ ਉਹਨੂੰ ਪੋਖਰ ਦੀ ਗੱਲ 'ਤੇ ਇਤਬਾਰ ਨਾ ਆਇਆ ਹੋਵੇ। ਅਸਲ ਵਿਚ ਅੱਜ ਤਕ ਜਿਤਨੀ ਵਾਰੀ ਫ਼ੌਜਾਂ ਲੋਕਾਂ ਦੇ ਘਰਾਂ ਵਿਚ ਫੜਨ ਲਈ ਛਾਪੇ ਮਾਰਦੀਆਂ ਸਨ ਜ਼ਨਾਨੀਆਂ ਤੇ ਬੱਚਿਆਂ ਨੂੰ ਫੜਨ ਦੀ ਕੋਈ ਘਟਨਾ ਨਹੀਂ ਸੀ ਹੋਈ। ਹੁਣ ਹੀ ਮੀਰ ਮੰਨੂ ਨੇ ਹੁਕਮ ਦਿੱਤਾ ਸੀ ਕਿ ਸਿੱਖਾਂ ਦੇ ਬਾਲ ਬੱਚੇ ਤੇ ਜ਼ਨਾਨੀਆਂ ਵੀ ਗ੍ਰਿਫ਼ਤਾਰ ਕਰ ਲਈਆਂ ਜਾਣ। ਇਸ ਲਈ ਗੁਲਾਬ ਸਿੰਘ ਨੂੰ ਇਹ ਗੱਲ ਕੁਝ ਓਪਰੀ ਜਿਹੀ ਲੱਗੀ, ਪਰ ਜਦ ਪੋਖਰ ਨੇ ਦੂਜੀ ਵਾਰ ਵੀ ਸਿਰ ਮਾਰ ਕੇ ਪਹਿਲੀ ਗੱਲ ਦੀ ਪੁਸ਼ਟੀ ਕਰ ਦਿੱਤੀ ਤਾਂ ਗੁਲਾਬ ਸਿੰਘ ਨੂੰ ਯਕੀਨ ਆ ਗਿਆ। ਇਹ ਤਾਂ ਉਹਨੂੰ ਪਤਾ ਹੀ ਸੀ ਕਿ ਬੇਅਸੂਲੀ ਤੇ ਇਤਨੀ ਨੀਵੀਂ ਜਾ ਚੁਕੀ ਸਰਕਾਰ ਤੋਂ ਸਭ ਕੁਝ ਸੰਭਵ ਹੈ। ਗੁਲਾਬ ਸਿੰਘ ਨੇ ਝਟ ਪੁਛਿਆ, "ਮਾਂ ਜੀ ਵੀ ਤੇ ਰੇਸ਼ਮਾ ਵੀ ?"

"ਜੀ ਆ।"

"ਰੇਸ਼ਮਾ ਤਾਂ ਅਜੇ ਟੁਰ ਵੀ ਨਹੀਂ ਸਕਦੀ।" ਗੁਲਾਬ ਸਿੰਘ ਨੇ ਕਿਹਾ, "ਉਹਨੂੰ ਕਿਵੇਂ ਲੈ ਗਏ ?"

"ਕੁਛ ਨਾ ਪੁਛੋ ਸਰਦਾਰ ਜੀ", ਪੋਖਰ ਨੇ ਕਿਹਾ, "ਉਹਨਾਂ ਜ਼ਾਲਮਾਂ ਨੇ ਧੱਕੇ ਮਾਰ ਕੇ ਗੱਡੇ 'ਤੇ ਚਾੜ੍ਹ ਲਈ।"

"ਦਲੀਪ ਕਿਥੇ ਵੇ ?" ਗੁਲਾਬ ਸਿੰਘ ਨੇ ਫਿਰ ਅਗਲਾ ਸਵਾਲ ਕੀਤਾ। ਗੁੱਸੇ ਤੇ ਜੋਸ਼ ਨਾਲ ਉਹਦੀਆਂ ਅੱਖਾਂ ਲਾਲ ਹੋ ਗਈਆਂ ਤੇ ਅਜੇ ਤੇਜ਼ੀ ਨਾਲ ਉਹਦਾ ਚਿਹਰਾ ਲਾਲ ਹੋ ਰਿਹਾ ਸੀ।

"ਉਹਨੂੰ ਵੀ ਲੈ ਗਏ ਨੇ। ਪਿੰਡ ਵਿਚ ਜਿਹੜੇ ਸਿੱਖਾਂ ਦੇ ਘਰ ਨੇ, ਉਹਨਾਂ ਸਭ ਦੇ ਟੱਬਰ ਵੀ ਲੈ ਗਏ ਹਨ।" ਪੋਖਰ ਨੇ ਕਿਹਾ।

"ਗਏ ਕਿਧਰ ਨੇ?" ਗੁਲਾਬ ਸਿੰਘ ਨੇ ਪੁਛਿਆ।

"ਚੌਧਰੀਆਂ ਦੇ ਖੇਤਾਂ ਵਿਚੋਂ ਜਿਹੜਾ ਰਸਤਾ ਜਾਂਦਾ ਏ ਉਸ ਤੋਂ ਚਲੇ ਗਏ ਨੇ। ਆਏ ਵੀ ਓਸੇ ਪਾਸਿਓਂ ਸਨ।" ਪੋਖਰ ਨੇ ਦਸਿਆ।

"ਫੌਜੀ ਕਿੰਨੇ ਕੁ ਸਨ?" ਗੁਲਾਬ ਸਿੰਘ ਨੇ ਪੁਛਿਆ ਤੇ ਨਾਲ ਹੀ ਆਪਣੇ ਖੂਹ ਵੱਲ ਚੱਲ ਪਿਆ। ਪੋਖਰ ਵੀ ਉਹਦੇ ਨਾਲ ਹੀ ਕਾਹਲੇ ਕਾਹਲੇ ਕਦਮ ਪੁਟਦਾ ਤੁਰ ਪਿਆ।

"ਮੈਂ ਗਿਣੇ ਤਾਂ ਨਹੀਂ ਤੇ ਨਾ ਹੀ ਉਹ ਮੇਰੇ ਹੁੰਦਿਆਂ ਇਕ ਥਾਂ ਜੁੜੇ ਨੇ। ਉਂਝ ਮੇਰਾ ਖ਼ਿਆਲ ਏ ਕਿ ਦੋ ਕੁ ਵੀਹਾਂ ਹੋਣਗੇ।" ਪੋਖਰ ਨੇ ਕਿਹਾ।

"ਕੋਈ ਹਰਜ ਨਹੀਂ, ਫਿਰ ਨਿੱਬੜ ਲੈਂਦੇ ਆਂ ਹੁਣੇ ਹੀ ਉਹਨਾਂ ਨਾਲ।" ਗੁਲਾਬ ਸਿੰਘ ਨੇ ਕਿਹਾ।

ਖੂਹ 'ਤੇ ਗੁਲਾਬ ਸਿੰਘ ਨੇ ਆਪਣਾ ਘੋੜਾ ਇਕ ਰੁੱਖ ਥੱਲੇ ਬੰਨ੍ਹਿਆ ਹੋਇਆ ਸੀ। ਉਸ ਨੂੰ ਖੋਲ੍ਹਿਆ ਤੇ ਉਸ 'ਤੇ ਕਾਠੀ ਪਾ ਦਿੱਤੀ ਫਿਰ ਸਾਰੇ ਸ਼ਸਤਰ ਸਜਾ ਲਏ। ਪੋਖਰ ਨੇ ਗੁਲਾਬ ਸਿੰਘ ਨੂੰ ਪੂਰੀ ਤਰ੍ਹਾਂ ਸ਼ਸਤਰਧਾਰੀ ਪਹਿਲਾਂ ਨਹੀਂ ਸੀ ਦੇਖਿਆ, ਕਿਉਂਕਿ ਆਮ ਕਰਕੇ ਪਿੰਡ ਆ ਕੇ ਕਿਰਪਾਨ ਬਿਨਾ ਬਾਕੀ ਹਥਿਆਰ ਲਾਹ ਦੇਂਦਾ ਸੀ। ਹੁਣ ਉਹ ਸਾਰੇ ਸ਼ਸਤਰ ਖੂਹ ਦੇ ਲਾਗਿਓਂ ਹੀ ਇਕ ਥਾਂ ਤੋਂ ਕੱਢ ਕੇ ਗੁਲਾਬ ਸਿੰਘ ਨੇ ਪਾ ਲਏ। ਇਕ ਪਾਸੇ ਬੰਦੂਕ ਲਟਕਾ ਲਈ ਤੇ ਦੂਜੇ ਪਾਸੇ ਵੱਡੀ ਕਿਰਪਾਨ। ਵੱਡੇ ਵੱਡੇ ਪਰ ਤੇਜ਼ ਚੱਕਰ ਸਿਰ 'ਤੇ ਦਸਤਾਰ ਦੇ ਉੱਤੇ ਟਿਕਾ ਲਏ। ਹੱਥ ਵਿਚ ਬਰਛਾ ਫੜ ਲਿਆ। ਇਕ ਦੋ ਹੋਰ ਹਥਿਆਰ ਗੁਲਾਬ ਸਿੰਘ ਨੇ ਜਦ ਕਮਰਕਸੇ ਵਿਚ ਟੁੰਗੇ ਤਾਂ ਪੋਖਰ ਬੋਲਿਆ, "ਇਹ ਸਾਰੀਆਂ ਚੀਜ਼ਾਂ ਤੁਹਾਡੀਆਂ ਹੀ ਨੇ!"

"ਹੋਰ ਤੇਰਾ ਕੀ ਖ਼ਿਆਲ ਏ?" ਗੁਲਾਬ ਸਿੰਘ ਨੇ ਕਿਹਾ........। "ਲੜਾਈ ਵਿਚ ਪਤਾ ਨਹੀਂ ਕਿਹੜਾ ਹਥਿਆਰ ਕੰਮ ਆਉਂਦਾ ਏ। ਤੈਨੂੰ ਨਹੀਂ ਪਤਾ ਕਿ ਬੰਦੂਕ ਸਦਾ ਕੰਮ ਨਹੀਂ ਦੇਂਦੀ। ਜੇ ਦੁਸ਼ਮਣ ਸਿਰ 'ਤੇ ਆ ਚੜ੍ਹੇ ਤਾਂ ਇਹਦਾ ਮੁੱਲ ਡੰਡੇ ਤੋਂ ਵਧ ਨਹੀਂ। ਫਿਰ ਬਰਛਾ ਜਾਂ ਕਿਰਪਾਨ ਹੀ ਕੰਮ ਦੇਂਦੀ ਏ। ਕਈ ਵਾਰ ਇਹ (ਕਮਰਕਸੇ ਵਾਲੇ ਹਥਿਆਰਾਂ ਵੱਲ ਇਸ਼ਾਰਾ ਕਰਕੇ) ਸਾਰਿਆਂ ਨਾਲੋਂ ਵਧੇਰੇ ਕੰਮ ਆਉਂਦੇ ਨੇ।"

ਗੁਲਾਬ ਸਿੰਘ ਨੇ ਪਲਾਕੀ ਮਾਰੀ ਤੇ ਘੋੜੇ 'ਤੇ ਸਵਾਰ ਹੋ ਗਿਆ। ਵਾਗ ਖਿੱਚੀ ਤੇ ਘੋੜਾ ਇਕਦਮ ਛਾਲ ਮਾਰ ਕੇ ਰਾਹ 'ਤੇ ਆ ਗਿਆ। ਕੁਝ ਕਦਮਾਂ 'ਤੇ ਜਾ ਕੇ ਗੁਲਾਬ ਸਿੰਘ ਨੂੰ ਫਿਰ ਕੁਝ ਸੁਝਿਆ ਤੇ ਘੋੜਾ ਮੋੜ ਲਿਆ। ਪੋਖਰ ਅਜੇ ਤਕ ਹੈਰਾਨ

ਖੜਾ ਗੁਲਾਬ ਸਿੰਘ ਵੱਲ ਹੀ ਦੇਖ ਰਿਹਾ ਸੀ ਕਿ ਪਰਵਾਰ ਦੇ ਫੜੇ ਜਾਣ 'ਤੇ ਵੀ ਗੁਲਾਬ ਸਿੰਘ ਅਜੇ ਚੜ੍ਹਦੀ ਕਲਾ ਵਿਚ ਏ ਤੇ ਇਹਦੇ ਮਨ ਨੂੰ ਉੱਕੀ ਨਿਰਾਸਤਾ ਨਹੀਂ ਹੋਈ।

"ਪੋਖਰ ਗੱਲ ਸੁਣ।" ਗੁਲਾਬ ਸਿੰਘ ਨੇ ਉਹਨੂੰ ਨੇੜੇ ਸੱਦਿਆ ਤੇ ਕਿਹਾ, "ਤੂੰ ਮੇਰੇ ਨਾਲ ਚਲ, ਹੋ ਸਕਦਾ ਏ ਕਿ ਤੇਰੀ ਲੋੜ ਪੈ ਜਾਏ।"

"ਮੈਂ ਕਿਵੇਂ ਜਾ ਸਕਦਾ ਹਾਂ ?" ਪਿਛੋਂ ਡੰਗਰ ਕੌਣ ਸਾਂਭੇਗਾ ?" ਪੋਖਰ ਨੇ ਕਿਹਾ।

"ਜੇ ਅਸੀਂ ਬਚ ਗਏ ਤਾਂ ਡੰਗਰਾਂ ਦੀ ਵੀ ਦੇਖੀ ਜਾਏਗੀ। ਘਰ ਦੇ ਜੀਅ ਵਧੇਰੇ ਕੀਮਤੀ ਨੇ ਕਿ ਡੰਗਰ।" ਗੁਲਾਬ ਸਿੰਘ ਨੇ ਕਿਹਾ, "ਹੁਣ ਵਕਤ ਨਾ ਗੁਆ ਉਹ ਬਹੁਤ ਦੂਰ ਲੰਘ ਗਏ ਹੋਣਗੇ ਫਿਰ ਲੱਭਣਾ ਔਖਾ ਹੋ ਜਾਏਗਾ।"

ਪੋਖਰ ਦਾ ਇਕ ਪਾਸੇ ਤਾਂ ਜਾਣ ਨੂੰ ਜੀਅ ਵੀ ਕਰਦਾ ਸੀ ਪਰ ਦੂਜੇ ਪਾਸੇ ਉਹਨੂੰ ਇਸ ਗੱਲੋਂ ਡਰ ਵੀ ਲਗਦਾ ਸੀ ਕਿ ਉਧਰ ਮੁਕਾਬਲੇ 'ਤੇ ਫ਼ੌਜ ਏ ਤੇ ਇਧਰ ਗੁਲਾਬ ਸਿੰਘ ਇਕੱਲਾ। ਕਿਧਰੇ ਤਮਾਸ਼ਾ ਦੇਖਦਿਆਂ ਦੇਖਦਿਆਂ ਕਚੂੰਬਰ ਨਾ ਨਿਕਲ ਜਾਏ। ਉਸ ਕਿਹਾ, "ਫਿਰ ਇੰਜ ਕਰੋ ਕਿ ਪਿੰਡ ਵਲੋਂ ਹੋ ਕੇ ਜਾਈਏ ਤੇ ਕਿਸੇ ਨੂੰ ਡੰਗਰਾਂ ਦੀ ਸੌਂਪਣੀ ਕਰ ਚਲੀਏ।"

"ਚੱਲ ਇਸੇ ਤਰ੍ਹਾਂ ਸਹੀ।" ਗੁਲਾਬ ਸਿੰਘ ਨੇ ਕਿਹਾ ਤੇ ਪੋਖਰ ਨੂੰ ਆਪਣੇ ਘੋੜੇ ਦੇ ਪਿਛੇ ਬਿਠਾ ਲਿਆ। ਜਦ ਰੁੱਖਾਂ ਦਾ ਝੁੰਡ ਟੱਪ ਕੇ ਪਿੰਡ ਦੇ ਨੇੜੇ ਗਏ ਤਾਂ ਅਗੋਂ ਪਿੰਡ ਦਾ ਇਕ ਗੱਭਰੂ ਨੰਦੂ ਮਿਲ ਗਿਆ। ਉਸ ਨੂੰ ਹੀ ਗੁਲਾਬ ਸਿੰਘ ਨੇ ਕਿਹਾ, "ਬਈ ਨੰਦੂ ਅਸੀਂ ਚਲੇ ਹਾਂ ਤੇ ਪਿਛੇ ਮੇਰੇ ਡੰਗਰਾਂ ਦਾ ਧਿਆਨ ਰਖੀਂ। ਤੈਨੂੰ ਪਤਾ ਈ ਏ ਕਿ ਸਾਡਾ ਸਾਰਾ ਟੱਬਰ ਫੜ ਕੇ ਫ਼ੌਜ ਲੈ ਗਈ ਏ ਤੇ ਮੈਂ ਚਲਿਆ ਹਾਂ। ਪੋਖਰ ਨੂੰ ਮੈਂ ਨਾਲ ਲਿਜਾਣਾ ਚਾਹੁੰਦਾ ਹਾਂ ਇਸ ਲਈ ਡੰਗਰ ਹੁਣ ਤੇਰੇ ਹਵਾਲੇ ਨੇ।"

"ਫਿਕਰ ਨਾ ਕਰੋ ਮੈਂ ਹੁਣੇ ਜਾ ਕੇ ਆਪਣੇ ਘਰ ਲੈ ਜਾਂਦਾ ਹਾਂ। ਤੁਸੀਂ ਛੇਤੀ ਛੇਤੀ ਜਾਓ ਉਹ ਕਿਧਰੇ ਦੂਰ ਨਾ ਨਿਕਲ ਜਾਣ।" ਨੰਦੂ ਨੇ ਬੜੀ ਹਮਦਰਦੀ ਪ੍ਰਗਟ ਕਰਦਿਆਂ ਕਿਹਾ।

ਗੁਲਾਬ ਸਿੰਘ ਨੇ ਘੋੜੇ ਨੂੰ ਅੱਡੀ ਲਾਈ ਤੇ ਘੋੜਾ ਹਵਾ ਨਾਲ ਗੱਲਾਂ ਕਰਦਾ ਭੱਜ ਪਿਆ। ਕੁਝ ਚਿਰ ਤਾਂ ਪੋਖਰ ਘੋੜੇ ਉਤੇ ਸਵਾਰ ਪਿਛੇ ਬੈਠਾ ਚੁਪ ਰਿਹਾ ਪਰ ਅਖ਼ੀਰ ਉਸ ਤੋਂ ਰਿਹਾ ਨਾ ਗਿਆ ਤੇ ਉਸ ਪੁਛਿਆ, "ਤੁਸੀਂ ਹੁਣ ਇਕੱਲੇ ਹੀ ਫ਼ੌਜ ਨਾਲ ਲੜਾਈ ਕਰੋਗੇ ?"

'ਕਿਉਂ ਤੂੰ ਮੇਰੇ ਨਾਲ ਜੁ ਏਂ।" ਗੁਲਾਬ ਸਿੰਘ ਨੇ ਝੱਟ ਉੱਤਰ ਦਿੱਤਾ।

"ਮੈਂ ਲੜਨ ਜੋਗਾ ਕਿਥੋਂ ਹੋਇਆ ?" ਪੋਖਰ ਨੇ ਕਿਹਾ, "ਜੇ ਮੇਰੇ ਆਸਰੇ ਲੜਾਈ

ਕਰਨੀ ਜੇ ਤਾਂ ਜਿੱਤ ਦੀ ਆਸ ਨਾ ਰੱਖੋ।"

"ਤੂੰ ਆਪਣੇ ਆਪ ਨੂੰ ਕਮਜ਼ੋਰ ਕਿਉਂ ਸਮਝਦਾ ਏਂ ?" ਤਕੜਾ ਹੋ, ਹਿੰਮਤ ਕਰ ਅਸੀਂ ਦੋਵੇਂ ਮੁਕਾਬਲਾ ਕਰਾਂਗੇ।" ਗੁਲਾਬ ਸਿੰਘ ਨੇ ਉਹਨੂੰ ਹੌਸਲਾ ਦਿੱਤਾ।

"ਨਹੀਂ ਜੀ, ਹੋਰ ਬੰਦੇ ਨਾਲ ਲੈਣੇ ਚਾਹੀਦੇ ਹਨ। ਐਵੇਂ ਸ਼ੇਖੀ ਵਿਚ ਤੁਰੇ ਨਾ ਜਾਈਏ। ਟੱਬਰ ਨੂੰ ਛੁਡਾਂਦੇ ਕਿਧਰੇ ਆਪ ਹੀ ਨਾ ਫਸ ਜਾਈਏ।" ਪੋਖਰ ਨੇ ਕਿਹਾ।

"ਵੇਖ ਤਾਂ ਸਹੀ ਹੁਣੇ ਖਾਲਸੇ ਦੀਆਂ ਫ਼ੌਜਾਂ ਮਿਲ ਪੈਣਗੀਆਂ।" ਗੁਲਾਬ ਸਿੰਘ ਨੇ ਕਿਹਾ। ਘੋੜਿਆਂ ਦੇ ਪੈਰਾਂ ਦੇ ਨਿਸ਼ਾਨਾਂ 'ਤੇ ਗੁਲਾਬ ਸਿੰਘ ਘੋੜਾ ਲਈ ਗਿਆ। ਉਹਦਾ ਖ਼ਿਆਲ ਸੀ ਕਿ ਫ਼ੌਜੀਆਂ ਨੇ ਗੱਡੇ 'ਤੇ ਜ਼ਨਾਨੀਆਂ ਖੜੀਆਂ ਹਨ, ਇਸ ਲਈ ਬਹੁਤੀ ਦੂਰ ਨਹੀਂ ਜਾ ਸਕਦੇ। ਧਿਆਨ ਉਹਦਾ ਅੱਗੇ ਵੱਲ ਸੀ ਤਾਂਕਿ ਕਿਧਰੇ ਇਕ ਦਮ ਸਿਧੇ ਨਾ ਟੱਕਰ ਜਾਣ।

ਕੁਝ ਦੂਰ ਜਾ ਕੇ ਇਕ ਚੁਰਾਹੇ ਵਿਚ ਗੁਲਾਬ ਸਿੰਘ ਨੇ ਘੋੜਾ ਰੋਕ ਲਿਆ। ਪੋਖਰ ਨੇ ਗੁਲਾਬ ਸਿੰਘ ਦੇ ਖੱਬੇ ਪਾਸਿਓਂ ਧੌਣ ਅੱਗੇ ਕਰਕੇ ਅਗਲੇ ਪਾਸੇ ਝਾਤ ਮਾਰੀ ਕਿਉਂਕਿ ਉਹਦਾ ਖ਼ਿਆਲ ਸੀ ਕਿ ਸ਼ਾਇਦ ਸਰਕਾਰੀ ਫ਼ੌਜਾਂ ਨਜ਼ਰ ਆ ਗਈਆਂ ਹਨ ਜਿਸ ਕਰਕੇ ਰੁਕ ਗਏ ਹਨ। ਦੋ ਕੁ ਮਿੰਟ ਜਦ ਗੁਲਾਬ ਸਿੰਘ ਨੇ ਘੋੜਾ ਅੱਗੇ ਨਾ ਤੋਰਿਆ ਤਾਂ ਪੋਖਰ ਨੇ ਪੁਛਿਆ, "ਕਿਉਂ ਸਰਦਾਰ ਜੀ, ਕੀ ਗੱਲ ਏ; ਘੋੜਾ ਕਿਉਂ ਖੜਾ ਕਰ ਲਿਆ ਜੇ ?"

"ਇਥੇ ਘੋੜਿਆਂ ਦੇ ਪੈਰਾਂ ਦੇ ਨਿਸ਼ਾਨ ਕਈ ਪਾਸੇ ਨੂੰ ਖਿਲਰ ਜਾਂਦੇ ਨੇ। ਮੈਂ ਸੋਚ ਰਿਹਾ ਹਾਂ ਕਿ ਫ਼ੌਜੀ ਕਿਧਰ ਨੂੰ ਚਲੇ ਗਏ ਹੋਣਗੇ।" ਗੁਲਾਬ ਸਿੰਘ ਨੇ ਦਸਿਆ।

"ਜਿਧਰ ਬਹੁਤੇ ਘੋੜਿਆਂ ਦੇ ਜਾਣ ਦਾ ਅਨੁਮਾਨ ਲਗਦਾ ਜੇ, ਉਧਰ ਨੂੰ ਚਲ ਪਉ।" ਪੋਖਰ ਨੇ ਆਪਣੇ ਵੱਲੋਂ ਬੜਾ ਸੋਹਣਾ ਹੱਲ ਦਸਿਆ ਪਰ ਗੁਲਾਬ ਸਿੰਘ ਦੇ ਮਨ ਨੂੰ ਇਹ ਗੱਲ ਨਾ ਜਚੀ। ਉਸ ਕਿਹਾ, "ਜਦ ਕਈ ਘੋੜੇ ਲੰਘ ਜਾਣ ਤਾਂ ਪਤਾ ਨਹੀਂ ਲਗ ਸਕਦਾ, ਕਿ ਬਹੁਤ ਕਿਧਰ ਗਏ ਹਨ ਤੇ ਥੋੜ੍ਹੇ ਕਿਧਰ।"

"ਸਰਦਾਰ ਜੀ ਫਿਰ ਗੱਡੇ ਦੇ ਪਹੀਆਂ ਦੇ ਨਿਸ਼ਾਨ ਦੇਖੋ, ਉਸ ਤੋਂ ਹੀ ਪਤਾ ਲਗ ਸਕੇਗਾ", ਪੋਖਰ ਨੇ ਸੁਝਾਓ ਦਿੱਤਾ।

"ਗੱਲ ਤਾਂ ਤੇਰੀ ਠੀਕ ਏ ਪਰ ਗੱਡੇ ਦੇ ਪਹੀਆਂ ਦੇ ਨਿਸ਼ਾਨ ਏਥੇ ਮਿਟ ਗਏ ਹਨ। ਇਉਂ ਜਾਪਦਾ ਏ ਕਿ ਗੱਡਾ ਅੱਗੇ ਜਾ ਰਿਹਾ ਏ ਤੇ ਘੋੜਿਆਂ ਵਾਲੇ ਪਿਛੇ ਹਨ ਜਿਸ ਕਰਕੇ ਗੱਡੇ ਦੇ ਨਿਸ਼ਾਨ ਮਿਟ ਗਏ ਹਨ।"

ਇਕ ਆਦਮੀ ਦੂਰ ਸਾਰੇ ਖੇਤਾਂ ਵਿਚੋਂ ਇਧਰ ਆਉਂਦਾ ਦਿਸਿਆ। ਉਸ ਦੀ ਉਡੀਕ ਲਈ ਗੁਲਾਬ ਸਿੰਘ ਠਹਿਰ ਗਿਆ। ਪੰਜ ਮਿੰਟਾਂ ਵਿਚ ਉਹ ਆਦਮੀ ਇਹਨਾਂ

ਦੇ ਨੇੜੇ ਆ ਗਿਆ, ਪਰ ਗੁਲਾਬ ਸਿੰਘ ਨੂੰ ਇਹ ਪੰਜ ਮਿੰਟ ਵੀ ਪੰਜ ਘੰਟਿਆਂ ਵਰਗੇ ਲਗੇ। ਉਹਦੇ ਮਨ ਵਿਚ ਛੇਤੀ ਪਹੁੰਚ ਕੇ ਆਪਣਾ ਪਰਵਾਰ ਛੁਡਾਉਣ ਦੀ ਕਾਹਲੀ ਸੀ। ਆਦਮੀ ਦੇ ਨੇੜੇ ਆਉਂਦਿਆਂ ਹੀ ਗੁਲਾਬ ਸਿੰਘ ਨੇ ਉਸ ਤੋਂ ਪੁਛਿਆ, "ਏਧਰ ਸ਼ਾਹੀ ਫ਼ੌਜਾਂ ਆਈਆਂ ਸਨ ਕਿਸ ਪਾਸੇ ਨੂੰ ਗਈਆਂ ਨੇ ?"

"ਸ਼ਾਹੀ ਫ਼ੌਜਾਂ ਤਾਂ ਮੈਂ ਦੇਖੀਆਂ ਨਹੀਂ ਕਿਉਂਕਿ ਝਟ ਪਹਿਲਾਂ ਹੀ ਆਇਆ ਸਾਂ ਪਰ ਸਿੱਖਾਂ ਨੂੰ ਏਧਰ ਜਾਂਦਿਆਂ ਦੇਖਿਆ ਏ।" ਉਸ ਨੇ ਆਪਣੇ ਖੱਬੇ ਪਾਸੇ ਵੱਲ ਇਸ਼ਾਰਾ ਕਰਦਿਆਂ ਕਿਹਾ।

"ਕਿੰਨੇ ਕੁ ਸਨ ?" ਗੁਲਾਬ ਸਿੰਘ ਨੇ ਪੁਛਿਆ।

"ਮੈਂ ਗਿਣਤੀ ਨਹੀਂ ਕੀਤੀ, ਦਰਜਨ ਕੁ ਹੋਣਗੇ।"

"ਕਿੰਨੀ ਕੁ ਦੇਰ ਹੋਈ ਏ ਉਹਨਾਂ ਨੂੰ ਲੰਘਿਆਂ ?"

"ਅਜੇ ਹੁਣੇ ਤਾਂ ਗਏ ਨੇ।" ਉਸ ਕਿਹਾ।

ਸਰਦਾਰ ਗੁਲਾਬ ਸਿੰਘ ਨੇ ਘੋੜੇ ਦੀ ਵਾਗ ਖਿਚੀ ਤੇ ਉਹਨੂੰ ਅੱਡੀ ਲਾ ਕੇ ਭਜਾ ਲਿਆ। ਘੋੜਾ ਹਵਾ ਨਾਲ ਗੱਲਾਂ ਕਰਦਾ ਝਟ ਉਥੋਂ ਦੂਰ ਨਿਕਲ ਗਿਆ। ਅਗੋਂ ਦੂਰੋਂ ਗੁਲਾਬ ਸਿੰਘ ਨੂੰ ਧੂੜ ਉੱਡਦੀ ਦਿੱਸੀ। ਇਹ ਸੜਕ ਤੋਂ ਹਟ ਕੇ ਇਕ ਪਾਸੇ ਹੋ ਗਿਆ। ਬੜਾ ਯਤਨ ਕੀਤਾ ਕਿ ਧੂੜ ਵਿਚ ਆਉਂਦੇ ਘੋੜ ਸਵਾਰ ਪਛਾਣੇ ਜਾਣ, ਪਰ ਪਛਾਣ ਨਾ ਹੋ ਸਕੇ।

"ਉਹ ਸਿਖ ਆ ਰਹੇ ਹੋਣਗੇ", ਪੋਖਰ ਨੇ ਕਿਹਾ।

"ਪਰ ਉਹ ਆਦਮੀ ਤਾਂ ਕਹਿੰਦਾ ਸੀ ਕਿ ਇਧਰ ਨੂੰ ਗਏ ਨੇ ਤੇ ਇਹ ਆ ਰਹੇ ਹਨ। ਕਿਧਰੇ ਹੋਰ ਹੀ ਨਾ ਹੋਣ।" ਗੁਲਾਬ ਸਿੰਘ ਨੇ ਕਿਹਾ।

ਇਹ ਅਜੇ ਅਨੁਮਾਨ ਹੀ ਲਾ ਰਹੇ ਸਨ ਕਿ ਘੋੜ ਸਵਾਰ ਹੁਣ ਬਹੁਤ ਨੇੜੇ ਆ ਗਏ। ਇਹਨਾਂ ਨੇ ਭੀ ਪਛਾਣ ਲਿਆ ਕਿ ਇਹ ਸਿਖ ਨਹੀਂ, ਸਗੋਂ ਇਲਾਕੇ ਦੇ ਫ਼ੌਜਦਾਰ ਦੇ ਫ਼ੌਜੀ ਹਨ। ਗੁਲਾਬ ਸਿੰਘ ਨੇ ਘੋੜੇ ਨੂੰ ਅੱਡੀ ਦਿੱਤੀ ਤੇ ਪਿੱਛੇ ਨੂੰ ਭਜਾ ਲਿਆ।

"ਜਾਏ ਨਾ ਹੁਣ ਇਹ ਸਿਖ ਬਚ ਕੇ।" ਘੋੜਿਆਂ 'ਤੇ ਆ ਰਹੇ ਫ਼ੌਜੀਆਂ ਵਿਚੋਂ ਇਕ ਨੇ ਉੱਚੀ ਲਲਕਾਰਾ ਮਾਰ ਕੇ ਕਿਹਾ। ਗੁਲਾਬ ਸਿੰਘ ਦਾ ਘੋੜਾ ਇਤਨਾ ਜ਼ੋਰ ਨਾਲ ਭਜਿਆ ਕਿ ਉਹ ਫ਼ੌਜੀਆਂ ਤੋਂ ਕਾਫ਼ੀ ਅਗੇ ਲੰਘ ਗਿਆ।

ਗੁਲਾਬ ਸਿੰਘ ਨੇ ਘੋੜਾ ਖੜਾ ਕਰ ਲਿਆ। ਝਟ ਆਪਣੀ ਬੰਦੂਕ ਨੂੰ ਸਿੱਧਾ ਕੀਤਾ ਤੇ ਉਸ ਵਿਚ ਗੋਲੀ ਭਰ ਲਈ। ਜਦ ਫ਼ੌਜੀ ਇਹਨੂੰ ਆਪਣੀ ਮਾਰ ਵਿਚ ਪਹੁੰਚਦੇ ਦਿਸੇ ਤਾਂ ਇਸ ਨਿਸ਼ਾਨਾ ਬੰਨ੍ਹ ਕੇ ਗੋਲੀ ਚਲਾ ਦਿੱਤੀ। ਸਭ ਤੋਂ ਅਗੇ ਆ ਰਹੇ ਫ਼ੌਜੀ ਨੂੰ ਪਹਿਲੀ ਗੋਲੀ ਨਾਲ ਹੀ ਲੈ ਲਿਆ ਤੇ ਉਹ ਘੋੜੇ ਤੋਂ ਡਿਗ ਪਿਆ।

ਇਹਨਾਂ ਫੌਜੀਆਂ ਪਾਸ ਬੰਦੂਕਾਂ ਨਹੀਂ ਸੀ। ਇਹ ਐਵੇਂ ਕਿਧਰੇ ਚਕਰ ਲਾ ਕੇ ਆ ਰਹੇ ਸਨ ਤੇ ਇਹਨਾਂ ਪਾਸ ਕੇਵਲ ਇਕ ਦੋ ਬਰਛੇ ਹੀ ਸਨ, ਪਰ ਇਹਨਾਂ ਨੂੰ ਖ਼ਿਆਲ ਸੀ ਕਿ ਇਕ ਸਿਖ ਪਾਸ ਬੰਦੂਕ ਕਿਥੋਂ ਹੋਣੀ ਏਂ। ਇਹਨੂੰ ਤਾਂ ਅਸੀਂ ਉਂਞ ਹੀ ਡਰਾ ਕੇ ਫੜ ਲਵਾਂਗੇ।

ਜਦ ਗੁਲਾਬ ਸਿੰਘ ਨੇ ਇਕ ਆਦਮੀ ਨੂੰ ਮਾਰ ਦਿਤਾ ਤਾਂ ਉਹ ਪਿਛੇ ਨੂੰ ਭਜ ਪਏ। ਬੰਦੂਕ ਵਾਲੇ ਸਾਹਮਣੇ ਇਹ ਕਿਵੇਂ ਠਹਿਰ ਸਕਦੇ ਸਨ। ਗੁਲਾਬ ਸਿੰਘ ਨੇ ਉਹਨਾਂ ਦੇ ਪਿਛੇ ਭੱਜਣ ਨਾਲੋਂ ਪਹਿਲਾ ਕੰਮ ਇਹ ਕੀਤਾ ਕਿ ਜਿਹੜਾ ਫੌਜੀ ਘੋੜੇ ਤੋਂ ਡਿੱਗਾ ਸੀ ਉਹਦਾ ਘੋੜਾ ਦੌੜ ਕੇ ਖੇਤਾਂ ਵਿਚ ਫਸਲਾਂ ਨੂੰ ਜਾ ਪਿਆ ਸੀ। ਉਹਨੂੰ ਫੜਿਆ ਤੇ ਪੋਖਰ ਨੂੰ ਉਸ ਘੋੜੇ 'ਤੇ ਸਵਾਰ ਕਰ ਦਿੱਤਾ।

ਜਦ ਫੌਜੀਆਂ ਨੇ ਲਲਕਾਰਿਆ ਸੀ ਤਾਂ ਉਸ ਵੇਲੇ ਪੋਖਰ ਦਾ ਮਨ ਜ਼ੋਰ ਜ਼ੋਰ ਨਾਲ ਧੜਕਣ ਲਗ ਪਿਆ ਸੀ ਪਰ ਹੁਣ ਪਹਿਲੀ ਜਿੱਤ ਨਾਲ ਉਹਦਾ ਹੌਂਸਲਾ ਵਧ ਗਿਆ। ਉਹਨੂੰ ਗੁਲਾਬ ਸਿੰਘ ਦੀ ਗੱਲ ਸੱਚੀ ਜਾਪਣ ਲਗ ਪਈ ਕਿ ਸਿੰਘ ਇਕੱਲਾ ਹੀ ਫ਼ੌਜ ਦਾ ਟਾਕਰਾ ਕਰ ਸਕਦਾ ਹੈ।

ਗੁਲਾਬ ਸਿੰਘ ਨੇ ਹੁਣ ਫਿਰ ਅਗੇ ਨੂੰ ਘੋੜਾ ਤੋਰ ਲਿਆ। ਥੋੜ੍ਹੀ ਦੂਰ ਜਾ ਕੇ ਉਹਨੂੰ ਇਕ ਸਿੰਘ ਪੈਦਲ ਹੀ ਖੇਤਾਂ ਵਿਚ ਲੰਘਦਾ ਮਿਲ ਗਿਆ। ਉਸ ਨੇ ਘੋੜੇ 'ਤੇ ਇਕ ਸਿੰਘ ਨੂੰ ਜਾਂਦਿਆਂ ਦੇਖ ਕੇ 'ਵਾਜ ਮਾਰ ਲਈ। ਗੁਲਾਬ ਸਿੰਘ ਨੇ ਘੋੜਾ ਖੜਾ ਕਰ ਲਿਆ ਤੇ ਉਹ ਸਿੰਘ ਨੇੜੇ ਆ ਗਿਆ।

ਫ਼ਤਹਿ ਬੁਲਾ ਕੇ ਉਸ ਸਿੰਘ ਨੇ ਪੁਛਿਆ, "ਤੁਸੀਂ ਕਿਧਰ ਜਾ ਰਹੇ ਹੋ ?"

"ਇਹ ਕੌਣ ਜੇ ?" ਪੋਖਰ ਵਲ ਦੇਖ ਕੇ ਉਸ ਸਿੰਘ ਨੇ ਪੁਛਿਆ।

"ਆਪਣਾ ਆਦਮੀ ਈ ਏ। ਕੋਈ ਹਰਜ ਨਹੀਂ, ਤੁਸੀ ਬੇਸ਼ਕ ਖੁਲ੍ਹ ਕੇ ਗੱਲ ਕਰੋ।" ਗੁਲਾਬ ਸਿੰਘ ਨੇ ਕਿਹਾ।

"ਸਾਹਮਣੇ ਦਿੱਸ ਰਹੇ ਝੁੰਡ ਵਿਚ ਠਹਿਰੇ ਹੋਏ ਨੇ।" ਸਿੰਘ ਨੇ ਦਸਿਆ।

"ਤੁਸੀਂ ਕਿਧਰ ਜਾ ਰਹੇ ਹੋ ?" ਗੁਲਾਬ ਸਿੰਘ ਨੇ ਉਸ ਤੋਂ ਪੁਛਿਆ।

"ਇਹ ਪੁਛ ਕੇ ਕੀ ਕਰਨਾ ਏਂ ਤੁਸੀਂ ?" ਸਿੰਘ ਨੇ ਉੱਤਰ ਦਿੱਤਾ। ਗੁਲਾਬ ਸਿੰਘ ਸਮਝ ਗਿਆ ਕਿ ਕਿਸੇ ਖ਼ਾਸ ਕੰਮ ਜਾ ਰਿਹਾ ਹੈ।

"ਚੰਗਾ ਫਿਰ ਅਸੀਂ ਚਲਦੇ ਹਾਂ।" ਗੁਲਾਬ ਸਿੰਘ ਨੇ ਕਿਹਾ। ਫ਼ਤਹਿ ਬੁਲਾ ਕੇ ਸਿੰਘ ਵੀ ਟੁਰ ਗਿਆ।

ਗੁਲਾਬ ਸਿੰਘ ਘੋੜਾ ਭਜਾਂਦਾ ਉਸ ਝੁੰਡ ਵਿਚ ਪਹੁੰਚ ਗਿਆ। ਸਿੰਘਾਂ ਨੇ ਉਸ ਪਾਸੇ ਘੋੜ ਸਵਾਰ ਆਉਂਦੇ ਵੇਖ ਕੇ ਪਹਿਲਾਂ ਇਹੀ ਅਨੁਮਾਨ ਲਾਇਆ ਕਿ ਫ਼ੌਜ ਆ

ਰਹੀ ਹੈ, ਪਰ ਛੇਤੀ ਹੀ ਸਰਦਾਰ ਗੁਲਾਬ ਸਿੰਘ ਦਾ ਸ਼ਸਤਰਧਾਰੀ ਸਰੂਪ ਨਜ਼ਰੀਂ ਆ ਗਿਆ।

ਗੁਲਾਬ ਸਿੰਘ ਦੇ ਅਪੜਦਿਆਂ ਹੀ ਸਾਰੇ ਸਿੰਘ ਇਕੱਠੇ ਹੋ ਗਏ ਤੇ ਕਿਸੇ ਨਵੀਂ ਖ਼ਬਰ ਸੁਣਨ ਦੀ ਉਤਸੁਕਤਾ ਨਾਲ ਉਸ ਵਲ ਦੇਖਣ ਲਗ ਪਏ। ਗੁਲਾਬ ਸਿੰਘ ਨੇ ਘੋੜੇ ਤੋਂ ਉਤਰਦਿਆਂ ਕਿਹਾ, "ਮੇਰਾ ਨਾਮ ਗੁਲਾਬ ਸਿੰਘ ਏ ਤੇ ਮੈਂ ਸਰਦਾਰ ਸੁਜਾਨ ਸਿੰਘ ਜਥੇਦਾਰ ਦੇ ਨਾਲ ਦਾ ਹਾਂ।" ਉਸ ਸਮੇਂ ਸਿੰਘਾਂ ਦੇ ਜਥੇ ਜਥੇਦਾਰਾਂ ਦੇ ਨਾਵਾਂ ਨਾਲ ਪ੍ਰਸਿੱਧ ਸਨ ਤੇ ਜਦ ਕਿਧਰੇ ਇਕ ਸਿੰਘ ਦੂਜੇ ਜਥੇ ਦੇ ਸਿੰਘਾਂ ਨੂੰ ਮਿਲਦਾ ਤਾਂ ਆਪਣੇ ਜਥੇਦਾਰ ਦਾ ਨਾਮ ਦੱਸ ਕੇ ਪਛਾਣ ਕਰਾਉਂਦਾ। ਕਿਧਰੇ ਮਿਸਲਾਂ ਦੇ ਨਾਮ ਨਾਲ ਵੀ ਜਥਿਆਂ ਦੇ ਨਾਮ ਪੈ ਗਏ ਸਨ, ਪਰ ਇਹ ਅਜੇ ਪ੍ਰਚਲਤ ਨਹੀਂ ਸੀ ਹੋਏ।

"ਤੁਸੀਂ ਕਿਸ ਤਰ੍ਹਾਂ ਆਏ ਹੋ ?" ਇਕ ਸਿੰਘ ਨੇ ਪੁਛਿਆ।

"ਅੱਜ ਸਵੇਰੇ ਹੀ ਸਾਡੇ ਪਿੰਡ ਫ਼ੌਜ ਨੇ ਹਮਲਾ ਕੀਤਾ ਸੀ, ਪਰ ਕੋਈ ਸਿੰਘ ਉਹਨਾਂ ਨੂੰ ਪਿੰਡ ਨਹੀਂ ਲੱਭਾ। ਹੁਣ ਉਹਨਾਂ ਨਵਾਂ ਤਰੀਕਾ ਫੜ ਲਿਆ ਏ ਤੇ ਟੱਬਰਾਂ ਨੂੰ ਫੜ ਕੇ ਲਿਜਾ ਰਹੇ ਨੇ। ਮੇਰੇ ਘਰ ਵਿਚ ਅਜੇ ਕਲ੍ਹ ਬੱਚਾ ਹੋਇਆ ਏ; ਪਰ ਉਹ ਮੇਰੀ ਸਿੰਘਣੀ, ਮਾਂ ਤੇ ਬੱਚਿਆਂ ਨੂੰ ਫੜ ਕੇ ਲੈ ਗਏ।" ਗੁਲਾਬ ਸਿੰਘ ਨੇ ਇਸ ਤਰ੍ਹਾਂ ਸਾਰੀ ਗੱਲ ਦੱਸੀ।

"ਬੜੀ ਮਾੜੀ ਗੱਲ ਹੋਈ। ਇਹਦਾ ਮਤਲਬ ਇਹ ਹੈ ਕਿ ਮੰਨੂ ਦਾ ਜ਼ੁਲਮ ਆਪਣੇ ਸਿਖਰ 'ਤੇ ਆ ਗਿਆ ਏ। ਉਹਨੇ ਸਾਡੇ ਪਰਵਾਰਾਂ 'ਤੇ ਵੀ ਹੱਥ ਉਠਾਣਾ ਸ਼ੁਰੂ ਕਰ ਦਿੱਤਾ ਏ। ਅੱਛਾ ਦਸੋ, ਹੁਣ ਫ਼ੌਜ ਗਈ ਕਿਹੜੇ ਪਾਸੇ ਹੈ ?" ਸਿੰਘਾਂ ਦੇ ਜਥੇਦਾਰ ਨੇ ਪੁਛਿਆ।

"ਇਹ ਪਤਾ ਨਹੀਂ ਲੱਗਾ।" ਗੁਲਾਬ ਸਿੰਘ ਨੇ ਕਿਹਾ, "ਉਸ ਪਿਛਲੇ ਮੋੜ ਤਕ ਤਾਂ ਘੋੜਿਆਂ ਦੇ ਨਿਸ਼ਾਨ ਠੀਕ ਸਨ ਪਰ ਅਗੋਂ ਚੁਰਾਹੇ ਵਿਚ ਸਾਰੇ ਪਾਸੇ ਹੀ ਨਿਸ਼ਾਨ ਨੇ, ਕੁਝ ਪਤਾ ਨਹੀਂ ਲਗ ਸਕਿਆ।"

"ਚਲੋ ਹੁਣ ਪਿੱਛਾ ਕਰਦੇ ਹਾਂ। ਆਖ਼ਰ ਕਿਧਰੇ ਤਾਂ ਰਾਤ ਨੂੰ ਉਹ ਠਹਿਰਨਗੇ", ਜਥੇਦਾਰ ਨੇ ਕਿਹਾ। ਸਿੰਘ ਅਜੇ ਝਟ ਕੁ ਪਹਿਲਾਂ ਆਏ ਸਨ ਤੇ ਕੁਝ ਸਿੰਘ ਘੋੜਿਆਂ ਨੂੰ ਘਾਹ ਆਦਿ ਪਾ ਕੇ ਲੰਗਰ ਦੀ ਤਿਆਰੀ ਲਈ ਸਾਮਾਨ ਆਦਿ ਕੱਢ ਰਹੇ ਸਨ। ਲੰਗਰ ਦਾ ਪ੍ਰੋਗਰਾਮ ਵਿਚੇ ਰਹਿ ਗਿਆ ਤੇ ਝਟ ਸਾਰੇ ਸਿੰਘ ਘੋੜਿਆਂ ਨੂੰ ਤਿਆਰ ਕਰਕੇ ਸਵਾਰ ਹੋ ਗਏ।

"ਮੇਰਾ ਖ਼ਿਆਲ ਏ ਕਿ ਲਾਹੌਰ ਨੂੰ ਹੀ ਗਏ ਹੋਣਗੇ।" ਇਕ ਸਿੰਘ ਨੇ ਕੁਝ ਸੋਚ ਕੇ ਕਿਹਾ।

"ਇਹ ਨਹੀਂ ਪਤਾ ਕਿ ਕੌਣ ਸਨ; ਉਹ ਜੇ ਤਾਂ ਲਾਹੌਰੀ ਫ਼ੌਜ ਦਾ ਦਸਤਾ ਹੋਇਆ ਤਾਂ ਸਿੱਧਾ ਲਾਹੌਰ ਜਾਏਗਾ ਤੇ ਜੇ ਆਪਣੇ ਇਲਾਕੇ ਦੇ ਫ਼ੌਜਦਾਰ ਦਾ ਹੋਇਆ ਤਾਂ ਲਾਹੌਰ ਨਹੀਂ ਜਾਂਦਾ।" ਜਥੇਦਾਰ ਨੇ ਕਿਹਾ।

"ਤੁਸੀਂ ਆਪ ਉਹਨੂੰ ਨਹੀਂ ਵੇਖਿਆ ?" ਜਥੇਦਾਰ ਨੇ ਪੁਛਿਆ।

"ਨਹੀਂ, ਇਸ ਨੇ ਦੇਖਿਆ ਏ।" ਪੋਖਰ ਵਲ ਇਸ਼ਾਰਾ ਕਰਕੇ ਗੁਲਾਬ ਸਿੰਘ ਨੇ ਕਿਹਾ, "ਇਹ ਸਾਡੇ ਡੰਗਰ ਚਾਰਦਾ ਏ ਤੇ ਏਸੇ ਮੈਨੂੰ ਦਸਿਆ ਸੀ।"

"ਚਲੋ ਫਿਰ ਫੌਜਦਾਰ ਨਾਲ ਹੀ ਦੋ ਹੱਥ ਕਰ ਲੈਂਦੇ ਹਾਂ।" ਜਥੇਦਾਰ ਨੇ ਕਿਹਾ ਤੇ ਆਪਣਾ ਘੋੜਾ ਅਗੇ ਲਾ ਲਿਆ। ਗੁਲਾਬ ਸਿੰਘ ਜਥੇਦਾਰ ਨਾਲ ਚਲ ਪਿਆ ਤੇ ਪੋਖਰ ਨੇ ਆਪਣਾ ਘੋੜਾ ਪਿਛੇ ਲਾ ਲਿਆ।

ਥੋੜ੍ਹੀ ਦੂਰ ਹੀ ਇਹਨਾਂ ਨੂੰ ਉਹ ਸਿੰਘ ਮਿਲ ਪਿਆ ਜਿਹੜਾ ਗੁਲਾਬ ਸਿੰਘ ਹੋਰਾਂ ਨੂੰ ਪਹਿਲਾਂ ਮਿਲਿਆ ਸੀ ਤੇ ਜਿਸ ਇਸ ਜਥੇ ਦਾ ਪਤਾ ਦਸਿਆ ਸੀ। ਜਥੇਦਾਰ ਨੇ ਪੁਛਿਆ, "ਸੁਣਾਓ ਸਿੰਘ ਜੀ, ਕੋਈ ਨਵੀਂ ਖ਼ਬਰ ?"

"ਮੈਨੂੰ ਪਤਾ ਲੱਗਾ ਏ ਅਜ ਇਲਾਕੇ ਭਰ ਵਿਚ ਫ਼ੌਜ ਨੇ ਵੱਡੀ ਪੱਧਰ 'ਤੇ ਛਾਪੇ ਮਾਰੇ ਹਨ। ਜਿਨ੍ਹਾਂ ਪਿੰਡਾਂ ਵਿਚੋਂ ਸਿੰਘ ਨਹੀਂ ਲਭੇ ਉਥੇ ਉਹਨਾਂ ਦੇ ਪਰਵਾਰਾਂ ਨੂੰ ਹੀ ਫੜੀ ਲਈ ਜਾ ਰਹੇ ਹਨ।" ਸਿੰਘ ਨੇ ਦਸਿਆ।

"ਇਹ ਤਾਂ ਸਾਨੂੰ ਵੀ ਪਤਾ ਲਗ ਗਿਆ ਏ। ਤੁਸੀਂ ਇਹ ਦੱਸੋ ਕਿ ਫ਼ੌਜੀ ਦਸਤਾ ਹੁਣ ਕਿਧਰ ਨੂੰ ਗਿਆ ਏ ?" ਜਥੇਦਾਰ ਨੇ ਸਿੰਘ ਨੂੰ ਪੁਛਿਆ।

"ਮੈਂ ਆਪ ਤਾਂ ਵੇਖਿਆ ਨਹੀਂ, ਪਰ ਸੁਣਿਆ ਏ ਕਿ ਚਰਾਗਪੁਰ ਨੂੰ ਗਏ ਹਨ।" ਸਿੰਘ ਨੇ ਕਿਹਾ, "ਪਰ ਜੇ ਕਿਸੇ ਨੂੰ ਮੇਰੇ ਨਾਲ ਭੇਜੋ ਤਾਂ ਮੈਂ ਝਟ ਕੁ ਤਕ ਪਤਾ ਕਰ ਦਿਆਂਗਾ।"

"ਜਿਸ ਨੂੰ ਕਹਿੰਦੇ ਹੋ ਭੇਜ ਦਿੰਦੇ ਹਾਂ।" ਜਥੇਦਾਰ ਨੇ ਕਿਹਾ।

"ਇਹਨਾਂ ਨੂੰ ਭੇਜ ਸਕੋ ਤਾਂ ਵਧੇਰੇ ਚੰਗਾ ਰਹੇਗਾ।" ਸਿੰਘ ਨੇ ਪੋਖਰ ਵਲ ਇਸ਼ਾਰਾ ਕਰਦਿਆਂ ਕਿਹਾ।

"ਇਹ ਤਾਂ ਨਵਾਂ ਆਦਮੀ ਏ।" ਗੁਲਾਬ ਸਿੰਘ ਨੇ ਕਿਹਾ।

"ਇਤਬਾਰੀ ਚਾਹੀਦਾ ਏ ਨਵੇਂ ਦੀ ਕੋਈ ਗੱਲ ਨਹੀਂ।" ਸਿੰਘ ਨੇ ਕਿਹਾ।

"ਲੈ ਜਾਓ ਫਿਰ।" ਗੁਲਾਬ ਸਿੰਘ ਨੇ ਪੋਖਰ ਨੂੰ ਇਸ਼ਾਰਾ ਕੀਤਾ ਕਿ ਉਹ ਸਿੰਘ ਦੇ ਨਾਲ ਚਲਾ ਜਾਵੇ।

"ਤੁਸੀਂ ਚਰਾਗਪੁਰ ਵਲ ਚਲੋ ਤੇ ਮੈਂ ਉਸ ਪਾਸੇ ਆ ਜਾਵਾਂਗਾ।" ਸਿੰਘ ਨੇ ਕਿਹਾ ਤੇ ਪੋਖਰ ਦੇ ਨਾਲ ਹੀ ਉਹਦੇ ਘੋੜੇ 'ਤੇ ਸਵਾਰ ਹੋ ਗਿਆ। ਇਹ ਅਜੇ ਬਾਕੀ

ਸਾਰੇ ਉਥੇ ਹੀ ਖੜੇ ਸਨ ਤੇ ਸਿੰਘ ਖੇਤਾਂ ਦੀਆਂ ਵੱਟਾਂ ਤੋਂ ਘੋੜਾ ਭਜਾਂਦਾ ਚਲਾ ਗਿਆ।

"ਇਹ ਸਿੰਘ ਕੌਣ ਏ ?" ਗੁਲਾਬ ਸਿੰਘ ਨੇ ਪੁਛਿਆ।

"ਬੜਾ ਕੰਮ ਦਾ ਬੰਦਾ ਜੇ", ਜਥੇਦਾਰ ਨੇ ਕਿਹਾ, "ਵੰਨ ਸੁਵੰਨੀਆਂ ਆਵਾਜ਼ਾਂ ਕੱਢਦਾ ਏ ਤੇ ਅਨੇਕਾਂ ਸ਼ਕਲਾਂ ਧਾਰ ਲੈਂਦਾ ਏ। ਇਸ ਇਲਾਕੇ ਵਿਚ ਇਹ ਸਾਡਾ ਸਭ ਤੋਂ ਵੱਡਾ ਸੂਹੀਆ ਏ। ਤੁਸੀਂ ਵੀ ਇਸ ਇਲਾਕੇ ਦੇ ਰਹਿਣ ਵਾਲੇ ਹੋ ਪਰ ਤੁਹਾਡਾ ਜਥਾ ਦੂਜੇ ਪਾਸੇ ਰਹਿੰਦਾ ਏ। ਇਸ ਕਰਕੇ ਏਧਰ ਤੁਸੀਂ ਕਦੇ ਨਹੀਂ ਆਏ। ਆਪਣੇ ਪਿੰਡ ਤੋਂ ਏਧਰ ਵੀ ਕਦੇ ਟੱਪੇ ਹੋ ?"

"ਕਦੇ ਏਧਰ ਕੰਮ ਹੀ ਨਹੀਂ ਪਿਆ।" ਗੁਲਾਬ ਸਿੰਘ ਨੇ ਕਿਹਾ।

ਚਰਾਗਪੁਰ ਨੂੰ ਘੋੜੇ ਟੋਰ ਲਏ ਗਏ। ਜਦ ਥੋੜ੍ਹੀ ਦੂਰ ਗਏ ਤਾਂ ਇਕ ਆਦਮੀ ਤੋਂ ਪੁੱਛਣ ਤੋਂ ਪਤਾ ਲਗ ਗਿਆ ਕਿ ਚਰਾਗਪੁਰ ਵਿਚ ਅੱਜ ਫ਼ੌਜ ਉਤਰੀ ਹੋਈ ਏ। ਸਿੰਘਾਂ ਨੇ ਹੁਣ ਅਗੇ ਜਾਣਾ ਠੀਕ ਨਾ ਸਮਝਿਆ ਤੇ ਰੁੱਖਾਂ ਦੇ ਇਕ ਝੁੰਡ ਨੇੜੇ ਹੀ ਠਹਿਰ ਗਏ। ਸ਼ਾਮ ਤੀਕ ਉਡੀਕਦੇ ਰਹੇ ਪਰ ਨਾ ਤਾਂ ਉਹ ਸੂਹੀਆ ਸਿੰਘ ਹੀ ਆਇਆ ਤੇ ਨਾ ਹੀ ਉਸ ਪੋਖਰ ਨੂੰ ਭੇਜਿਆ।

ਸ਼ਾਮ ਵੇਲੇ ਇਕ ਹਟਵਾਣੀਆਂ ਲੰਘਿਆ ਤੇ ਉਸ ਦਸਿਆ ਕਿ ਚਰਾਗਪੁਰ ਵਿਚ ਫ਼ੌਜ ਠਹਿਰੀ ਹੋਈ ਏ। ਇਹ ਕਿਧਰੋਂ ਸਿੱਖਾਂ ਦੇ ਟੱਬਰ ਫੜ ਕੇ ਲਿਆਈ ਏ। ਹੁਣ ਇਹਨਾਂ ਨੂੰ ਨਿਸਚਾ ਹੋ ਗਿਆ ਕਿ ਇਹ ਜਥਾ ਗੁਲਾਬ ਸਿੰਘ ਦੇ ਪਰਵਾਰ ਨੂੰ ਫੜ.ਕੇ ਲਿਆਇਆ ਹੋਏਗਾ।

ਹਨੇਰਾ ਪੈਂਦਿਆਂ ਹੀ ਸਿੰਘ ਜੈਕਾਰੇ ਲਾਂਦੇ ਜਾ ਪਏ। ਫ਼ੌਜ ਨੂੰ ਸੁਪਨੇ ਵਿਚ ਵੀ ਇਹ ਖ਼ਿਆਲ ਨਹੀਂ ਸੀ ਕਿ ਸਿੰਘਾਂ ਦਾ ਇਸ ਤਰ੍ਹਾਂ ਹਮਲਾ ਹੋ ਜਾਏਗਾ। ਵਿਉਂਤ ਅਨੁਸਾਰ ਹਨੇਰੇ ਵਿਚ ਕੀਤਾ ਹਮਲਾ ਬੜਾ ਅਸਰ ਭਰਿਆ ਸੀ ਤੇ ਮਿੰਟਾਂ ਵਿਚ ਹੀ ਸਿੰਘਾਂ ਨੇ ਕਈ ਫ਼ੌਜੀ ਮਾਰ ਦਿੱਤੇ ਤੇ ਬਾਕੀ ਹਨੇਰੇ ਦੀ ਆੜ ਵਿਚ ਭੱਜ ਗਏ। ਭਾਵੇਂ ਸਿੰਘਾਂ ਨੇ ਘੇਰਾ ਬੜੀ ਸਿਆਣਪ ਨਾਲ ਪਾਇਆ ਸੀ ਪਰ ਫਿਰ ਵੀ ਕੁਝ ਫ਼ੌਜੀ ਭੱਜਣ ਵਿਚ ਸਫਲ ਹੋ ਗਏ। ਆਪਣੇ ਹਥਿਆਰ ਤੇ ਸਾਮਾਨ ਉਥੇ ਛਡ ਗਏ। ਪਿੰਡ ਦੇ ਚੌਧਰੀ ਦੇ ਇਕ ਕੋਠੇ ਵਿਚ ਉਹਨਾਂ ਨੇ ਫੜੇ ਹੋਏ ਪਰਵਾਰ ਡੱਕੇ ਹੋਏ ਸਨ। ਇਕ ਫ਼ੌਜੀ ਨੂੰ ਫੜ ਕੇ ਜਦ ਦੋ-ਚਾਰ ਲਾਈਆਂ ਤਾਂ ਉਸ ਝੱਟ ਦੱਸ ਦਿੱਤਾ ਕਿ ਸਿੱਖਾਂ ਦੀਆਂ ਜ਼ਨਾਨੀਆਂ ਤੇ ਬੱਚੇ ਉਸ ਕੋਠੇ ਵਿਚ ਡੱਕੇ ਹੋਏ ਹਨ।

ਸਾਰੇ ਪਿੰਡ ਵਿਚ ਰੌਲਾ ਪੈ ਗਿਆ। ਲੋਕਾਂ ਵਿਚ ਸਖ਼ਤ ਘਬਰਾਹਟ ਮਚ ਗਈ। ਹਨੇਰੇ ਕਾਰਨ ਕਿਸੇ ਨੂੰ ਸਾਰਾ ਕੁਝ ਨਾ ਦਿਸਿਆ ਪਰ ਹਰ ਗਲੀ ਵਿਚ ਵੱਖ ਵੱਖ ਗੱਲਾਂ ਹੋਣ ਲਗੀਆਂ। ਕੋਠੇ ਵਿਚ ਡੱਕੇ ਪਰਵਾਰਾਂ ਨੇ ਵੀ ਧੱਪ ਸੁਣੀ, ਪਰ ਉਨ੍ਹਾਂ ਨੂੰ ਸਮਝ

ਨਹੀਂ ਸੀ ਆ ਰਹੀ ਕਿ ਮਾਮਲਾ ਕੀ ਏ ? ਜਦੋਂ ਸਿੰਘਾਂ ਨੇ ਜਾ ਕੇ ਦਰਵਾਜ਼ਾ ਖੋਲ੍ਹਿਆ ਤੇ ਮਿਸਾਲ ਦੀ ਰੌਸ਼ਨੀ ਕੀਤੀ ਤਾਂ ਉਹਨਾਂ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਉਹ ਸਾਰੇ ਹੈਰਾਨ ਸਨ ਕਿ ਸਿੰਘ ਕਿਧਰੋਂ ਆ ਗਏ।

ਗੁਲਾਬ ਸਿੰਘ ਨੇ ਝੱਟ ਅੱਗੇ ਹੋ ਕੇ ਸਾਰੇ ਚਿਹਰਿਆਂ ਵੱਲ ਤਕਿਆ ਪਰ ਉਸ ਨੂੰ ਇਹਨਾਂ ਵਿਚੋਂ ਰੇਸ਼ਮਾ ਨਾ ਦਿਸੀ। ਬੱਚਿਆਂ ਵਿਚ ਉਹਦਾ ਦਲੀਪ ਸਿੰਘ ਵੀ ਨਹੀਂ ਸੀ। ਉਸ ਪੁਛਿਆ, "ਤੁਸੀਂ ਕਿਹੜੇ ਪਿੰਡ ਦੇ ਹੋ ?"

"ਨਰੈਣੀਵਾਲਾ ਦੇ।", ਇਕ ਜ਼ਨਾਨੀ ਨੇ ਕਿਹਾ।

"ਸਾਰੇ ਹੀ ?"

"ਜੀ ਆ।"

"ਇਹ ਤਾਂ ਕੋਈ ਹੋਰ ਈ ਪਿੰਡ ਨਿਕਲ ਆਇਆ।" ਜਥੇਦਾਰ ਨੇ ਕਿਹਾ।

"ਚਲੋ ਇਹਨਾਂ ਨੂੰ ਰਾਤੋ ਰਾਤ ਪਿੰਡ ਪਹੁੰਚਾਓ, ਫਿਰ ਅੱਗੇ ਦੀ ਵੀ ਦੇਖੀ ਜਾਏਗੀ।" ਗੁਲਾਬ ਸਿੰਘ ਨੇ ਕਿਹਾ।

ਸਿੰਘਾਂ ਨੇ ਇਥੇ ਹੋਰ ਰਹਿਣਾ ਤੇ ਵਕਤ ਲੰਘਾਣਾ ਠੀਕ ਨਾ ਸਮਝਿਆ ਤੇ ਝਟਪਟ ਸਾਰੀਆਂ ਜ਼ਨਾਨੀਆਂ ਤੇ ਬੱਚਿਆਂ ਨੂੰ ਘੋੜਿਆਂ 'ਤੇ ਬਿਠਾ ਲਿਆ ਤੇ ਲੈ ਕੇ ਚੱਲ ਪਏ।

ਅਜੇ ਪਿੰਡ ਤੋਂ ਬਾਹਰ ਹੀ ਨਿਕਲੇ ਸਨ ਕਿ ਪੋਖਰ ਤੇ ਸਿੰਘ ਦੋਵੇਂ ਪਹੁੰਚ ਗਏ। ਉਹਨਾਂ ਦੇ ਘੋੜੇ ਦੇ ਫੁੰਕਾਰੇ ਦੀ ਆਵਾਜ਼ ਦੱਸਦੀ ਸੀ ਕਿ ਇਹ ਬਹੁਤ ਦੂਰੋਂ ਤੇ ਕਾਹਲੀ ਵਿਚ ਆਏ ਹਨ। ਉਹਨਾਂ ਦਸਿਆ ਕਿ ਗੁਲਾਬ ਸਿੰਘ ਦੇ ਪਿੰਡ ਛਾਪਾ ਮਾਰਨ ਵਾਲੇ ਫ਼ੌਜਦਾਰ ਦੇ ਆਦਮੀ ਸਨ ਪਰ ਉਹਨਾਂ ਨੇ ਜਿਤਨੇ ਵੀ ਜੀਅ ਗ੍ਰਿਫ਼ਤਾਰ ਕੀਤੇ ਸਨ ਸਭ ਨੂੰ ਲਾਹੌਰ ਫ਼ੌਜ ਦੇ ਹਵਾਲੇ ਕਰ ਦਿੱਤਾ ਹੈ। ਅਸੀਂ ਫ਼ੌਜਦਾਰ ਦੇ ਪਿੰਡ ਤੋਂ ਹੋ ਆਏ ਹਾਂ। ਬੜੇ ਭਰੋਸੇਯੋਗ ਵਸੀਲੇ ਤੋਂ ਪਤਾ ਲੱਗਾ ਏ ਕਿ ਲਾਹੌਰੀ ਫ਼ੌਜ ਉਹਨਾਂ ਨੂੰ ਲੈ ਕੇ ਸਿੱਧੀ ਲਾਹੌਰ ਚਲੀ ਗਈ ਏ। ਉਹਨਾਂ ਦਾ ਪੜਾਅ ਕਿਸ ਥਾਂ ਏ, ਇਹ ਨਹੀਂ ਪਤਾ ਲੱਗ ਸਕਿਆ।"

"ਤੁਸੀਂ ਇਹਨਾਂ ਨੂੰ ਪਿੰਡ ਛੱਡ ਆਓ ਤੇ ਮੈਂ ਪੋਖਰ ਨੂੰ ਲੈ ਕੇ ਚਲਦਾ ਹਾਂ। ਅਸੀਂ ਰਾਤ ਇਲਾਕੇ ਦੇ ਦੋ-ਚਾਰ ਪਿੰਡ ਫਿਰ ਕੇ ਪਤਾ ਕਰਨ ਦਾ ਯਤਨ ਕਰਦੇ ਹਾਂ। ਜੇ ਪਤਾ ਲੱਗਾ ਤਾਂ ਤੁਹਾਨੂੰ ਉਸੇ ਝੁੰਡ ਵਿਚ ਪਤਾ ਦਿਆਂਗਾ।" ਗੁਲਾਬ ਸਿੰਘ ਨੇ ਕਿਹਾ ਤੇ ਪੋਖਰ ਨੂੰ ਲੈ ਕੇ ਟੁਰ ਪਿਆ।

# ੩

ਸਾਰੀ ਰਾਤ ਸਫ਼ਰ ਜਾਰੀ ਰਿਹਾ। ਲਾਹੌਰੀ ਫ਼ੌਜਾਂ ਨੇ ਪਹਿਲਾਂ ਕਦੀ ਵੀ ਰਾਤ ਨੂੰ ਸਫ਼ਰ ਨਹੀਂ ਸੀ ਕੀਤਾ। ਜਿਥੇ ਵੀ ਰਾਤ ਪੈ ਜਾਂਦੀ ਝਟ ਡੇਰੇ ਲਾ ਲਏ ਜਾਂਦੇ। ਉਸ ਇਲਾਕੇ ਦੇ ਚੌਧਰੀ ਸੇਵਾ ਵਿਚ ਹਾਜ਼ਰ ਹੋ ਜਾਂਦੇ, ਫਿਰ ਖ਼ੂਬ ਐਸ਼ ਹੁੰਦੀ! ਦੂਜੇ ਦਿਨ ਸਵੇਰੇ ਸਫ਼ਰ ਅਗੇ ਲਈ ਜਾਰੀ ਹੁੰਦਾ ਪਰ ਅੱਜ ਸਾਰੀ ਰਾਤ ਸਫ਼ਰ ਵਿਚ ਹੀ ਲੰਘ ਗਈ। ਉਤੋਂ ਕਹਿਰਾਂ ਦੀ ਸਰਦੀ ਪੈ ਰਹੀ ਸੀ, ਧੁੰਦ ਨਾਲ ਅਗੋਂ ਰਾਹ ਵੀ ਨਹੀਂ ਸੀ ਨਜ਼ਰ ਆਉਂਦਾ। ਹੱਥਾਂ ਦੀਆਂ ਉਂਗਲੀਆਂ ਸਰਦੀ ਨਾਲ ਡਿੰਗੀਆਂ ਹੋ ਗਈਆਂ ਸਨ।

ਇਸ ਮੌਸਮ ਵਿਚ ਰਾਤ ਨੂੰ ਗੱਡਿਆਂ 'ਤੇ ਨੂੜੀਆਂ ਜ਼ਨਾਨੀਆਂ ਤੇ ਬੱਚਿਆਂ ਦਾ ਬੁਰਾ ਹਾਲ ਹੋ ਗਿਆ। ਉਹਨਾਂ ਪਾਸ ਨਾ ਰਜ਼ਾਈਆਂ ਤੇ ਨਾ ਹੀ ਕੋਈ ਭਾਰੀ ਕਪੜਾ ਸੀ। ਸਰਦੀ ਨਾਲ ਬੱਚੇ ਵਿਲਕ ਰਹੇ ਸਨ ਤੇ ਜ਼ਨਾਨੀਆਂ ਕੰਬ ਰਹੀਆਂ ਸਨ। ਰਾਤ ਦੀ ਚੁੱਪ ਵਿਚ ਇਸ ਚੀਕ-ਚਿਹਾੜੇ ਦੀ ਆਵਾਜ਼ ਦੂਰ ਤਕ ਜਾ ਰਹੀ ਸੀ।

ਹਰੋ ਨੇ ਗੱਡੇ ਦੇ ਨਾਲ ਘੋੜੇ 'ਤੇ ਜਾ ਰਹੇ ਇਕ ਫ਼ੌਜੀ ਨੂੰ ਹੱਥ ਜੋੜ ਕੇ ਕਿਹਾ, "ਵੇ ਬੱਚਾ, ਸਰਦੀ ਨਾਲ ਬੱਚਿਆਂ ਦਾ ਬੁਰਾ ਹਾਲ ਹੋ ਗਿਆ ਏ ਇਹਨਾਂ 'ਤੇ ਤਰਸ ਕਰੋ ਅਤੇ ਇਹਨਾਂ ਨੂੰ ਕੰਬਲ ਦਿਓ।"

"ਅਸੀਂ ਤੁਹਾਡੇ ਲਈ ਕੰਬਲ ਲਈ ਫਿਰਦੇ ਹਾਂ।" ਫ਼ੌਜੀ ਨੇ ਅੱਗੋਂ ਡਾਟਵੇਂ ਤਰੀਕੇ ਨਾਲ ਕਿਹਾ, "ਕੁਝ ਨਹੀਂ ਮਿਲ ਸਕਦਾ, ਬੁਲਾਓ ਉਹਨਾਂ ਸਿੱਖਾਂ ਨੂੰ ਜਿਹੜੇ ਆਕੜਦੇ ਫਿਰਦੇ ਨੇ। ਜਾਤ ਦੀਆਂ ਕੋਹੜ ਕਿਰਲੀਆਂ ਸ਼ਤੀਰਾਂ ਨੂੰ ਜਫੇ ਮਾਰਨ ਲੱਗ ਪਈਆਂ ਨੇ।"

"ਕੰਬਲ ਨਹੀਂ ਦੇ ਸਕਦੇ ਤਾਂ ਸਿੱਖਾਂ ਨੂੰ ਇਸ ਤਰ੍ਹਾਂ ਨਾ ਕਹੋ।" ਰੇਸ਼ਮਾ ਤੋਂ ਫ਼ੌਜੀ ਦੀ ਗੱਲ ਨਾ ਸਹਾਰੀ ਗਈ ਤੇ ਉਸ ਸਾਫ਼ ਕਹਿ ਦਿੱਤਾ।

"ਅੱਛਾ ਬੜਾ ਦਰਦ ਏ ਸਿੱਖਾਂ ਲਈ।" ਫ਼ੌਜੀ ਨੇ ਘੂਰੀ ਵੱਟ ਕੇ ਕਿਹਾ ਚਲੋ ਫਿਰ ਠਰਦੇ ਚਲੋ ਪਾਲੇ ਵਿਚ। ਚੱਲ ਕੇ ਲਾਹੌਰ ਤੁਹਾਨੂੰ ਪੁਛਾਂਗੇ।"

"ਇਸ ਤਰ੍ਹਾਂ ਗੁੱਸੇ ਨਾ ਹੋ। ਸਾਰੀ ਰਾਤ ਸਰਦੀ ਵਿਚ ਟੁਰਦਿਆਂ ਸਾਡੀ ਤਾਂ ਜਾਨ ਨਿਕਲ ਰਹੀ ਏ।" ਹਰੋ ਨੇ ਹੱਥ ਜੋੜ ਕੇ ਬੜੇ ਤਰਲੇ ਨਾਲ ਕਿਹਾ।

ਫ਼ੌਜੀ ਨੇ ਉਹਦੀ ਗੱਲ ਵੱਲ ਹੁਣ ਧਿਆਨ ਹੀ ਨਾ ਦਿੱਤਾ। ਉਸ ਦੋ ਵਾਰ ਫਿਰ ਕਿਹਾ, ਪਰ ਕਿਸੇ ਉਧਰ ਕੰਨ ਨਾ ਧਰਿਆ।

ਸਰਦੀ ਕੁਝ ਹੋਰ ਵੱਧ ਗਈ, ਕੱਕਰ ਪੈਣ ਨਾਲ ਉਹਨਾਂ ਦੇ ਸਾਰੇ ਕਪੜੇ ਵੀ ਭਿਜ ਗਏ ਤੇ ਗਲ ਪਏ ਕਪੜੇ ਕੁਝ ਸਰਦੀ ਰੋਕਣ ਦੀ ਥਾਂ ਸਰਦੀ ਦਾ ਕਾਰਨ ਬਣ ਗਏ।

ਰੇਸ਼ਮਾ ਨੇ ਆਪਣੇ ਦੋ ਦਿਨਾਂ ਦੇ ਬੱਚੇ ਨੂੰ ਛਾਤੀ ਨਾਲ ਲਾ ਲਿਆ ਤੇ ਉਹਨੂੰ ਆਪਣੀ ਗਲਵਕੜੀ ਦੇ ਨਿੱਘ ਨਾਲ ਗਰਮਾਈ ਪਹੁੰਚਾਣ ਦਾ ਯਤਨ ਕਰਦੀ ਰਹੀ। ਬੱਚਾ ਸਰਦੀ ਨਾਲ ਕੰਬ ਰਿਹਾ ਸੀ ਤੇ ਜੇਕਰ ਉਹਦੀ ਅੱਖ ਲਗ ਜਾਂਦੀ ਤਾਂ ਰੇਸ਼ਮਾ ਨੂੰ ਫ਼ਿਕਰ ਪੈ ਜਾਂਦਾ। ਉਹ ਹੋਰ ਉਹਨੂੰ ਆਪਣੇ ਨਾਲ ਕਰ ਲੈਂਦੀ ਅਤੇ ਹਰ ਪੰਜ ਸਤ ਮਿੰਟ ਪਿਛੋਂ ਉਹਨੂੰ ਹਿਲਾ-ਜੁਲਾ ਕੇ ਦੇਖ ਲੈਂਦੀ ਕਿ ਉਹਦੀ ਕੀ ਹਾਲਤ ਏ। ਇਸ ਸਰਦੀ ਵਿਚ ਰੇਸ਼ਮਾ ਨੂੰ ਆਪਣੀ ਹਾਲਤ ਦਾ ਨਾ ਕੋਈ ਫ਼ਿਕਰ ਸੀ ਤੇ ਨਾ ਹੀ ਚੇਤਾ। ਉਹ ਘੜੀ ਮੁੜੀ ਇਹ ਅਰਦਾਸ ਕਰਦੀ ਕਿ ਸੱਚੇ ਪਾਤਿਸ਼ਾਹ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਈਂ ਜਾਂ ਫਿਰ ਬੱਚਿਆਂ ਦੀ ਸੁਖ ਮੰਗਦੀ।

ਦਲੀਪ ਦਾਦੀ ਦੀ ਝੋਲੀ ਵਿਚ ਬੈਠਾ ਠਰੂੰ-ਠਰੂੰ ਕਰ ਰਿਹਾ ਸੀ। ਉਹ ਕੁਝ ਸਿਆਣਾ ਸੀ ਤੇ ਇਸੇ ਲਈ ਉਹਦੇ 'ਤੇ ਵੀ ਦੂਜੇ ਵਡੇ ਜੀਆਂ ਵਾਂਗ ਚਿੰਤਾ ਦਾ ਅਸਰ ਸੀ।

ਜਿਉਂ ਜਿਉਂ ਸਰਦੀ ਲਗਦੀ ਉਹ ਸੁੰਗੜਦਾ ਗਿਆ। ਦੋਵੇਂ ਗੋਡੇ ਜੋੜੇ, ਹੱਥਾਂ ਦੀਆਂ ਮੁੱਠਾਂ ਮੀਟੀਆਂ ਰੱਖ ਕੇ ਕੱਛਾਂ ਵਿਚ ਦਿੱਤੇ ਗੋਡੇ ਢਿੱਡ ਨਾਲ ਲਾ ਲਏ ਤੇ ਫਿਰ ਗੋਡਿਆਂ ਦੇ ਪਿਛੇ ਪਿੰਨੀਆਂ 'ਤੇ ਰੱਖ ਕੇ ਉਸ ਸਰਦੀ ਨੂੰ ਘਟਾਣ ਦਾ ਯਤਨ ਕੀਤਾ। ਇਸ ਤਰ੍ਹਾਂ ਥੋੜ੍ਹਾ ਜਿਹਾ ਅਸਰ ਭਾਵੇਂ ਪਵੇ, ਸਮੁਚੇ ਤੌਰ 'ਤੇ ਸਰਦੀ ਲਗਣੀ ਨਹੀਂ ਹੱਟ ਸਕਦੀ। ਫਿਰ ਕੱਕਰ ਪੈਣ ਨਾਲ ਤਾਂ ਹੋਰ ਵੀ ਹਾਲਤ ਮਾੜੀ ਹੋ ਗਈ।

ਦਲੀਪ ਨੂੰ ਕੰਬਣੀ ਛਿੜ ਪਈ ਤੇ ਦੰਦਕਣ ਵਜਣ ਲੱਗ ਪਈ। ਦਾਦੀ ਨੇ ਉਹਨੂੰ ਗੋਡਿਆਂ ਵਿਚ ਹੋਰ ਘੁਟ ਕੇ ਨਿੱਘਾ ਕਰਨ ਦਾ ਯਤਨ ਕੀਤਾ ਪਰ ਉਹ ਸਰਦੀ ਨਾਲ ਆਪ ਵੀ ਕੰਬ ਰਹੀ ਸੀ ਤੇ ਉਹਦੇ ਬੁਢੇ ਸਰੀਰ ਵਿਚ ਇਤਨੀ ਸ਼ਕਤੀ ਨਹੀਂ ਸੀ ਕਿ ਸਰਦੀ ਸਹਾਰ ਸਕੇ।

ਜਦ ਰਾਤ ਨੂੰ ਹਾਲਤ ਵਧੇਰੇ ਵਿਗੜ ਗਈ ਤਾਂ ਹਰੋ ਨੇ ਫ਼ੌਜੀ ਨੂੰ ਫਿਰ ਤਰਲੇ ਨਾਲ ਕਿਹਾ, "ਤੇਰੇ ਘਰ ਵੀ ਪੁੱਤਰ ਹੋਣਗੇ, ਉਹਨਾਂ ਦੇ ਸਿਰਾਂ ਸਦਕਾ ਹੀ ਇਹਨਾਂ ਬੱਚਿਆਂ 'ਤੇ ਤਰਸ ਕਰੋ।"

"ਬੁਢੀਏ ਤੈਨੂੰ ਇਕ ਵਾਰ ਜੁ ਕਹਿ ਦਿੱਤਾ ਏ ਕਿ ਤੁਹਾਨੂੰ ਕੋਈ ਕੰਬਲ ਨਹੀਂ ਮਿਲ ਸਕਦਾ।" ਫ਼ੌਜੀ ਨੇ ਗੁੱਸੇ ਵਿਚ ਕਿਹਾ।

"ਤੇ ਆਪ ਦੋ ਦੋ ਲਪੇਟੇ ਹੋਏ ਜੇ। ਕੁਝ ਤਰਸ ਕਰੋ ਕਿਉਂ ਤੁਹਾਡੇ ਦਿਲ ਪੱਥਰ ਹੋ ਗਏ ਨੇ। ਆਖ਼ਰ ਇਹ ਵੀ ਤਾਂ ਤੁਹਾਡੇ ਬੱਚਿਆਂ ਵਰਗੇ ਨੇ।"

"ਖ਼ਬਰਦਾਰ ਜੇ ਇਹਨਾਂ ਨੂੰ ਸਾਡੇ ਬੱਚਿਆਂ ਵਰਗਾ ਕਿਹਾ ਤਾਂ। ਇਹ ਜੂਠਾਂ ਸਾਡੇ ਬੱਚਿਆਂ ਵਰਗੀਆਂ ਹੋ ਸਕਦੀਆਂ ਨੇ।" ਫ਼ੌਜੀ ਨੇ ਬੜੇ ਹੰਕਾਰ ਵਿਚ ਕਿਹਾ।

"ਪੁੱਤਰਾਂ ਵਾਲਿਆਂ ਨੂੰ ਪੁੱਤਰਾਂ ਦੀ ਕਦਰ ਹੁੰਦੀ ਏ। ਇਹਨਾਂ ਦੇ ਕੋਈ ਨਹੀਂ ਹੋਣਾ", ਰੇਸ਼ਮਾ ਨੇ ਆਪਣੀ ਸੱਸ ਨੂੰ ਸੰਬੋਧਨ ਕਰਦਿਆਂ ਕਿਹਾ।

"ਜੀਭ ਖਿਚ ਦਿਆਂਗਾ ਜੇ ਇਸ ਤਰ੍ਹਾਂ ਕਿਹਾ; ਅੱਲਾ ਦੀ ਮਿਹਰ ਨਾਲ ਚਾਰ ਪੁੱਤਰ ਨੇ।" ਫੌਜੀ ਨੇ ਕਿਹਾ।

"ਤੇਰਾ ਪੁੱਤਰ ਇਸ ਤਰ੍ਹਾਂ ਸਰਦੀ ਨਾਲ ਮਰ ਰਿਹਾ ਹੋਵੇ ਤਾਂ ਪਤਾ ਲਗੇ।" ਹਰੋ ਨੇ ਗੁੱਸੇ ਨਾਲ ਕਿਹਾ।

"ਬਕਵਾਸ ਨਾ ਕਰ।" ਫ਼ੌਜੀ ਨੇ ਫਿਰ ਗੁੱਸੇ ਨਾਲ ਕਿਹਾ।

"ਵੇਖਿਆ ਈ, ਪੁੱਤਰ ਦੀ ਕਿੰਨੀ ਪੀੜ ਹੁੰਦੀ ਏ। ਸਾਨੂੰ ਵੀ ਆਪਣੇ ਬੱਚੇ ਇਸ ਤਰ੍ਹਾਂ ਪਿਆਰੇ ਨੇ ਜਿਨ੍ਹਾਂ ਲਈ ਅਸੀਂ ਤੇਰੇ ਅਗੇ ਤਰਲਾ ਕਰ ਰਹੇ ਹਾਂ।" ਹਰੋ ਨੇ ਹੁਣ ਇਹ ਆਸ ਲਾਹ ਕੇ ਗੱਲਾਂ ਸ਼ੁਰੂ ਕਰ ਦਿੱਤੀਆਂ ਕਿ ਇਹ ਤਰਸ ਕਰਨਗੇ। ਉਹਨੂੰ ਨਿਸਚਾ ਹੋ ਗਿਆ ਸੀ ਕਿ ਇਹਨਾਂ ਜ਼ਾਲਮਾਂ ਤੋਂ ਤਰਸ ਦੀ ਆਸ ਰੱਖਣੀ ਮੂਰਖਤਾ ਹੈ।

ਗੱਡੇ ਤੁਰਦੇ ਜਾ ਰਹੇ ਸਨ, ਪਰ ਜਿਉਂ ਜਿਉਂ ਦਿਨ ਚੜ੍ਹਨ ਦੇ ਨੇੜੇ ਆ ਰਿਹਾ ਸੀ, ਸਰਦੀ ਵਧਦੀ ਜਾਂਦੀ ਸੀ। ਕਈ ਬੱਚੇ ਤੇ ਜ਼ਨਾਨੀਆਂ ਸਰਦੀ ਕਾਰਨ ਬੇਹੋਸ਼ ਹੋ ਗਏ।

ਹਰੋ ਨਾਲੋਂ ਵਡੇਰੀ ਉਮਰ ਦੀ ਜ਼ਨਾਨੀ ਕੋਈ ਨਹੀਂ ਸੀ। ਕੁਝ ਦੇਰ ਤਾਂ ਉੱਚੀ ਉੱਚੀ ਬੋਲ ਕੇ ਉਹ ਗਰਮ ਹੋ ਲੈਂਦੀ ਪਰ ਕਿਤਨਾ ਕੁ ਝਗੜਦੀ। ਅਖ਼ੀਰ ਸਰਦੀ ਨੇ ਉਹਦਾ ਬਹੁਤ ਮਾੜਾ ਹਾਲ ਕਰ ਦਿੱਤਾ ਤੇ ਉਹ ਬੇਹੋਸ਼ ਹੋ ਗਈ।

ਇਕ ਸਿਪਾਹੀ ਫ਼ੌਜੀ ਨੇ ਜਰਨੈਲ ਨੂੰ ਦਸਿਆ ਕਿ ਸਰਦੀ ਵਧੇਰੇ ਹੋਣ ਕਾਰਨ ਜ਼ਨਾਨੀਆਂ ਮਰਨ ਲੱਗ ਪਈਆਂ ਹਨ।

"ਕੌਣ ਮਰ ਗਿਆ ਏ?" ਜਰਨੈਲ ਨੇ ਕਿਹਾ।

"ਪਹਿਲੇ ਗੱਡੇ ਵਾਲੀ ਬੁੱਢੀ ਬੇਹੋਸ਼ ਹੋ ਗਈ ਏ।" ਸਿਪਾਹੀ ਨੇ ਦੱਸਿਆ।

ਉਧਰ ਰੇਸ਼ਮਾ ਤੇ ਦੂਜੀਆਂ ਜ਼ਨਾਨੀਆਂ ਨੇ ਉੱਚੀ ਉੱਚੀ ਰੋਣਾ ਸ਼ੁਰੂ ਕਰ ਦਿੱਤਾ। ਕੁਝ ਫ਼ੌਜੀ ਗੱਡੇ ਦੇ ਨੇੜੇ ਆਏ ਤੇ ਇਕ ਨੇ ਬੰਦੂਕ ਦੀ ਹੁਝ ਮਾਰਦਿਆਂ ਕਿਹਾ, "ਐਵੇਂ ਪਖੰਡ ਪਈ ਕਰਦੀ ਏ।" ਬੰਦੂਕ ਦਾ ਬਟ ਬਹੁਤ ਜ਼ੋਰ ਦਾ ਲੱਗਾ, ਜਿਸ ਨਾਲ ਹਰੋ ਦੀ ਚੀਕ ਨਿਕਲੀ, ਪਰ ਨਾਲ ਹੀ ਉਸ ਪ੍ਰਾਣ ਤਿਆਗ ਦਿੱਤੇ।

"ਜਨਾਬ ਬੁੱਢੀ ਤਾਂ ਮਰ ਗਈ ਏ।" ਇਕ ਸਿਪਾਹੀ ਨੇ ਕਿਹਾ।

"ਗੱਡੇ ਖੜੇ ਕਰੋ", ਜਰਨੈਲ ਬੋਲਿਆ। ਗੱਡੇ ਖੜੇ ਕਰ ਲਏ ਗਏ। ਉਸ ਆਪ ਅੱਗੇ ਹੋ ਕੇ ਦੇਖਿਆ ਤਾਂ ਬੁੱਢੀ ਮਰ ਚੁਕੀ ਸੀ। ਉਹਨੂੰ ਹੁਣ ਨਾਲ ਲਈ ਜਾਣ ਦਾ ਕੋਈ ਲਾਭ ਨਾ ਦੇਖ ਕੇ ਜਰਨੈਲ ਨੇ ਹੁਕਮ ਦਿਤਾ ਕਿ ਉਹਦੀ ਲਾਸ਼ ਨੂੰ ਚੁਕ ਕੇ

ਸੁੱਟ ਦਿੱਤਾ ਜਾਏ।

ਇਸ ਸਮੇਂ ਗੱਡੇ ਇਕ ਉਜਾੜ ਵਿਚੋਂ ਲੰਘ ਰਹੇ ਸਨ, ਜਿਥੇ ਚਾਰੇ ਪਾਸੇ ਸਿਵਾਏ ਝਾੜੀਆਂ ਅਤੇ ਬਰੂਟਿਆਂ ਦੇ ਹੋਰ ਕੁਝ ਵੀ ਨਹੀਂ ਸੀ। ਦੋ ਸਿਪਾਹੀਆਂ ਨੇ ਹਰੋ ਨੂੰ ਚੁਕਿਆ ਤੇ ਗੱਡੇ ਤੋਂ ਥੱਲੇ ਲਾਹੁਣ ਲੱਗੇ। ਰੇਸ਼ਮਾ ਦੀਆਂ ਚੀਕਾਂ ਨਿਕਲ ਗਈਆਂ ਤੇ ਉਛਲ ਕੇ ਹਰੋ ਦੇ ਸਰੀਰ ਨਾਲ ਚੰਬੜ ਗਈ। ਸਿਪਾਹੀਆਂ ਨੇ ਉਸ ਨੂੰ ਬਾਂਹ ਤੋਂ ਫੜ ਕੇ ਜ਼ਬਰਦਸਤੀ ਪਰੇ ਖਿਚ ਲਿਆ ਤੇ ਹਰੋ ਦੀ ਲਾਸ਼ ਝਾੜੀਆਂ ਵਿਚ ਸੁੱਟ ਦਿੱਤੀ। ਰੇਸ਼ਮਾ ਤੇ ਦਲੀਪ ਰੋਂਦੇ ਰਹਿ ਗਏ, ਪਰ ਉਹਨਾਂ ਵਿਚਾਰਿਆਂ ਦੀ ਕੋਈ ਪੇਸ਼ ਨਾ ਗਈ।

ਅਜੇ ਇਥੋਂ ਮੀਲ ਕੁ ਅੱਗੇ ਕਾਫ਼ਲਾ ਗਿਆ ਸੀ ਜਦ ਕਿ ਸਵੇਰ ਦਾ ਚਾਨਣਾ ਹੋਣ ਲੱਗ ਪਿਆ। ਪਰ ਧੁੰਦ ਬਹੁਤ ਜ਼ਿਆਦਾ ਹੋਣ ਕਾਰਨ ਆਲੇ-ਦੁਆਲੇ ਬਾਰੇ ਕੁਝ ਵੀ ਪਤਾ ਨਹੀਂ ਸੀ ਲੱਗਦਾ।

ਸਿੰਘਾਂ ਦਾ ਇਕ ਜਥਾ ਆ ਗਿਆ। 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਲਾਂਦਿਆਂ ਭੁਖੇ ਸ਼ੇਰਾਂ ਦੀ ਤਰ੍ਹਾਂ ਲਾਹੌਰੀ ਫ਼ੌਜ 'ਤੇ ਟੁੱਟ ਪਏ। ਸਾਰੀ ਰਾਤ ਸਫ਼ਰ ਦੇ ਕਾਰਨ ਫ਼ੌਜ ਬੜੀ ਥੱਕੀ ਹੋਈ ਸੀ। ਉਂਝ ਵੀ ਸਰਦੀ ਨਾਲ ਫ਼ੌਜੀਆਂ ਦੀ ਚੁਸਤੀ ਢਿਲੀ ਪਈ ਹੋਈ ਸੀ ਤੇ ਸਿੰਘ ਬੜੇ ਦੂਰੋਂ ਘੋੜੇ ਭਜਾਂਦੇ ਆਏ ਸਨ, ਇਸ ਲਈ ਗਰਮੀ ਦਾ ਉਹਨਾਂ 'ਤੇ ਚੰਗਾ ਅਸਰ ਸੀ। ਉਂਝ ਵੀ ਸਿੰਘ ਜੰਗਲਾਂ ਵਿਚ ਰਹਿ ਕੇ ਇਤਨੇ ਸਖ਼ਤ ਜਾਨ ਹੋ ਗਏ ਸਨ ਕਿ ਉਹਨਾਂ 'ਤੇ ਇਸ ਸਰਦੀ ਦਾ ਬਹੁਤਾ ਅਸਰ ਨਹੀਂ ਸੀ ਹੁੰਦਾ।

ਲਾਹੌਰੀ ਫ਼ੌਜ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹਨਾਂ ਦੇ ਹਥਿਆਰ ਸੰਭਾਲਦਿਆਂ ਤਕ ਸਿੰਘਾਂ ਨੇ ਕਈ ਫੜਕਾ ਸੁਟੇ। ਪੰਜਾਂ ਕੁ ਮਿੰਟਾਂ ਵਿਚ ਹੀ ਲਾਹੌਰੀ ਫ਼ੌਜ ਸੰਭਲ ਗਈ ਤੇ ਟਿਕਵੀਂ ਲੜਾਈ ਹੋਣ ਲਗ ਪਈ।

ਇਕ ਘੰਟਾ ਲੜਾਈ ਹੁੰਦੀ ਰਹੀ। ਦੋਹਾਂ ਪਾਸਿਆਂ ਨੇ ਆਪਣੀ ਅਣਖ ਤੇ ਜ਼ਿੰਦਗੀ ਮੌਤ ਦਾ ਸਵਾਲ ਬਣਾ ਕੇ ਇਹ ਲੜਾਈ ਲੜੀ, ਪਰ ਤਲਵਾਰ ਦੀ ਲੜਾਈ ਵਿਚ ਸਿੰਘਾਂ ਦਾ ਮੁਕਾਬਲਾ ਕਰਨਾ ਕਠਨ ਸੀ ਜਿਸ ਕਰਕੇ ਲਾਹੌਰੀ ਫ਼ੌਜ ਦੇ ਪੈਰ ਉਖੜ ਗਏ। ਲਾਹੌਰੀ ਫ਼ੌਜ ਨੇ ਦਿਲ ਨਾ ਛਡਿਆ ਪਰ ਪਿਛੇ ਹਟਦੀ ਹਟਦੀ ਵੀ ਕਈ ਘੰਟੇ ਲਗਾਤਾਰ ਲੜਦੀ ਰਹੀ। ਅਖ਼ੀਰ ਕੋਈ ਪੇਸ਼ ਨਾ ਜਾਂਦੀ ਵੇਖ ਕੇ ਫ਼ੌਜ ਨੱਸ ਉੱਠੀ।

ਸਿੰਘਾਂ ਨੇ ਗੱਡਿਆਂ 'ਤੇ ਕਬਜ਼ਾ ਕਰ ਲਿਆ। ਸਾਰੀਆਂ ਬੰਨ੍ਹੀਆਂ ਹੋਈਆਂ ਜ਼ਨਾਨੀਆਂ ਨੂੰ ਖੋਲ੍ਹਿਆ। ਦੇਖਿਆ ਕਿ ਸਰਦੀ ਨਾਲ ਉਹਨਾਂ ਦੀ ਹਾਲਤ ਬੜੀ ਮਾੜੀ ਏ। ਉਸੇ ਵੇਲੇ ਅੱਗ ਬਾਲੀ ਗਈ ਤੇ ਸਾਰਿਆਂ ਨੂੰ ਅੱਗ ਨੇੜੇ ਗਰਮੀ ਦਿੱਤੀ। ਏਸ ਤਰ੍ਹਾਂ ਕੁਝ ਹੋਸ਼ ਆਈ, ਪਰ ਬਹੁਤ ਸਾਰੇ ਬੱਚਿਆਂ ਨੂੰ ਠੰਢ ਲੱਗ ਗਈ ਤੇ ਉਹ ਬੀਮਾਰ ਹੋ ਗਏ। ਉਹਨਾਂ ਪਾਸੋਂ ਉਹਨਾਂ ਦੇ ਪਿੰਡਾਂ ਦਾ ਨਾਂ ਪੁਛਿਆ ਤੇ ਸਿੰਘਾਂ ਆਪੋ ਵਿਚ

ਇਲਾਕੇ ਵੰਡ ਲਏ ਜਿਥੇ ਜਾ ਕੇ ਉਹ ਇਹਨਾਂ ਜ਼ਨਾਨੀਆਂ ਨੂੰ ਵਾਪਸ ਘਰਾਂ ਵਿਚ ਪਹੁੰਚਾਣਗੇ।

ਅਜੇ ਚੱਲਣ ਹੀ ਲੱਗੇ ਸਨ ਕਿ ਗੁਲਾਬ ਸਿੰਘ ਤੇ ਪੋਖਰ ਵੀ ਘੋੜਾ ਭਜਾਂਦੇ ਆ ਗਏ। ਉਹਨਾਂ ਨੂੰ ਪਤਾ ਲੱਗਾ ਕਿ ਲਾਹੌਰੀ ਫ਼ੌਜਾਂ ਨੂੰ ਸਿੱਖਾਂ ਦਾ ਇਕ ਜਥਾ ਟੱਕਰ ਗਿਆ ਸੀ ਤੇ ਉਸ ਨੇ ਸਾਰੀਆਂ ਜ਼ਨਾਨੀਆਂ ਤੇ ਬੱਚਿਆਂ ਨੂੰ ਦੇਖਿਆ ਪਰ ਉਹਨਾਂ ਵਿਚ ਰੇਸ਼ਮਾ ਤੇ ਉਸ ਦੀ ਮਾਂ ਹਰੋ ਨਹੀਂ ਸੀ, ਨਾ ਹੀ ਉਹਨੂੰ ਬੱਚਿਆਂ ਵਿਚ ਆਪਣਾ ਦਲੀਪ ਨਜ਼ਰ ਆਇਆ। ਗੁਲਾਬ ਸਿੰਘ ਦੇ ਚਿਹਰੇ 'ਤੇ ਮਾਯੂਸੀ ਦੇਖ ਕੇ ਜਥੇ ਦੇ ਜਥੇਦਾਰ ਨੇ ਪੁੱਛਿਆ, "ਕੀ ਗੱਲ ਏ ਸਰਦਾਰ ਗੁਲਾਬ ਸਿੰਘ ਜੀ, ਸੁਖ ਤਾਂ ਹੈ?"

"ਕਾਹਦੀ ਸੁਖ ਏ, ਮੇਰੀ ਪਤਨੀ ਤੇ ਮਾਂ ਵੀ ਫ਼ੌਜ ਫੜ ਲਿਆਈ ਏ ਪਰ ਉਹ ਇਹਨਾਂ ਵਿਚ ਨਹੀਂ।"

"ਲਾਹੌਰੀ ਫ਼ੌਜ ਲਿਆਈ?" ਜਥੇਦਾਰ ਨੇ ਪੁਛਿਆ।

"ਲਿਆਈ ਤਾਂ ਉਹ ਹੀ ਏ।" ਗੁਲਾਬ ਸਿੰਘ ਨੇ ਦਸਿਆ।

"ਫਿਰ ਤੁਹਾਡਾ ਪਰਵਾਰ ਕਿਧਰ ਗਿਆ?" ਜਥੇਦਾਰ ਵੀ ਹੈਰਾਨ ਹੋ ਗਿਆ। ਕੁਝ ਸੋਚ ਕੇ ਉਸ ਜ਼ਨਾਨੀਆਂ ਨੂੰ ਪੁਛਿਆ, "ਤੁਹਾਡੇ ਨਾਲ ਹੋਰ ਵੀ ਸਨ ਕਿ ਬਸ ਇਤਨੀਆਂ ਹੀ ਸਨ?"

"ਸਾਡੇ ਨਾਲ ਹੋਰ ਵੀ ਸਨ", ਇਕ ਜ਼ਨਾਨੀ ਨੇ ਦਸਿਆ, "ਜਦ ਤੁਸੀਂ ਲੜਾਈ ਕਰ ਰਹੇ ਸੀ ਤਾਂ ਇਕ ਫ਼ੌਜੀ ਜਰਨੈਲ ਕੁਝ ਗੱਡੇ ਲੈ ਕੇ ਟੁਰ ਗਿਆ ਸੀ।"

"ਹੈਂ, ਸਾਨੂੰ ਪਤਾ ਨਹੀਂ ਲੱਗਾ।" ਜਥੇਦਾਰ ਨੇ ਕਿਹਾ, "ਤੁਸੀਂ ਉਦੋਂ ਕਿਉਂ ਨਾ ਦਸਿਆ? ਹੁਣ ਤਾਂ ਉਹ ਲਾਹੌਰ ਪਹੁੰਚ ਚੁਕੇ ਹੋਣਗੇ। ਪਿਛਾ ਕਰਨ ਦਾ ਕੋਈ ਲਾਭ ਨਹੀਂ।"

"ਉਹਨਾਂ ਵਿਚ ਇਕ ਬੁਢੀ ਤੇ ਇਕ ਜਵਾਨ ਜ਼ਨਾਨੀ ਵੀ ਸੀ ਜਿਸ ਦੇ ਕੁਛੜ ਕੁਛ ਦਿਨਾਂ ਦਾ ਬਾਲ ਏ?" ਗੁਲਾਬ ਸਿੰਘ ਨੇ ਪੁਛਿਆ।

"ਜੀ ਆਂ", ਇਕ ਜ਼ਨਾਨੀ ਨੇ ਕਿਹਾ, "ਉਹ ਤਾਂ ਸਭ ਤੋਂ ਅਗਲੇ ਗੱਡੇ 'ਤੇ ਸਨ। "ਬੁੱਢੀ ਨੂੰ ਮਾਰ ਕੇ ਪਿਛੇ ਸੁਟ ਗਏ ਹਨ।"

"ਹੈਂ! ਮੇਰੀ ਮਾਂ ਨੂੰ ਮਾਰ ਗਏ ਹਨ?" ਹੈਰਾਨ ਹੋ ਕੇ ਗੁਲਾਬ ਸਿੰਘ ਨੇ ਪੁਛਿਆ। ਜ਼ਨਾਨੀ ਨੇ ਸਿਰ ਹਿਲਾ ਕੇ 'ਹਾਂ' ਵਿਚ ਉੱਤਰ ਦਿੱਤਾ।

ਗੁਲਾਬ ਸਿੰਘ ਨੇ ਝਟ ਪੁਛਿਆ, "ਕਿਥੇ ਪਿਛੇ ਸੁਟ ਆਏ ਨੇ?"

"ਇਥੋਂ ਥੋੜ੍ਹੀ ਹੀ ਦੂਰ ਹੋਵੇਗਾ।" ਜ਼ਨਾਨੀ ਨੇ ਦਸਿਆ।

ਗੁਲਾਬ ਸਿੰਘ ਤੇ ਜਥੇਦਾਰ ਕੁਝ ਆਦਮੀਆਂ ਸਮੇਤ ਪਿਛਲੇ ਪਾਸੇ ਚੱਲ ਪਏ

ਤੇ ਰਾਹ ਵਿਚ ਦੋਵੇਂ ਪਾਸੇ ਪੜਤਾਲਦੇ ਗਏ। ਸਿੰਘ ਜ਼ਨਾਨੀਆਂ ਤੇ ਬੱਚਿਆਂ ਨੂੰ ਪਹਿਲੇ ਪ੍ਰੋਗਰਾਮ ਅਨੁਸਾਰ ਉਹਨਾਂ ਦੇ ਪਿੰਡ ਲੈ ਗਏ।

## 8

ਗੁਲਾਬ ਸਿੰਘ ਨੇ ਬੜਾ ਉਡੀਕਿਆ ਪਰ ਪੋਖਰ ਨਾ ਆਇਆ। ਉਡੀਕ ਵਿਚ ਉਹਦੇ ਲਈ ਮਿੰਟ-ਮਿੰਟ ਸਾਲ ਦਾ ਹੋ ਗਿਆ। ਉਹਨੂੰ ਇਹੀ ਖ਼ਿਆਲ ਆ ਰਿਹਾ ਸੀ ਕਿ ਫ਼ੌਜ ਨੇ ਲਾਹੌਰ ਲਿਜਾ ਕੇ ਪਤਾ ਨਹੀਂ ਉਹਦੇ ਪਰਵਾਰ ਤੇ ਦੂਜੀਆਂ ਜ਼ਨਾਨੀਆਂ ਦਾ ਕੀ ਹਾਲ ਕੀਤਾ ਏ ? ਉਹ ਘੜੀ ਮੁੜੀ ਇਹੀ ਅਰਦਾਸ ਕਰਦਾ, "ਸੱਚੇ ਪਾਤਿਸ਼ਾਹ ! ਮੇਰੀ ਰੇਸ਼ਮਾ ਨੂੰ ਬਲ ਬਖਸ਼ੀਂ ਕਿ ਉਹ ਜ਼ਾਲਮਾਂ ਦੇ ਅੱਤਿਆਚਾਰ ਸਹਿ ਸਕੇ। ਆਪਣਾ ਧਰਮ ਕੇਸਾਂ ਸਵਾਸਾਂ ਨਾਲ ਨਿਭਾਏ, ਅਜੇ ਤਾਂ ਉਸ ਨੇ ਕੁਝ ਹੀ ਦਿਨਾਂ ਤੋਂ ਸਿੱਖੀ ਧਾਰਨ ਕੀਤੀ ਏ। ਜੇ ਉਹ ਡੋਲ ਗਈ ਤਾਂ ਇਹ ਮੇਰੀ ਤੇ ਉਹਦੀ ਬੜੀ ਬਦਕਿਸਮਤੀ ਹੋਵੇਗੀ। ਹੇ ਅਕਾਲ ਪੁਰਖ ! ਆਪਣਾ ਭਾਣਾ ਮਿੱਠਾ ਕਰਕੇ ਮੰਨਣ ਦੀ ਸਮਰੱਥਾ ਦੇ।"

ਪੋਖਰ ਰਾਤ ਨੂੰ ਵਾਪਸ ਨਾ ਆਇਆ। ਦੂਜੇ ਦਿਨ ਸਵੇਰੇ ਹੀ ਬੁੱਢਾ ਪਿੰਡ ਤੋਂ ਗੁਲਾਬ ਸਿੰਘ ਲਈ ਬਹੁਤ ਕੁਝ ਖਾਣ ਵਾਸਤੇ ਲੈ ਆਇਆ। ਉਸ ਨੂੰ ਵੇਖਦਿਆਂ ਗੁਲਾਬ ਸਿੰਘ ਨੇ ਕਿਹਾ, "ਤੁਸੀਂ ਬੜੀ ਖੇਚਲ ਕਰ ਰਹੇ ਹੋ, ਬਜ਼ੁਰਗੋ।"

"ਖੇਚਲ ਕਾਹਦੀ ਏ ਪੁੱਤਰਾ, ਮੈਂ ਕੋਈ ਚੀਜ਼ ਕਿਧਰੋਂ ਮੰਗੀ ਨਹੀਂ। ਜੋ ਕੁਝ ਘਰ ਸੀ ਉਹ ਮਿੱਸਾ ਲੂਣਾ ਲੈ ਆਇਆ ਹਾਂ।" ਬੁੱਢੇ ਨੇ ਕਿਹਾ।

"ਬਾਬਾ ਜੀ ਤੁਸੀਂ ਜੋ ਪਿਆਰ ਪ੍ਰਗਟ ਕੀਤਾ ਏ ਉਸ ਲਈ ਮੈਂ ਸਾਰੀ ਜ਼ਿੰਦਗੀ ਤੁਹਾਡਾ ਅਹਿਸਾਨ ਨਹੀਂ ਭੁਲ ਸਕਦਾ।" ਗੁਲਾਬ ਸਿੰਘ ਨੇ ਕਿਹਾ।

"ਪੁੱਤਰ, ਹੁਣ ਝਟਪਟ ਇਹ ਰੋਟੀ ਖਾ ਲੈ।" ਬੁੱਢੇ ਨੇ ਰੋਟੀ ਖੋਲ੍ਹਦਿਆਂ ਕਿਹਾ।

"ਕਾਹਦੀ ਕਾਹਲੀ ਏ, ਖਾ ਹੀ ਲਵਾਂਗਾ।" ਗੁਲਾਬ ਸਿੰਘ ਨੇ ਕਿਹਾ, "ਮੈਂ ਜਦ ਤਕ ਉਹਨਾਂ ਦਾ ਪਤਾ ਨਹੀਂ ਲਾ ਲੈਂਦਾ, ਉਸ ਸਮੇਂ ਤਕ ਕੁਝ ਵੀ ਖਾਣਾ ਚੰਗਾ ਨਹੀਂ ਲਗਦਾ।"

"ਪੁੱਤਰ, ਇਹ ਗੱਲ ਠੀਕ ਏ ਪਰ ਮੇਰੇ ਪਿੰਡ ਵੀ ਪਤਾ ਲੱਗ ਗਿਆ ਏ ਤੇਰਾ। ਰਾਤ ਨੂੰ ਮੈਨੂੰ ਕਈ ਆਦਮੀ ਪੁੱਛਣ ਆਏ ਸਨ ਕਿ ਮੇਰੇ ਨਾਲ ਖੇਤਾਂ ਨੂੰ ਸਿਖ ਕਿਉਂ ਟੁਰਿਆ ਜਾਂਦਾ ਸੀ। ਮੈਂ ਉਹਨਾਂ ਨੂੰ ਭਾਵੇਂ ਟਾਲ ਦਿੱਤਾ ਏ ਪਰ ਤੈਨੂੰ ਪਤਾ ਏ ਕਿ ਜਨੂੰਨ ਕਿਸ ਹੱਦ ਤਕ ਪੁੱਜ ਗਿਆ ਏ। ਸਰਕਾਰ ਨੇ ਲੋਕਾਂ ਵਿਚ ਅਜਿਹਾ ਪ੍ਰਚਾਰ

ਕੀਤਾ ਹੋਇਆ ਏ ਕਿ ਮੁਸਲਮਾਨਾਂ ਦੇ ਵੈਰੀ ਸਿਖ ਹਨ। ਮੈਨੂੰ ਤਾਂ ਪਤਾ ਏ ਪਰ ਹਰ ਇਕ ਨੂੰ ਇਹ ਪਤਾ ਨਹੀਂ ਕਿ ਸਿੱਖਾਂ ਦਾ ਵੈਰ ਮੁਸਲਮਾਨਾਂ ਨਾਲ ਨਹੀਂ, ਸਗੋਂ ਜ਼ੁਲਮ ਨਾਲ ਏ।" ਬੁੱਢਾ ਅਜੇ ਗੱਲ ਕਰ ਹੀ ਰਿਹਾ ਸੀ ਕਿ ਪਿੰਡ ਵਲੋਂ ਰੌਲਾ ਸੁਣਾਈ ਦਿੱਤਾ। ਉਹ ਗੱਲਾਂ ਵਿਚੇ ਛੱਡ ਕੇ ਉਠਿਆ ਤੇ ਕੋਠੇ ਤੋਂ ਬਾਹਰ ਆ ਕੇ ਦੇਖਿਆ। ਪਿੰਡ ਦੇ ਕਈ ਆਦਮੀ ਉਹਨੂੰ ਆਪਣੇ ਖੂਹ ਵੱਲ ਭੱਜੇ ਆਉਂਦੇ ਨਜ਼ਰ ਆਏ। ਝਟ ਉਹ ਕਮਰੇ ਵਿਚ ਗਿਆ ਤੇ ਗੁਲਾਬ ਸਿੰਘ ਨੂੰ ਕਿਹਾ, "ਪੁੱਤਰ ਝਟਪਟ ਇਕ ਪਾਸੇ ਹੋ ਜਾ। ਮੈਨੂੰ ਇਉਂ ਜਾਪਦਾ ਏ ਕਿ ਲੋਕੀ ਤੇਰੇ ਵੱਲ ਆ ਰਹੇ ਹਨ। ਸਰਕਾਰ ਨੇ ਤੁਹਾਡਾ ਸਿਰ ਵੱਢਣ ਵਾਲੇ ਲਈ ਇਨਾਮ ਰੱਖੇ ਹੋਏ ਹਨ ਤੇ ਇਹ ਤੇਰੀ ਜਾਨ ਦੇ ਦੁਸ਼ਮਣ ਬਣ ਕੇ ਆ ਰਹੇ ਹਨ।"

"ਨਹੀਂ, ਇਸ ਤਰ੍ਹਾਂ ਲੁਕਣਾ ਤਾਂ ਠੀਕ ਨਹੀਂ; ਬਹਾਦਰਾਂ ਦਾ ਕਰਤੱਵ ਇਸ ਤਰ੍ਹਾਂ ਦੀ ਕਮਜ਼ੋਰੀ ਦੀ ਆਗਿਆ ਨਹੀਂ ਦਿੰਦਾ। ਇਸ ਲਈ ਆ ਲੈਣ ਦਿਓ ਇਹਨਾਂ ਨੂੰ, ਦੇਖੀ ਜਾਏਗੀ। ਨਿਬੜ ਲਵਾਂਗਾ ਮੈਂ ਉਹਨਾਂ ਨਾਲ।" ਗੁਲਾਬ ਸਿੰਘ ਨੇ ਕਿਹਾ ਤੇ ਝਟਪਟ ਆਪਣੇ ਸਾਰੇ ਸ਼ਸਤਰ ਸੰਭਾਲ ਲਏ।

"ਤੂੰ ਗ਼ਲਤੀ ਕਰ ਰਿਹੈਂ। ਇਸ ਤਰ੍ਹਾਂ ਬਚ ਜਾਣਾ ਕੋਈ ਬੁਜ਼ਦਿਲੀ ਨਹੀਂ, ਸਿਆਣਪ ਏ। ਜਾਣ ਕੇ ਮੌਤ ਦੇ ਮੂੰਹ ਵਿਚ ਜਾਣਾ ਬਹਾਦਰੀ ਨਹੀਂ। ਮੌਤ ਆਉਂਦੀ ਨੂੰ ਠੱਲ੍ਹ ਪਾਣ ਵਿਚ ਹੀ ਬਹਾਦਰੀ ਏ। ਝਟ ਦੀ ਗੱਲ ਏ, ਇਸ ਲਈ ਤੂੰ ਛੇਤੀ ਖੇਤਾਂ ਵਿਚ ਰਤੀ ਓਹਲੇ ਹੋ ਜਾ।" ਬੁੱਢੇ ਨੇ ਕਿਹਾ ਤੇ ਨਾਲ ਹੀ ਗੁਲਾਬ ਸਿੰਘ ਨੂੰ ਮੋਢੇ ਤੋਂ ਫੜ ਕੇ ਝਟਪਟ ਇਕ ਪਾਸੇ ਕਰ ਦਿੱਤਾ।

ਪਿੰਡ ਦੇ ਕਈ ਆਦਮੀ ਦੌੜਦੇ ਖੂਹ 'ਤੇ ਪੁਜ ਗਏ। ਇਕ ਨੇ ਆਉਂਦਿਆਂ ਕਿਹਾ....."ਚਾਚਾ ਕਿਥੇ ਈ ਸਿਖ ?"

"ਕਿਹੜਾ ਸਿਖ ?" ਬੁੱਢਾ ਬੋਲਿਆ।

"ਜਿਹੜਾ ਰਾਤ ਆਇਆ ਸੀ।" ਦੂਜੇ ਨੇ ਕਿਹਾ।

"ਇਥੇ ਤਾਂ ਆਇਆ ਨਹੀਂ।" ਬੁੱਢੇ ਨੇ ਦਸਿਆ।

"ਗ਼ਲਤ ਕਹਿੰਦਾ ਏ ਚਾਚਾ," ਇਕ ਬੋਲਿਆ, "ਅਸੀਂ ਕੱਲ੍ਹ ਤੇਰੇ ਨਾਲ ਆਉਂਦਾ ਦੇਖਿਆ ਸੀ ਤੇ ਰਾਤ ਨੂੰ ਸਾਨੂੰ ਫਿਰ ਇਤਲਾਹ ਮਿਲੀ ਏ ਕਿ ਉਹ ਤੇਰੇ ਕੋਲ ਖੂਹ 'ਤੇ ਏ। ਸਵੇਰੇ ਤੂੰ ਪਿੰਡੋਂ ਕਿਸ ਲਈ ਰੋਟੀ ਲਿਆ ਰਿਹਾ ਸੀ ?" ਪਹਿਲੇ ਆਦਮੀ ਨੇ ਕਿਹਾ। ਇਤਨੇ ਵਿਚ ਹੋਰ ਆਦਮੀ ਵੀ ਆ ਗਏ ਜੋ ਪਿਛੇ ਰਹਿ ਗਏ ਸਨ।

"ਸੱਚ ਦੱਸਾਂ।" ਬੁੱਢੇ ਨੇ ਕਿਹਾ, "ਰਾਤ ਆਇਆ ਸੀ। ਮੈਂ ਉਸ ਲਈ ਰੋਟੀ ਹੁਣ ਲੈ ਕੇ ਤੁਹਾਡੇ ਅਗੇ ਅਗੇ ਹੀ ਆਇਆ ਹਾਂ ਪਰ ਮੇਰੇ ਆਉਣ ਤੋਂ ਪਹਿਲਾਂ ਹੀ

ਉਹ ਟੁਰ ਗਿਆ ਏ। ਵੇਖ ਲਓ ਉਹਦੇ ਲਈ ਜਿਹੜੀ ਰੋਟੀ ਲਿਆਂਦੀ ਸੀ, ਉਹ ਵੀ ਅਜੇ ਤਕ ਪਈ ਏ। ਜੇ ਇਥੇ ਹੁੰਦਾ ਤਾਂ ਰੋਟੀ ਖਾ ਲੈਂਦਾ।"

"ਤੂੰ ਉਹਨੂੰ ਕਿਉਂ ਰਖਿਆ ? ਕਾਫ਼ਰਾਂ ਨੂੰ ਟਿਕਾਣਾ ਦੇ ਕੇ ਤੂੰ ਗੁਨਾਹ ਕੀਤਾ ਏ। ਜੇ ਅਸੀਂ ਸਰਕਾਰ ਨੂੰ ਇਤਲਾਹ ਦੇ ਦੇਈਏ ਤਾਂ ਤੇਰਾ ਕੀ ਹਾਲ ਹੋਵੇ ?" ਇਕ ਗੱਭਰੂ ਨੇ ਧਮਕੀ ਦਿੱਤੀ।

"ਮੈਨੂੰ ਸਮਝ ਨਹੀਂ ਆਈ ਕਿ ਤੁਹਾਨੂੰ ਸਾਰਿਆਂ ਨੂੰ ਕੀ ਹੋ ਗਿਆ ਏ ? ਸਿੱਖਾਂ ਪਿਛੇ ਕਿਉਂ ਹੱਥ ਧੋ ਕੇ ਪੈ ਗਏ ਹੋ। ਉਹ ਕਿਸ ਵਿਰੁਧ ਲੜ ਰਹੇ ਹਨ। ਤੁਹਾਡੇ ਵਿਰੁੱਧ ਨਹੀਂ, ਸਗੋਂ ਸਰਕਾਰ ਵਿਰੁੱਧ।" ਬੁੱਢੇ ਨੇ ਕਿਹਾ, "ਤੁਸੀਂ ਹੋਸ਼ ਕਰੋ ਤੇ ਜਾਓ ਘਰਾਂ ਨੂੰ, ਕੋਈ ਸਿਖ ਇਥੇ ਨਹੀਂ।"

ਬੁੱਢਾ ਪਹਿਲਾਂ ਤਾਂ ਘਬਰਾ ਗਿਆ ਪਰ ਫਿਰ ਝਟ ਹੀ ਸੰਭਲ ਕੇ ਉਸ ਕਿਹਾ, "ਸਿਖ ਮੇਰੇ ਪਾਸ ਹੈ ਪਰ ਪ੍ਰਾਹੁਣਾ ਹੈ। ਮੈਂ ਉਹਨੂੰ ਤੁਹਾਡੇ ਹਵਾਲੇ ਕਰਨ ਲਈ ਤਿਆਰ ਨਹੀਂ।"

"ਅਸੀਂ ਨਹੀਂ ਚਾਹੁੰਦੇ ਕਿ ਤੇਰੀ ਮੌਤ ਵੀ ਸਾਡੇ ਹੱਥੋਂ ਆਏ, ਆਖ਼ਰ ਤੂੰ ਪਿੰਡ ਦਾ ਬੰਦਾ ਏਂ।" ਪਰ ਯਾਦ ਰਖ ਜੇ ਸਿਖ ਸਾਡੇ ਹਵਾਲੇ ਨਾ ਕੀਤਾ ਤਾਂ ਅਸੀਂ ਤੇਰੀ ਵੀ ਹੱਡੀ ਹੱਡੀ ਕਰ ਦੇਣੀ ਏਂ।" ਗੱਭਰੂ ਨੇ ਬੜੇ ਸਖ਼ਤੀ ਭਰੇ ਢੰਗ ਨਾਲ ਕਿਹਾ।

"ਬਕਵਾਸ ਨਾ ਕਰ ਓਇ ਕਮੀਨਿਆ ! ਮੇਰੀ ਹੱਡੀ ਹੱਡੀ ਕਰਨ ਵਾਲਾ ਅਜੇ ਕੋਈ ਜੰਮਿਆ ਨਹੀਂ। ਕੀ ਹੋ ਗਿਆ ਜੇ ਮੈਂ ਉਮਰ ਦੇ ਪੱਖੋਂ ਬੁੱਢਾ ਹਾਂ; ਤੇਰੇ ਵਰਗੇ ਅਜੇ ਵੀ ਕਈ ਗਿਚਿਓਂ ਫੜ ਕੇ ਮਾਰ ਦਿਆਂ।" ਬੁੱਢੇ ਨੇ ਕਿਹਾ। ਉਹਨੂੰ ਪਤਾ ਸੀ ਕਿ ਜਿਤਨੇ ਬਹੁਤ ਭੁੜਕਣ ਵਾਲੇ ਬੰਦੇ ਹੁੰਦੇ ਹਨ ਉਹ ਦੂਜਿਆਂ ਨੂੰ ਪਹਿਲਾਂ ਯਰਕਾਨ ਦਾ ਯਤਨ ਕਰਦੇ ਹਨ ਪਰ ਜੇ ਅਗਲਾ ਨਾ ਯਰਕੇ ਤਾਂ ਆਪ ਯਰਕ ਜਾਂਦੇ ਹਨ। ਜਦ ਬੁੱਢੇ ਨੇ ਕੜਕ ਕੇ ਗੱਭਰੂ ਨੂੰ ਉਕਤ ਗੱਲਾਂ ਕਹੀਆਂ ਤਾਂ ਉਹ ਸਚਮੁਚ ਯਰਕ ਗਿਆ ਪਰ ਉਹਦੇ ਨਾਲ ਖੜੇ ਇਕ ਹੋਰ ਨੇ ਕਿਹਾ, "ਫੜੋ ਜ਼ਰਾ, ਇਹਨੂੰ ਲੰਮਿਆਂ ਪਾਓ ਫਿਰ ਦਸੇਗਾ ਸਿਖ ਕਿਥੇ ਵੇ।"

ਉਹਦੇ ਇਹ ਕਹਿਣ ਦੀ ਢਿਲ ਸੀ ਕਿ ਦੋ ਆਦਮੀਆਂ ਨੇ ਬੁੱਢੇ ਨੂੰ ਫੜ ਲਿਆ। ਬਾਕੀ ਦੋ ਦੌੜ ਕੇ ਕਮਰੇ ਵਿਚ ਜਾ ਵੜੇ, ਪਰ ਅੰਦਰ ਕੋਈ ਨਹੀਂ ਸੀ।

ਥੋੜ੍ਹੀ ਦੂਰ ਹੀ ਖੇਤਾਂ ਵਿਚ ਲੁਕਿਆ ਗੁਲਾਬ ਸਿੰਘ ਸਾਰਾ ਕੁਝ ਵੇਖ ਰਿਹਾ ਸੀ। ਕਈ ਵਾਰ ਉਹਦਾ ਦਿਲ ਕੀਤਾ ਕਿ ਉਹ ਬਾਹਰ ਆ ਕੇ ਇਨ੍ਹਾਂ ਨਾਲ ਦੋ ਹੱਥ ਕਰੇ ਪਰ ਫਿਰ ਉਹ ਅਗਲੇ ਪ੍ਰੋਗਰਾਮ ਬਾਰੇ ਸੋਚ ਕੇ ਚੁਪ ਰਿਹਾ ਪਰ ਜਦੋਂ ਪਿੰਡ ਦੇ ਬੰਦਿਆਂ ਨੇ ਬੁੱਢੇ ਨੂੰ ਫੜ ਲਿਆ ਤਾਂ ਗੁਲਾਬ ਸਿੰਘ ਆਪਣੇ ਆਪ 'ਤੇ ਕਾਬੂ ਨਾ ਰਖ ਸਕਿਆ।

ਉਸ ਝਟ ਬੰਦੂਕ ਸਿੱਧੀ ਕੀਤੀ ਤੇ ਨਿਸ਼ਾਨਾ ਬੰਨ੍ਹ ਕੇ ਘੋੜਾ ਦਬਾ ਦਿਤਾ, ਜਿਸ ਨੇ ਬੁੱਢੇ ਨੂੰ ਫੜਿਆ ਹੋਇਆ ਸੀ ਕਿ ਉਸ ਦੀ ਛਾਤੀ ਵਿਚ ਸਿੱਧੀ ਗੋਲੀ ਲੱਗੀ ਤੇ ਉਹ ਨਾਲ ਹੀ ਧਰਤੀ 'ਤੇ ਡਿੱਗ ਪਿਆ।

ਅਚਾਨਕ ਗੋਲੀ ਚੱਲਣ ਨਾਲ ਸਾਰੇ ਆਦਮੀਆਂ ਵਿਚ ਭਾਜੜ ਪੈ ਗਈ। ਉਹ ਤਾਂ ਕੇਵਲ ਡਾਂਗਾਂ ਲੈ ਕੇ ਆਏ ਸਨ ਤੇ ਉਹਨਾਂ ਨੂੰ ਇਹ ਨਹੀਂ ਸੀ ਪਤਾ ਕਿ ਅਗੋਂ ਬੰਦੂਕ ਵਾਲੇ ਸਿੰਘ ਨਾਲ ਵਾਹ ਪੈ ਜਾਵੇਗਾ।

ਗੁਲਾਬ ਸਿੰਘ ਖੇਤਾਂ ਤੋਂ ਬਾਹਰ ਆ ਗਿਆ ਤੇ ਭੱਜੇ ਜਾਂਦੇ ਇਕ ਹੋਰ ਆਦਮੀ ਨੂੰ ਗੋਲੀ ਮਾਰ ਕੇ ਡੇਗ ਲਿਆ। ਜਿਹੜੇ ਦੋ ਆਦਮੀ ਸਿਖ ਨੂੰ ਲੱਭਣ ਲਈ ਕਮਰੇ ਵਿਚ ਵੜੇ ਸਨ ਉਹਨਾਂ ਅੰਦਰੋਂ ਦਰਵਾਜ਼ਾ ਬੰਦ ਕਰ ਲਿਆ।

"ਪੁਤਰਾ! ਇਹ ਕੀ ਕੀਤਾ ਈ ?" ਬੁੱਢੇ ਨੇ ਗੁਲਾਬ ਸਿੰਘ ਦੇ ਨੇੜੇ ਆਉਣ 'ਤੇ ਉਹਨੂੰ ਕਿਹਾ।

"ਮੈਂ ਬਰਦਾਸ਼ਤ ਨਹੀਂ ਕਰ ਸਕਦਾ ਕਿ ਮੇਰੇ ਸਾਹਮਣੇ ਤੁਹਾਡਾ ਕੋਈ ਇਸ ਤਰ੍ਹਾਂ ਅਪਮਾਨ ਕਰਨ ਦਾ ਯਤਨ ਕਰੇ। ਤੁਹਾਡੇ ਵੱਲ ਉੱਠਣ ਵਾਲੀ ਬਾਂਹ ਵੱਢ ਕੇ ਰੱਖ ਦਿਆਂਗਾ।" ਗੁਲਾਬ ਸਿੰਘ ਇਹ ਕਹਿ ਕੇ ਕਮਰੇ ਵਿਚ ਚਲਾ ਗਿਆ। ਉਸ ਦੇਖ ਲਿਆ ਸੀ ਕਿ ਦੋ ਆਦਮੀ ਅੰਦਰ ਚਲੇ ਗਏ ਹਨ। ਇਸ ਲਈ ਅਗੇ ਜਾ ਕੇ ਉਸ ਜ਼ੋਰ ਦੀ ਲੱਤ ਮਾਰੀ ਤੇ ਕਿਹਾ, "ਦਰਵਾਜ਼ਾ ਖੋਲ੍ਹ ਦਿਓ ਨਹੀਂ ਤਾਂ ਮਾਰ ਦਿਆਂਗਾ ਤੁਹਾਨੂੰ ਵੀ।"

ਉਹਨਾਂ ਡਰਦੇ ਮਾਰੇ ਦਰਵਾਜ਼ਾ ਨਾ ਖੋਲ੍ਹਿਆ। ਅੰਦਰ ਥਰ ਥਰ ਕੰਬੀ ਜਾ ਰਹੇ ਸਨ। ਚਿਹਰੇ ਦਾ ਰੰਗ ਪੀਲਾ ਜ਼ਰਦ ਹੋ ਗਿਆ ਤੇ ਉਹਨਾਂ ਨੂੰ ਆਪਣੀ ਮੌਤ ਨੇੜੇ ਦਿਸਣ ਲਗ ਪਈ।

ਗੁਲਾਬ ਸਿੰਘ ਨੇ ਫਿਰ ਜ਼ੋਰ ਨਾਲ ਦਰਵਾਜ਼ੇ ਨੂੰ ਲੱਤ ਮਾਰੀ ਤੇ ਦਰਵਾਜ਼ਾ ਟੁੱਟ ਗਿਆ। ਦੋਹਾਂ ਨੂੰ ਗੁਲਾਬ ਸਿੰਘ ਨੇ ਗਿਚੀਓਂ ਫੜ ਲਿਆ ਤੇ ਬਾਹਰ ਕਢ ਲਿਆਇਆ। ਇਕ ਨੂੰ ਸੰਬੋਧਨ ਕਰਦਿਆਂ ਗੁਲਾਬ ਸਿੰਘ ਨੇ ਕਿਹਾ, "ਤੂੰ ਹੀ ਕਹਿੰਦਾ ਸੈਂ ਕਿ ਹੱਡੀ ਹੱਡੀ ਕਰ ਦਏਂਗਾ। ਕਰ ਹੁਣ ਬਚੂ ਵੇਖਾਂ ਮੈਂ ਤੇਰੀ ਸ਼ਕਤੀ ਨੂੰ।"

ਦੋਵੇਂ ਗੁਲਾਬ ਸਿੰਘ ਦੇ ਪੈਰੀਂ ਡਿਗ ਪਏ। ਬਹੁਤਾ ਉੱਚੀ ਬੋਲ ਕੇ ਬੁੱਢੇ ਨੂੰ ਡਰਾਉਣ ਵਾਲੇ ਦੀਆਂ ਚੀਕਾਂ ਨਿਕਲ ਗਈਆਂ। ਉਸ ਬੜੇ ਤਰਲੇ ਨਾਲ ਕਿਹਾ, "ਅਸੀਂ ਭੁੱਲ ਗਏ। ਸਾਡੀ ਤੋਬਾ, ਅਸੀਂ ਅੱਗੋਂ ਕਦੇ ਸਿੱਖਾਂ ਵਿਰੁੱਧ ਕੁਝ ਨਹੀਂ ਕਰਦੇ, ਸਾਨੂੰ ਅੱਜ ਬਖ਼ਸ਼ ਦਿਓ।"

ਗੁਲਾਬ ਸਿੰਘ ਬੜੇ ਗੁੱਸੇ ਨਾਲ ਇਹਨਾਂ ਵੱਲ ਦੇਖ ਰਿਹਾ ਸੀ ਤੇ ਸੋਚ ਰਿਹਾ ਸੀ ਕਿ ਕਿੰਨੇ ਗੀਦੀ ਹਨ ਇਹ! ਝਟ ਪਹਿਲਾਂ ਬੜੇ ਆਕੜ ਰਹੇ ਸਨ ਪਰ ਹੁਣ ਝਗ

ਦੀ ਤਰ੍ਹਾਂ ਬਹਿ ਗਏ ਹਨ।

ਇਕ ਗੱਭਰੂ ਨੇ ਉਸ ਬੁੱਢੇ ਦੇ ਪੈਰ ਫੜ ਲਏ ਤੇ ਕਿਹਾ, "ਚਾਚਾ, ਅਸੀਂ ਗ਼ਲਤੀ ਕਰ ਬੈਠੇ ਹਾਂ, ਹੁਣ ਸਾਡੀ ਜਾਨ ਬਚਾਅ।"

ਬੁੱਢੇ ਨੇ ਉਹਨੂੰ ਉਪਰ ਚੁਕਿਆ ਤੇ ਕਿਹਾ, "ਘਬਰਾ ਨਾ ਹੁਣ ਤੁਹਾਨੂੰ ਕੁਝ ਨਹੀਂ ਕਿਹਾ ਜਾਏਗਾ। ਪੁੱਤਰ, ਇਹਨਾਂ ਨੂੰ ਕੁਝ ਨਹੀਂ ਕਹਿਣਾ, ਜਵਾਨੀ ਦੇ ਜੋਸ਼ ਵਿਚ ਇਹ ਬੜੀ ਗ਼ਲਤੀ ਕਰਨ ਲਗੇ ਸਨ। ਇਹਨਾਂ ਨੂੰ ਛੱਡ ਦਿਓ।"

"ਤੁਸੀਂ ਬੜੇ ਹੀ ਖੁਲ੍ਹ ਦਿਲੇ ਹੋ; ਝਟ ਮਾਫ਼ ਕਰ ਦਿੰਦੇ ਹੋ।" ਗੁਲਾਬ ਸਿੰਘ ਨੇ ਕਿਹਾ।

"ਸਿਖ ਘੱਟ ਖੁਲ੍ਹ ਦਿਲੇ ਤਾਂ ਨਹੀਂ।" ਬੁੱਢੇ ਨੇ ਕਿਹਾ, "ਇਹਨਾਂ ਨੂੰ ਜਾਣ ਦਿਓ।"

ਗੁਲਾਬ ਸਿੰਘ ਨੇ ਇਨ੍ਹਾਂ ਦੋਹਾਂ ਨੂੰ ਫੜ ਕੇ ਖੜੇ ਕੀਤਾ ਤੇ ਕਿਹਾ, "ਵੇਖੋ ਸਾਨੂੰ ਕੋਈ ਸ਼ਿਕਾਇਤ ਨਹੀਂ ਹੋਣੀ ਚਾਹੀਦੀ। ਜੇ ਕਦੇ ਤੁਸੀਂ ਸਿੱਖਾਂ ਦੀ ਵਿਰੋਧਤਾ ਕੀਤੀ ਤਾਂ ਮੈਂ ਛਡਾਂਗਾ ਨਹੀਂ, ਹੁਣ ਇਹਨਾਂ ਬਜ਼ੁਰਗਾਂ ਨਾਲ ਵੈਰ ਕੀਤਾ ਤਾਂ ਵੀ ਮੈਂ ਨਹੀਂ ਰਹਿਣ ਦੇਣਾ। ਪਿੰਡ ਵਿਚ ਜਾ ਕੇ ਇਹਨਾਂ ਫਟੜਾਂ ਦਾ ਇਲਾਜ ਕਰਾਓ।"

ਗੋਲੀਆਂ ਲਗੇ ਦੋਵੇਂ ਅਜੇ ਤਕ ਪਏ ਤੜਫ਼ ਰਹੇ ਸਨ। ਜਿਸ ਦੀ ਛਾਤੀ ਵਿਚ ਗੋਲੀ ਲੱਗੀ ਸੀ ਉਹ ਤਾਂ ਝਟ ਹੀ ਮਰ ਗਿਆ ਪਰ ਦੂਜੇ ਦੇ ਗੋਲੀ ਖ਼ਤਰਨਾਕ ਥਾਂ 'ਤੇ ਨਹੀਂ ਸੀ ਲੱਗੀ। ਉਹਨੂੰ ਝਟ ਦੋਵੇਂ ਚੁਕ ਕੇ ਪਿੰਡ ਲੈ ਗਏ।

"ਬਜ਼ੁਰਗੋ! ਮੈਂ ਤੁਹਾਨੂੰ ਕੱਲ੍ਹ ਵੀ ਕਿਹਾ ਸੀ ਕਿ ਮੈਨੂੰ ਰਖਣਾ ਤੁਹਾਨੂੰ ਮਹਿੰਗਾ ਪਏਗਾ, ਇਸ ਲਈ ਤੁਸੀਂ ਜਾਣ ਦਿਓ। ਪਰ ਤੁਸੀਂ ਮੇਰੀ ਗੱਲ ਨਹੀਂ ਮੰਨੀ, ਹੁਣ ਅੱਜ ਜੋ ਕੁਝ ਹੋਇਆ ਏ ਉਸ ਨਾਲ ਤੁਹਾਡੇ ਵਿਰੁੱਧ ਪਿੰਡ ਹੋ ਜਾਏਗਾ।"

"ਮੈਂ ਵੀ ਇਹ ਸੋਚ ਰਿਹਾ ਸਾਂ, ਪਰ ਚਲੋ ਜੋ ਹੋਵੇਗੀ ਨਿਬੜ ਲਵਾਂਗਾ। ਤੂੰ ਹੁਣ ਝਟਪਟ ਇਥੋਂ ਚਲਾ ਜਾ।" ਬੁੱਢੇ ਨੇ ਕਿਹਾ।

"ਮੈਂ ਕਿਵੇਂ ਜਾਵਾਂ, ਪੋਖਰ ਨੂੰ ਮੈਂ ਇਥੇ ਆਉਣ ਲਈ ਕਿਹਾ ਸੀ, ਉਹ ਅਜੇ ਤਕ ਨਹੀਂ ਆਇਆ। ਉਸ ਦੇ ਆਉਣ 'ਤੇ ਹੀ ਜਾਵਾਂਗਾ।" ਗੁਲਾਬ ਸਿੰਘ ਨੇ ਕਿਹਾ ਤੇ ਸੋਚੀਂ ਪੈ ਗਿਆ। ਬੁੱਢਾ ਵੀ ਸੋਚਣ ਲਗ ਪਿਆ। ਉਹਨੂੰ ਮਹਿਸੂਸ ਹੋਇਆ ਕਿ ਪਿੰਡ ਵਿਚ ਤਾਂ ਉਹਦੇ ਵਿਰੁੱਧ ਅੱਗ ਲਗੀ ਹੋਵੇਗੀ। ਇਸ ਦੇ ਚਲੇ ਜਾਣ ਪਿਛੋਂ ਮੈਨੂੰ ਕਿਸੇ ਜੀਉਂਦਾ ਨਹੀਂ ਰਹਿਣ ਦੇਣਾ। ਇਸ ਲਈ ਮੈਨੂੰ ਵੀ ਤੁਰੰਤ ਇਥੋਂ ਚਲੇ ਜਾਣਾ ਚਾਹੀਦਾ ਹੈ। ਬੁੱਢੇ ਨੇ ਕਿਹਾ, "ਪੁੱਤਰ ਮੈਂ ਹੁਣ ਇਸ ਪਿੰਡ ਵਿਚ ਰਹਿ ਨਹੀਂ ਸਕਣਾ। ਜੇ ਚੰਗਾ ਕਰੋ ਤਾਂ ਮੇਰੇ ਨਾਲ ਪਿੰਡ ਤਕ ਚਲੋ। ਅਸੀਂ ਕਹਿ ਆਈਏ ਤੇ ਫਿਰ ਮੈਂ ਵੀ ਤੇਰੇ ਨਾਲ ਹੀ ਚਲਦਾ ਹਾਂ।"

"ਨਹੀਂ, ਤੁਹਾਨੂੰ ਘਰ ਨਹੀਂ ਛੱਡਣਾ ਚਾਹੀਦਾ।" ਗੁਲਾਬ ਸਿੰਘ ਨੇ ਕਿਹਾ।

"ਮੈਂ ਨਹੀਂ ਰਹਿ ਸਕਦਾ।" ਬੁੱਢੇ ਨੇ ਕਿਹਾ।

"ਚੰਗਾ ਫਿਰ ਤੁਸੀਂ ਪਿੰਡ ਤੋਂ ਆਪ ਹੀ ਹੋ ਆਓ।" ਜੇ ਮੈਂ ਨਾਲ ਗਿਆ ਤੇ ਪਿੰਡ ਵਾਲੇ ਟੱਬਰ ਨਾਲ ਵੀ ਵਿਗਾੜ ਕਰਨਗੇ।" ਗੁਲਾਬ ਸਿੰਘ ਨੇ ਕਿਹਾ।

"ਚੰਗਾ ਮੈਂ ਘੋੜੇ 'ਤੇ ਜਾ ਕੇ ਹੋ ਆਉਂਦਾ ਹਾਂ।" ਬੁੱਢੇ ਨੇ ਕਿਹਾ ਤੇ ਘੋੜਾ ਭਜਾਂਦਾ ਪਿੰਡ ਪੁੱਜਾ।

ਘਰ ਵਿਚ ਸਿਰਫ਼ ਉਹਦੀ ਬੁੱਢੀ ਪਤਨੀ ਹੀ ਸੀ। ਉਸ ਨੂੰ ਸਾਰੀ ਗੱਲ ਸਮਝਾ ਕੇ ਬੁੱਢੇ ਨੇ ਕਿਹਾ, "ਹੁਣ ਘਬਰਾਣ ਦੀ ਲੋੜ ਨਹੀਂ। ਹਾਲਾਤ ਦਾ ਦਲੇਰੀ ਨਾਲ ਟਾਕਰਾ ਕਰਨਾ ਪਵੇਗਾ। ਤੂੰ ਮੇਰੇ ਭਤੀਜਿਆਂ ਨੂੰ ਸਾਰੀ ਗੱਲ ਦੱਸ ਦੇਈਂ ਤੇ ਕਹਿ ਦੇਈਂ ਕਿ ਮੇਰੀ ਜ਼ਮੀਨ ਸਾਂਭ ਲੈਣ। ਮੈਂ ਕੁਝ ਦਿਨ ਬਾਹਰ ਲਾ ਕੇ ਆ ਜਾਵਾਂਗਾ। ਉਦੋਂ ਤਕ ਕੁਝ ਠੰਢ ਹੋ ਜਾਵੇਗੀ। ਹੁਣ ਮੇਰਾ ਇਥੇ ਰਹਿਣਾ ਠੀਕ ਨਹੀਂ।"

ਬੁੱਢੀ ਕਾਫ਼ੀ ਸਿਆਣੀ ਸੀ। ਗੱਲ ਸੁਣ ਕੇ ਪਹਿਲਾਂ ਤਾਂ ਉਸ ਨੂੰ ਬੜੀ ਘਬਰਾਹਟ ਹੋਈ ਪਰ ਫਿਰ ਉਸ ਨੇ ਗੱਲ ਠੀਕ ਸਮਝ ਕੇ ਬੁੱਢੇ ਨੂੰ ਜਾਣ ਤੋਂ ਨਾ ਰੋਕਿਆ।

ਜਦ ਬੁੱਢਾ ਵਾਪਸ ਪਰਤਿਆ ਤਾਂ ਗੁਲਾਬ ਸਿੰਘ ਨੇ ਕਿਹਾ, "ਸਾਨੂੰ ਕਿਧਰ ਨੂੰ ਜਾਣਾ ਚਾਹੀਦਾ ਹੈ?"

"ਲਾਹੌਰ ਵਲ ਚੱਲੀਏ", ਬੁੱਢੇ ਨੇ ਕਿਹਾ, "ਉਤੋਂ ਰਾਤ ਪੈਣ ਵਾਲੀ ਏ ਤੇ ਰਾਤ ਦੇ ਹਨੇਰੇ ਦੀ ਆੜ ਵਿਚ ਅਸੀਂ ਚਲੇ ਜਾਵਾਂਗੇ। ਮੈਨੂੰ ਆਸ ਹੈ ਕਿ ਪੋਖਰ ਸਾਨੂੰ ਰਾਹ ਵਿਚ ਮਿਲ ਪਵੇਗਾ ਤੇ ਉਹਨੂੰ ਲੈ ਕੇ ਫੇਰ ਜਿਵੇਂ ਉਹ ਹਾਲਾਤ ਦੱਸੇਗਾ, ਅਗਲਾ ਪ੍ਰੋਗਰਾਮ ਬਣਾ ਲਵਾਂਗੇ।"

"ਮੈਂ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਲ ਚੱਲੀਏ ਤੇ ਉਥੋਂ ਸਿੰਘਾਂ ਨੂੰ ਨਾਲ ਲੈ ਕੇ ਲਾਹੌਰ ਵਲ ਜਾਈਏ।" ਗੁਲਾਬ ਸਿੰਘ ਨੇ ਕਿਹਾ।

"ਲਾਹੌਰ ਬਹੁਤ ਵੱਡਾ ਸ਼ਹਿਰ ਏ। ਉਥੇ ਹਮਲਾ ਕਰਨ ਤੋਂ ਪਹਿਲਾਂ ਉਥੋਂ ਬਾਰੇ ਪੂਰੀ ਵਾਕਫ਼ੀਅਤ ਹੋਣੀ ਜ਼ਰੂਰੀ ਹੈ। ਇਸ ਲਈ ਜਦ ਤਕ ਪੋਖਰ ਪਰਤ ਕੇ ਨਾ ਆਏ, ਉਦੋਂ ਤਕ ਲਾਹੌਰ 'ਤੇ ਚੜ੍ਹਾਈ ਲਈ ਜਾਣ ਦਾ ਕੋਈ ਲਾਭ ਨਹੀਂ। ਹੋ ਸਕਦਾ ਏ ਕਿ ਉਹ ਜ਼ਨਾਨੀਆਂ ਨੂੰ ਲਾਹੌਰ ਤੋਂ ਹੋਰ ਕਿਸੇ ਪਾਸੇ ਲੈ ਗਏ ਹੋਣ। ਲਾਹੌਰ ਵਿਚ ਸ਼ਾਹੀ ਫ਼ੌਜ ਵੀ ਘਟ ਨਹੀਂ। ਲਾਹੌਰੀ ਫ਼ੌਜ ਦਾ ਟਾਕਰਾ ਤਾਂ ਤੁਸੀਂ ਅਜੇ ਕਰ ਨਹੀਂ ਸਕਦੇ। ਦਾਅ ਲਾਉਣ ਲਈ ਜਿੰਨਾ ਕੁਝ ਪਤਾ ਹੋਣਾ ਚਾਹੀਦਾ ਹੈ ਉਹ ਨਹੀਂ।" ਬੁੱਢੇ ਨੇ ਬੜੀਆਂ ਸਿਆਣਪ ਭਰੀਆਂ ਗੱਲਾਂ ਕਹੀਆਂ, ਜਿਨ੍ਹਾਂ ਦਾ ਗੁਲਾਬ ਸਿੰਘ 'ਤੇ ਬੜਾ ਪ੍ਰਭਾਵ ਪਿਆ।

ਦੋਵੇਂ ਘੋੜਿਆਂ 'ਤੇ ਸਵਾਰ ਹੋ ਕੇ ਲਾਹੌਰ ਵੱਲ ਨੂੰ ਚੱਲ ਪਏ। ਉਪਰੋਂ ਡੂੰਘੀਆਂ ਸ਼ਾਮਾਂ ਪੈ ਗਈਆਂ ਤੇ ਹੌਲੀ ਹੌਲੀ ਹਨੇਰਾ ਚਾਰ-ਚੁਫੇਰੇ ਪਸਰ ਗਿਆ।

ਪੋਖਰ ਲਾਹੌਰ ਤੋਂ ਵਾਪਸ ਪਰਤ ਆਇਆ, ਪਰ ਬੁੱਢੇ ਦੇ ਖੂਹ 'ਤੇ ਉਹਨੂੰ ਗੁਲਾਬ ਸਿੰਘ ਨਾ ਮਿਲਿਆ। ਹਨੇਰਾ ਚੰਗਾ ਪੈ ਜਾਣ 'ਤੇ ਪਿੰਡ ਦੇ ਲੋਕੀਂ ਸਭ ਪਿੰਡ ਆ ਚੁਕੇ ਸਨ ਤੇ ਇਸ ਲਈ ਉਹਨੂੰ ਬੁੱਢੇ ਬਾਰੇ ਵੀ ਪਤਾ ਲਗਣਾ ਔਖਾ ਹੋ ਗਿਆ।

ਪੋਖਰ ਪਿੰਡ ਵਲ ਗਿਆ। ਉਹਨੂੰ ਉਥੋਂ ਗੱਲਾਂ ਤੋਂ ਪਤਾ ਲਗ ਗਿਆ ਕਿ ਪਿੰਡ ਵਾਲਿਆਂ ਨੇ ਹਮਲਾ ਕੀਤਾ ਸੀ। ਗੁਲਾਬ ਸਿੰਘ ਨੇ ਉਹਨਾਂ ਨੂੰ ਭਜਾ ਦਿਤਾ। ਉਸ ਅਨੁਮਾਨ ਲਾ ਲਿਆ ਕਿ ਜ਼ਰੂਰ ਗੁਲਾਬ ਸਿੰਘ ਅੰਮ੍ਰਿਤਸਰ ਵਲ ਗਿਆ ਹੋਵੇਗਾ। ਇਸ ਲਈ ਉਹਨੂੰ ਹੁਣ ਠਹਿਰਨਾ ਨਹੀਂ ਚਾਹੀਦਾ।

ਪਿੰਡ ਤੋਂ ਬਾਹਰ ਆ ਕੇ ਉਸ ਸੋਚਿਆ ਕਿ ਹੁਣ ਉਹ ਜਾਏ ਕਿਧਰ। ਕਿਤਨਾ ਚਿਰ ਉਹ ਦੋ-ਚਿੱਤੀ ਵਿਚ ਪਿਆ ਰਿਹਾ ਤੇ ਅਖ਼ੀਰ ਫ਼ੈਸਲਾ ਕਰ ਲਿਆ ਕਿ ਉਹ ਲਾਹੌਰ ਜਾਵੇ। ਸਿਖ ਹਮਲਾ ਕਰ ਕੇ ਜ਼ਰੂਰ ਆਉਣਗੇ, ਇਸ ਲਈ ਉਹ ਪੂਰੀ ਜਾਣਕਾਰੀ ਪ੍ਰਾਪਤ ਕਰਕੇ ਪਤਾ ਰਖੇ। ਜਦੋਂ ਉਹ ਹਮਲਾ ਕਰ ਕੇ ਆਉਣ ਤਾਂ ਮਦਦ ਕਰ ਸਕੇ।

ਮਨ ਨਾਲ ਪੱਕਾ ਫ਼ੈਸਲਾ ਕਰਕੇ ਰਾਤੋ ਰਾਤ ਪੋਖਰ ਲਾਹੌਰ ਨੂੰ ਚੱਲ ਪਿਆ।

## ੫

ਹਾਤੇ ਦੇ ਅੰਦਰਲੇ ਪਾਸੇ ਹੀ ਇਕ ਕਮਰੇ ਵਿਚ ਮਿਰਜ਼ਾ ਸਾਹਿਬ ਮੰਜੇ 'ਤੇ ਬੈਠੇ ਸਨ ਕਿ ਦੋ ਸਿਪਾਹੀ ਫੜ ਕੇ ਇਕ ਜ਼ਨਾਨੀ ਨੂੰ ਲੈ ਆਏ। ਉਸ ਦੀ ਉਮਰ ਅਜੇ ਮਸਾਂ ੩੦ ਕੁ ਸਾਲ ਹੋਵੇਗੀ, ਆਉਂਦਿਆਂ ਉਹ ਕਮਰੇ ਦੇ ਦਰਵਾਜ਼ੇ ਵਿਚ ਰੁਕ ਗਈ। ਅੰਦਰ ਜਾਣ ਤੋਂ ਉਹਨੂੰ ਝਾਕਾ ਆ ਗਿਆ। ਇਕ ਸਿਪਾਹੀ ਨੇ ਉਹਨੂੰ ਜ਼ੋਰ ਨਾਲ ਧੱਕਾ ਦਿੱਤਾ ਤੇ ਉਹ ਅੰਦਰ ਡਿਗ ਪਈ। ਡਿਗਦਿਆਂ ਉਹਦੇ ਗੋਡੇ ਛਿੱਲੇ ਗਏ, ਨੱਕ 'ਤੇ ਸੱਟ ਲੱਗੀ ਜਿਸ ਕਾਰਨ ਲਹੂ ਵਗਣ ਲੱਗ ਪਿਆ।

"ਤੁਸੀਂ ਜਾਓ।" ਮਿਰਜ਼ਾ ਸਾਹਿਬ ਨੇ ਸਿਪਾਹੀਆਂ ਨੂੰ ਕਿਹਾ। ਫਿਰ ਜ਼ਨਾਨੀ ਨੂੰ ਸੰਬੋਧਨ ਹੋ ਕੇ ਬੋਲੇ, "ਕਿਉਂ ਇਤਨੀ ਖੁਆਰ ਹੋ ਰਹੀ ਏਂ? ਮੈਂ ਅੱਜ ਤੈਨੂੰ ਇਹ

ਕਹਿਣ ਲਈ ਸੱਦਿਆ ਏ ਕਿ ਸਾਨੂੰ ਹੁਕਮ ਆ ਗਿਆ ਏ ਕਿ ਉਹਨਾਂ ਸਾਰੀਆਂ ਜ਼ਨਾਨੀਆਂ ਨੂੰ ਕਤਲ ਕਰ ਦਿਓ ਜੋ ਮੁਸਲਮਾਨ ਬਣਨ ਲਈ ਤਿਆਰ ਨਹੀਂ। ਮੈਂ ਨਹੀਂ ਚਾਹੁੰਦਾ ਕਿ ਤੈਨੂੰ ਵੀ ਕਤਲ ਕਰਾਂ। ਜਿਸ ਦਿਨ ਦੀ ਤੂੰ ਆਈ ਏਂ, ਮੈਂ ਇਹੀ ਸੋਚ ਰਿਹਾ ਹਾਂ ਕਿ ਤੈਨੂੰ ਕਿਸੇ ਸਿਖ ਦੇ ਘਰ ਨਹੀਂ ਸੀ ਵਿਆਹਿਆ ਜਾਣਾ ਚਾਹੀਦਾ। ਚਲੋ, ਉਹ ਤੇ ਤੇਰੇ ਘਰਦਿਆਂ ਨੇ ਗ਼ਲਤੀ ਕੀਤੀ ਸੀ ਹੁਣ ਕਿਉਂ ਆਪ ਜਾਣ ਕੇ ਆਪਣਾ ਜੀਵਨ ਅਜਾਈਂ ਗੁਆ ਰਹੀ ਏਂ ?"

"ਮਿਰਜ਼ਾ ਜੀ, ਤੁਹਾਡੀ ਹਮਦਰਦੀ ਦਾ ਧੰਨਵਾਦ; ਪਰ ਮੈਂ ਸਾਫ਼ ਦੱਸ ਦਿਆਂ ਕਿ ਮੈਂ ਆਪਣਾ ਧਰਮ ਕਿਸੇ ਕੀਮਤ 'ਤੇ ਵੀ ਛੱਡਣ ਲਈ ਤਿਆਰ ਨਹੀਂ। ਮੈਨੂੰ ਸਿੱਖੀ ਸਰੀਰ ਤੇ ਜਾਨ ਨਾਲੋਂ ਪਿਆਰੀ ਏ; ਤੁਹਾਨੂੰ ਪਤਾ ਨਹੀਂ ਸਿਖ ਨੂੰ ਜਦ ਅੰਮ੍ਰਿਤ ਛਕਾਇਆ ਜਾਂਦਾ ਹੈ ਤਾਂ ਉਸ ਵੇਲੇ ਉਹ ਆਪਣਾ ਆਪ ਗੁਰੂ ਦੇ ਹਵਾਲੇ ਕਰ ਦੇਂਦਾ ਹੈ। ਸੀਸ ਭੇਟ ਕਰਨ 'ਤੇ ਹੀ ਸਿੱਖੀ ਦੀ ਦਾਤ ਮਿਲਦੀ ਏ। ਇਸ ਲਈ ਹੁਣ ਇਹ ਸਰੀਰ ਤੇ ਜਾਨ ਸਾਡੀ ਨਹੀਂ ਗੁਰੂ ਦੀ ਏ। ਉਸ ਗੁਰੂ ਦੀ, ਜਿਸਦਾ ਪੱਲਾ ਛਡਣ ਲਈ ਤੁਸੀਂ ਪ੍ਰੇਰ ਰਹੇ ਹੋ।" ਜ਼ਨਾਨੀ ਨੇ ਬੜੀ ਦਲੇਰੀ ਨਾਲ ਕਿਹਾ ਤੇ ਚੁੰਨੀ ਦੇ ਪੱਲੇ ਨਾਲ ਨੱਕ ਤੋਂ ਆ ਰਿਹਾ ਖ਼ੂਨ ਪੂੰਝਿਆ।

"ਹੱਦ ਹੋ ਗਈ, ਤੇਰਾ ਇਤਨਾ ਲਹੂ ਚੱਲ ਰਿਹਾ ਏ, ਤੈਨੂੰ ਕੋਈ ਘਬਰਾਹਟ ਨਹੀਂ। ਸਾਡੀਆਂ ਤੀਵੀਆਂ ਤਾਂ ਇਸ ਤਰ੍ਹਾਂ ਨਹੀਂ ਸਹਾਰ ਸਕਦੀਆਂ।" ਮਿਰਜ਼ੇ ਨੇ ਹੈਰਾਨੀ ਨਾਲ ਅੱਖਾਂ ਟੱਡ ਕੇ ਉਸ ਵੱਲ ਦੇਖਦਿਆਂ ਕਿਹਾ।

"ਬਸ ਇਹ ਫ਼ਰਕ ਸਿੱਖੀ ਕਰਕੇ ਜੇ, ਜੋ ਤੁਸੀਂ ਮੇਰੇ ਤੋਂ ਖੋਹਣਾ ਚਾਹੁੰਦੇ ਹੋ। ਮੈਨੂੰ ਇਹ ਦਸੋ ਕਿ ਸਾਨੂੰ ਮੁਸਲਮਾਨ ਬਣਾ ਕੇ ਤੁਹਾਨੂੰ ਕੀ ਮਿਲੇਗਾ ? ਇਸ ਤਰ੍ਹਾਂ ਸਿਖ ਖ਼ਤਮ ਨਹੀਂ ਹੋਣ ਲੱਗੇ। ਸਿੱਖਾਂ ਦਾ ਵਿਸ਼ਵਾਸ ਤਾਂ ਇਹ ਹੈ ਕਿ ਜਿਉਂ ਜਿਉਂ ਤੁਸੀਂ ਉਹਨਾਂ 'ਤੇ ਵਧੇਰੇ ਜ਼ੁਲਮ ਕਰਦੇ ਜਾਓਗੇ ਤਿਉਂ ਤਿਉਂ ਉਹ ਵਧੇਰੇ ਮਜ਼ਬੂਤ ਹੁੰਦੇ ਜਾਣਗੇ। ਤੁਹਾਡੇ ਚੌਧਰੀ ਮੀਰ ਮੰਨੂ ਨੂੰ ਬੜੀ ਖ਼ੁਸ਼ੀ ਏ ਕਿ ਸਿੱਖਾਂ ਦੇ ਘਰ ਉਜਾੜ ਦਿੱਤੇ ਨੇ, ਪਰ ਪਤਾ ਜੇ, ਸਿਖ ਕੀ ਗਾਉਂਦੇ ਫਿਰਦੇ ਹਨ...... ?" ਜ਼ਨਾਨੀ ਨੇ ਕਿਹਾ।

"ਕੀ ?" ਉਹਦੀ ਗੱਲ ਵਿਚੇ ਟੋਕ ਕੇ ਮਿਰਜ਼ਾ ਸਾਹਿਬ ਨੇ ਪੁੱਛਿਆ।

"ਮੰਨੂ ਅਸਾਡੀ ਦਾਤਰੀ ਅਸੀਂ ਮੰਨੂ ਦੇ ਸੋਏ। ਜਿਉਂ ਜਿਉਂ ਮੰਨੂ ਵਢਦਾ ਅਸੀਂ ਦੂਣੇ ਚੌਣੇ ਹੋਏ।" ਜ਼ਨਾਨੀ ਨੇ ਦਸਿਆ।

"ਇਹ ਸਿੱਖਾਂ ਨੂੰ ਭੁਲੇਖਾ ਏ ਕਿ ਉਹ ਮੀਰ ਮੰਨੂ ਨੂੰ ਹਰਾ ਲੈਣਗੇ। ਜ਼ਕਰੀਆ ਖ਼ਾਨ ਦਾ ਵੇਲਾ ਨਹੀਂ ਜਿਸ ਸੁਲਾਹ ਕਰ ਲੈਣੀ ਏਂ।" ਮਿਰਜ਼ਾ ਸਾਹਿਬ ਝਟ ਬੋਲ ਪਏ।

"ਜ਼ਕਰੀਆ ਖ਼ਾਨ ਨੇ ਸੁਲਾਹ ਕਿਹੜੀ ਖ਼ੁਸ਼ ਹੋ ਕੇ ਕੀਤੀ ਸੀ। ਸਿੱਖਾਂ ਦੀ ਤਾਕਤ

ਨੇ ਉਹਨੂੰ ਮਜਬੂਰ ਕਰ ਦਿੱਤਾ ਸੀ। ਫਿਰ ਸਖ਼ਤੀਆਂ ਕਰਕੇ ਵੀ ਉਸ ਦੇਖ ਲਈਆਂ ਸਨ। ਮਿਰਜ਼ਾ ਸਾਹਿਬ ਹੋਸ਼ ਕਰੋ ਤੇ ਮੀਰ ਮੰਨੂ ਨੂੰ ਵੀ ਮੱਤ ਦਿਓ ਕਿ ਉਹਦੀ ਕਿਉਂ ਮੌਤ ਆਈ ਏ। ਸਾਨੂੰ ਦੁਖ ਦੇਣ ਦਾ ਉੱਕਾ ਕੋਈ ਲਾਭ ਨਹੀਂ ਹੋਣਾ। ਅਸੀਂ ਮਰ ਜਾਣਾ ਏ ਪਰ ਝੁਕਣਾ ਨਹੀਂ।" ਜ਼ਨਾਨੀ ਨੇ ਬੜੀ ਗਰਜਵੀਂ ਆਵਾਜ਼ ਵਿਚ ਕਿਹਾ।

ਇਕ ਸਿਪਾਹੀ ਭੱਜਾ ਆਇਆ ਤੇ ਉਸ ਦਸਿਆ ਕਿ ਮੀਰ ਸਾਹਿਬ ਆ ਗਏ ਹਨ। ਮਿਰਜ਼ਾ ਸਾਹਿਬ ਝਟਪਟ ਮੰਜੇ ਤੋਂ ਉੱਠੇ ਤੇ ਨੇੜੇ ਪਿਆ ਹੁੱਕਾ ਸਿਪਾਹੀ ਨੂੰ ਫੜਾਂਦਿਆਂ ਕਿਹਾ, "ਇਹਨੂੰ ਇਕ ਪਾਸੇ ਰੱਖ ਦੇ, ਮੀਰ ਸਾਹਿਬ ਗੁੱਸੇ ਹੋਣਗੇ।"

ਸਿਪਾਹੀ ਨੇ ਅਜੇ ਹੁੱਕੇ ਨੂੰ ਹੱਥ ਪਾਇਆ ਹੀ ਸੀ ਕਿ ਮੀਰ ਮੰਨੂ ਝਟ ਅੰਦਰ ਆ ਗਿਆ। ਆਉਂਦਿਆਂ ਉਸ ਹੁੱਕੇ ਵਲ ਦੇਖਦਿਆਂ ਕਿਹਾ, "ਮਿਰਜ਼ਾ ਸਾਹਿਬ ਮੈਂ ਤੁਹਾਨੂੰ ਕਈ ਵਾਰ ਕਿਹਾ ਏ ਕਿ ਤੁਸੀਂ ਕੰਮ ਵਲ ਘੱਟ ਧਿਆਨ ਦੇਂਦੇ ਹੋ ਤੇ ਹੁੱਕਾ ਪੀਣ ਵਲ ਵਧੇਰੇ। ਅੱਜ ਦੇਖ ਲਓ ਤੁਸੀਂ ਹੁੱਕਾ ਪੀਂਦੇ ਫੜੇ ਗਏ ਹੋ।"

"ਨਹੀਂ ਜਨਾਬ!" ਮਿਰਜ਼ਾ ਸਾਹਿਬ ਨੇ ਬੜੀ ਘਬਰਾਹਟ ਵਿਚ ਕਿਹਾ, "ਇਹ ਤਾਂ ਸਵੇਰ ਦਾ ਹੀ ਇਸੇ ਤਰ੍ਹਾਂ ਪਿਆ ਏ। ਸਾਰਾ ਦਿਨ ਅੱਜ ਤਾਂ ਅੱਗ ਨਹੀਂ ਧਰੀ ਇਸ 'ਤੇ। ਆਹ ਦੇਖੋ ਇਸ ਜ਼ਨਾਨੀ ਨੂੰ ਸੱਦ ਕੇ ਹੁਣ ਵੀ ਸਮਝਾ ਰਿਹਾ ਸੀ ਕਿ ਤੁਸੀਂ ਅਜਾਈਂ ਮੌਤੇ ਨਾ ਮਰੋ, ਪਰ ਇਹ ਤਾਂ ਮੰਨਣ ਵਿਚ ਹੀ ਨਹੀਂ ਆਉਂਦੀਆਂ।"

"ਇਹੀ ਮੈਂ ਕਹਿੰਦਾ ਹਾਂ ਕਿ ਤੁਸੀਂ ਇਹਨਾਂ 'ਤੇ ਸਖ਼ਤੀ ਘੱਟ ਕਰ ਰਹੇ ਹੋ। ਜੇ ਤੁਸੀ ਪੂਰਾ ਧਿਆਨ ਦੇਂਦੇ ਤਾਂ ਇਹ ਤੀਵੀਆਂ ਦੀ ਕੀ ਮਜਾਲ ਏ ਕਿ ਇਹ ਸਾਡਾ ਆਖਾ ਨਾ ਮੰਨਣ।" ਬੜੇ ਗੁੱਸੇ ਵਿਚ ਮੀਰ ਮੰਨੂ ਬੋਲਿਆ।

"ਇਹ ਤੀਵੀਆਂ ਤਾਂ ਨਿਰੀਆਂ ਆਫ਼ਤਾਂ ਜੇ।" ਮਿਰਜ਼ੇ ਨੇ ਕਿਹਾ, "ਮੈਂ ਬੜੀਆਂ ਸਖ਼ਤੀਆਂ ਕੀਤੀਆਂ ਨੇ, ਕਈ ਦਿਨਾਂ ਤੋਂ ਖਾਣ ਲਈ ਕੁਝ ਨਹੀਂ ਦਿੱਤਾ; ਸਾਰਾ ਸਾਰਾ ਦਿਨ ਚੱਕੀ ਪਿਹਾਈ ਏ। ਕਈਆਂ ਨੂੰ ਕੋਰੜੇ ਵੀ ਮਾਰੇ ਨੇ ਪਰ ਇਹਨਾਂ ਜਿਹੀ ਨਾਂਹ ਫੜੀ ਏ ਕਿ ਉੱਕਾ ਮੰਨਦੀਆਂ ਹੀ ਨਹੀਂ।"

"ਮੈਨੂੰ ਜਾਪਦਾ ਏ ਕਿ ਤੂੰ ਇਹਨਾਂ ਨੂੰ ਕਾਬੂ ਨਹੀਂ ਕਰ ਸਕੇਂਗਾ।" ਮੀਰ ਮੰਨੂ ਨੇ ਕਿਹਾ, "ਕਿਧਰੇ ਇਸ਼ਕ ਤੇ ਨਹੀਂ ਲੜਾਣ ਲਗ ਪਿਆ ਇਥੇ ?"

"ਨਹੀਂ ਹਜ਼ੂਰ ਇਸ ਤਰ੍ਹਾਂ ਦੀ ਗ਼ਲਤੀ ਮੈਂ ਨਹੀਂ ਕਰ ਸਕਦਾ।" ਮਿਰਜ਼ੇ ਨੇ ਤਰਲੇ ਭਰੇ ਤਰੀਕੇ ਨਾਲ ਕਿਹਾ। ਮੀਰ ਮੰਨੂ ਤੋਂ ਉਹ ਬੜਾ ਡਰਦਾ ਸੀ ਤੇ ਉਹਨੂੰ ਹੁਣ ਖ਼ਤਰਾ ਮਹਿਸੂਸ ਹੋਣ ਲਗ ਪਿਆ ਕਿ ਕਿਧਰੇ ਮੀਰ ਸਾਹਿਬ ਨਾਰਾਜ਼ ਹੋ ਕੇ ਸਜ਼ਾ ਨਾ ਦੇਣ। ਮੀਰ ਮੰਨੂ ਇਸ ਗੱਲ ਲਈ ਮਸ਼ਹੂਰ ਸੀ ਕਿ ਉਹ ਜਿਸ 'ਤੇ ਖ਼ੁਸ਼ ਹੋ ਜਾਂਦਾ ਉਹਨੂੰ ਬਿਨਾਂ ਵੇਖੇ ਤਰੱਕੀਆਂ ਮਿਲ ਜਾਂਦੀਆਂ ਸਨ ਤੇ ਜਦ ਗੁੱਸੇ ਹੋ ਜਾਏ ਤਾਂ ਫਿਰ ਚੌਧਰੀਆਂ ਦੀ

ਖੁੰਬ ਬੜੀ ਠਪਦਾ ਸੀ। ਉਹਨੂੰ ਮਿਰਜ਼ੇ ਬਾਰੇ ਕੋਈ ਸ਼ੱਕ ਸੀ, ਇਸੇ ਲਈ ਉਸ ਨੇ ਇਹਨੂੰ ਬਹੁਤਾ ਹੁੱਕਾ ਪੀਣ ਤੋਂ ਰੋਕਿਆ ਹੋਇਆ ਸੀ। ਇਕੱਲੀ ਜ਼ਨਾਨੀ ਮਿਰਜ਼ੇ ਦੇ ਕਮਰੇ ਵਿਚ ਦੇਖ ਕੇ ਉਹਨੂੰ ਸ਼ੱਕ ਪੈ ਗਿਆ। ਉਸ ਜ਼ਨਾਨੀ ਵਲ ਇਸ਼ਾਰਾ ਕਰ ਕੇ ਪੁਛਿਆ, "ਕੀ ਨਾਂ ਏ ਤੇਰਾ ?"

"ਗੁਰਦੇਵ ਕੌਰ।" ਉਹ ਝਟ ਬੋਲੀ।

"ਤੈਨੂੰ ਕੀ ਕਿਹਾ ਏ ਮਿਰਜ਼ੇ ਨੇ ?" ਮੀਰ ਮੰਨੂ ਨੇ ਦੂਜਾ ਸਵਾਲ ਕੀਤਾ।

"ਕੁਝ ਨਹੀਂ ਹਜ਼ੂਰ।" ਮਿਰਜ਼ਾ ਬੋਲ ਪਿਆ।

"ਚੁਪ ਰਹੋ, ਮੈਂ ਇਹਨਾਂ ਨੂੰ ਪੁਛ ਰਿਹਾ ਹਾਂ।" ਮੀਰ ਮੰਨੂ ਨੇ ਗੁੱਸੇ ਨਾਲ ਮੱਥੇ 'ਤੇ ਵੱਟ ਪਾਂਦਿਆਂ ਤੇ ਅੱਖਾਂ ਲਾਲ ਕਰ ਕੇ ਕਿਹਾ।

"ਇਹ ਜੀ....।" ਗੁਰਦੇਵ ਕੌਰ ਰੁਕ ਗਈ।

"ਕਿਉਂ ਰੁਕ ਗਈ ਏਂ ?" ਮੀਰ ਮੰਨੂ ਨੇ ਉਹਨੂੰ ਕਿਹਾ ਤੇ ਫਿਰ ਝਟਪਟ ਪਿਛੇ ਮੁੜ ਕੇ ਮਿਰਜ਼ੇ ਵਲ ਦੇਖਿਆ। ਮਿਰਜ਼ਾ ਹੱਥ ਜੋੜ ਕੇ ਗੁਰਦੇਵ ਕੌਰ ਵਲ ਦੇਖ ਰਿਹਾ ਸੀ ਜਿਵੇਂ ਉਹ ਤਰਲੇ ਕਰ ਰਿਹਾ ਹੋਵੇ ਕਿ ਅਜਿਹੀ ਗੱਲ ਨਾ ਕਹਿ ਦੇਈਂ ਜਿਸ ਨਾਲ ਉਸ ਦੀ ਨੌਕਰੀ ਹਟ ਜਾਏ। ਗੁਰਦੇਵ ਕੌਰ ਵੀ ਉਹਦੀ ਹਾਲਤ ਨੂੰ ਸਮਝ ਗਈ, ਇਸ ਲਈ ਉਹ ਕਹਿੰਦੀ ਕਹਿੰਦੀ ਰੁਕ ਗਈ ਸੀ। ਦੂਜੀ ਵਾਰ ਮੀਰ ਮੰਨੂ ਨੇ ਫਿਰ ਪੁਛਿਆ ਤਾਂ ਗੁਰਦੇਵ ਕੌਰ ਨੇ ਕਿਹਾ ਕਿ ਮੈਨੂੰ ਮੁਸਲਮਾਨ ਬਣਨ ਬਾਰੇ ਕਹਿ ਰਿਹਾ ਸੀ, ਮੈਂ ਮੰਨਣ ਲਈ ਤਿਆਰ ਨਹੀਂ ਹੋਈ।

"ਕਿਉਂ ?" ਮੀਰ ਮੰਨੂ ਨੇ ਗੁੱਸੇ ਨਾਲ ਕਿਹਾ।

"ਮੇਰੀ ਮਰਜ਼ੀ।", ਗੁਰਦੇਵ ਕੌਰ ਨੇ ਡੱਟ ਕੇ ਕਿਹਾ।

"ਤੁਹਾਨੂੰ ਸਾਡੀ ਮਰਜ਼ੀ ਅਨੁਸਾਰ ਚਲਣਾ ਪਵੇਗਾ।" ਮੀਰ ਮੰਨੂ ਨੇ ਤੈਸ਼ ਵਿਚ ਕਿਹਾ, "ਮੌਤ ਦੇ ਮੂੰਹ ਜਾਉਗੀਆਂ ?" ਮੀਰ ਮੰਨੂ ਨੇ ਧਮਕੀ ਦਿੱਤੀ।

"ਕੋਈ ਹੋਰ ਗੱਲ ਕਰੋ ਇਹ ਤਾਂ ਮਿਰਜ਼ਾ ਸਾਹਿਬ ਵੀ ਕਹਿ ਰਹੇ ਸਨ। ਅਸੀਂ ਮੌਤ ਤੋਂ ਡਰਨ ਵਾਲੀਆਂ ਨਹੀਂ।"

"ਵੇਖਦਾ ਹਾਂ ਮੈਂ, ਤੁਸੀਂ ਕਿਵੇਂ ਨਹੀਂ ਡਰਦੀਆਂ। ਮੇਰਾ ਨਾਮ ਵੀ ਮੀਰ ਮੰਨੂ ਨਹੀਂ ਜੇ ਮੈਂ ਤੁਹਾਡੀਆਂ ਨੱਕ ਨਾਲ ਲਕੀਰਾਂ ਨਾ ਕਢਾਵਾਂ।" ਮੀਰ ਮੰਨੂ ਬੋਲਿਆ।

ਹੁਣ ਗੁਰਦੇਵ ਕੌਰ ਚੁਪ ਹੋ ਗਈ। ਉਸ ਸੋਚਿਆ ਕਿ ਇਸ ਨਾਲ ਝਗੜਣ ਤੇ ਗੱਲਾਂ ਕਰਨ ਦਾ ਕੋਈ ਲਾਭ ਨਹੀਂ। ਕਈ ਦਿਨਾਂ ਤੋਂ ਭੁਖੀਆਂ ਹਾਂ, ਬੱਚੇ ਵਿਲਕ ਰਹੇ ਹਨ ਤੇ ਚੱਕੀਆਂ ਪੀਂਹਦੀਆਂ ਦੇ ਲੱਕ ਵੀ ਦੂਹਰੇ ਹੋ ਗਏ ਹਨ, ਇਸ ਲਈ ਹੁਣ ਇਹ ਹੋਰ ਕੀ ਕਰ ਲਵੇਗਾ।

ਮੀਰ ਮੰਨੂ ਸੋਚਣ ਲੱਗ ਪਿਆ ਤੇ ਨਾਲ ਹੀ ਗੁੱਸੇ ਵਿਚ ਟਹਿਲਣ ਲੱਗ ਪਿਆ।

ਮਨ ਵਿਚ ਉਹ ਇਹਨਾਂ ਜ਼ਨਾਨੀਆਂ ਨੂੰ ਕਾਬੂ ਕਰਨ ਤੇ ਈਨ ਮਨਾਣ ਲਈ ਵਿਉਂਤਾਂ ਸੋਚਦਾ ਰਿਹਾ। ਆਪਣੇ ਮਨ ਵਿਚ ਪ੍ਰੋਗਰਾਮ ਤਿਆਰ ਕਰ ਕੇ ਉਸ ਮਿਰਜ਼ੇ ਨੂੰ ਕਿਹਾ, "ਸਾਰੀਆਂ ਜ਼ਨਾਨੀ ਹਾਤੇ ਦੇ ਖੁਲ੍ਹੇ ਮੈਦਾਨ ਵਿਚ ਇਕੱਠੀਆਂ ਕਰੋ, ਮੈਂ ਅੱਜ ਵੇਖਦਾ ਹਾਂ ਕਿ ਇਹ ਕਿਸ ਤਰ੍ਹਾਂ ਮੌਤ ਤੋਂ ਨਹੀਂ ਡਰਦੀਆਂ?"

ਝਟ ਸਾਰੇ ਫ਼ੌਜੀਆਂ ਨੂੰ ਹੁਕਮ ਹੋ ਗਿਆ ਤੇ ਸਾਰੀਆਂ ਜ਼ਨਾਨੀਆਂ ਨੂੰ ਹਾਤੇ ਦੇ ਅੰਦਰਲੇ ਵੇਹੜੇ ਵਿਚ ਇਕੱਠੀਆਂ ਕਰ ਦਿੱਤਾ। ਗੁਰਦੇਵ ਕੌਰ ਨੂੰ ਵੀ ਸਿਪਾਹੀ ਉਥੇ ਛੱਡ ਆਏ। ਅਗੇ ਸਾਰੀਆਂ ਨੇ ਉਹਦੇ ਨੱਕ ਵਿਚੋਂ ਸਿੰਮਦਾ ਲਹੂ ਦੇਖ ਕੇ ਹੀ ਅਨੁਮਾਨ ਲਾ ਲਿਆ ਕਿ ਇਹਨੂੰ ਮਾਰਿਆ ਗਿਆ ਹੈ। ਗੁਰਦੇਵ ਕੌਰ ਨੇ ਜਾਂਦਿਆਂ ਕਿਹਾ, "ਭੈਣੋ! ਅੱਜ ਤੁਹਾਡੇ 'ਤੇ ਜ਼ੁਲਮਾਂ ਦਾ ਪਹਾੜ ਢਹਿਣ ਵਾਲਾ ਜੇ। ਮੀਰ ਮੰਨੂ ਆਪ ਆਇਆ ਏ ਤੇ ਉਹ ਕਹਿੰਦਾ ਏ ਕਿ ਮੈਂ ਵੇਖਾਂਗਾ ਕਿ ਤੁਸੀਂ ਕਿਵੇਂ ਸਾਡੀ ਗੱਲ ਨਹੀਂ ਮੰਨਦੀਆਂ। ਅਗੇ ਤਾਂ ਨਿੱਕੀਆਂ ਸਖ਼ਤੀਆਂ ਹੀ ਸਹਿੰਦੀਆਂ ਰਹੀਆਂ ਜੇ, ਪਰ ਅੱਜ ਸ਼ਹੀਦੀਆਂ ਪਾਣ ਲਈ ਤਿਆਰ ਹੋ ਜਾਉ। ਵੇਖੋ, ਸਾਡੇ ਵਿਚੋਂ ਜੇ ਕੋਈ ਆਪਣਾ ਧਰਮ ਛੱਡਣ ਲਈ ਤਿਆਰ ਏ ਤਾਂ ਉਹ ਹੁਣੇ ਦੱਸ ਦੇਵੇ।"

ਕੋਈ ਵੀ ਅਜਿਹੀ ਨਹੀਂ ਸੀ ਜੋ ਇਸ ਤਰ੍ਹਾਂ ਯਰਕ ਜਾਏ। ਭਾਵੇਂ ਕਮਜ਼ੋਰ ਦਿਲ ਤਾਂ ਕਈ ਜ਼ਨਾਨੀਆਂ ਸਨ ਪਰ ਕਈ ਦਿਨ ਦਲੇਰਾਂ ਦੀ ਸੰਗਤ ਨਾਲ ਉਹਨਾਂ ਦੇ ਮਨ ਵੀ ਮਜ਼ਬੂਤ ਹੋ ਗਏ।

ਮੀਰ ਮੰਨੂ ਨੰਗੀ ਤਲਵਾਰ ਹੱਥ ਵਿਚ ਲਈ ਆ ਗਿਆ, ਉਹਦੇ ਪਿਛੇ ਮਿਰਜ਼ਾ ਤੇ ਇਕ ਪੂਰਾ ਫ਼ੌਜੀ ਦਸਤਾ ਸੀ। ਆਉਂਦਿਆਂ ਹੀ ਉਸ ਅੱਖਾਂ ਲਾਲ ਕਰ ਕੇ ਕਿਹਾ, "ਅੱਜ ਤੁਹਾਨੂੰ ਜਾਂ ਤਾਂ ਇਸਲਾਮ ਕਬੂਲ ਕਰਨਾ ਪਏਗਾ ਜਾਂ ਇਸ ਤਲਵਾਰ ਤੋਂ ਤਨ ਚਰਵਾਣਾ ਪਵੇਗਾ। ਮੈਂ ਪੰਜ ਮਿੰਟ ਦਾ ਸਮਾਂ ਹੋਰ ਦੇਂਦਾ ਹਾਂ ਕਿ ਸੋਚ ਲਵੋ ਤੇ ਸਲਾਹ ਕਰ ਲਵੋ, ਨਹੀਂ ਤੇ ਅੱਜ ਮੈਂ ਇਹ ਤਲਵਾਰ ਤੁਹਾਡੇ ਖ਼ੂਨ ਨਾਲ ਰੰਗਾਂਗਾ।"

ਮੀਰ ਮੰਨੂ ਦੇ ਗੁੱਸੇ ਭਰੇ ਐਲਾਨ ਨਾਲ ਇਕ ਵਾਰ ਤਾਂ ਸੰਨਾਟਾ ਛਾ ਗਿਆ। ਫ਼ੌਜੀ ਵੀ ਹੈਰਾਨ ਖੜੇ ਵੇਖ ਰਹੇ ਸਨ ਕਿ ਕਿਸੇ ਜ਼ਨਾਨੀ ਦੇ ਚਿਹਰੇ 'ਤੇ ਰੋਣਾ ਨਹੀਂ। ਕਈਆਂ ਦੇ ਘਬਰਾਹਟ ਤਾਂ ਜ਼ਰੂਰ ਹੈ ਪਰ ਪੀਲਾ ਰੰਗ ਕਿਸੇ ਦਾ ਨਹੀਂ। ਕਿਸੇ ਦਾ ਸਰੀਰ ਕੰਬ ਨਹੀਂ ਰਿਹਾ।

"ਅਸੀਂ ਸਲਾਹ ਕੀਤੀ ਹੋਈ ਏ ਕਿ ਅਸੀਂ ਆਪਣਾ ਧਰਮ ਨਹੀਂ ਛੱਡਣਾ।" ਗੁਰਦੇਵ ਕੌਰ ਨੇ ਉੱਠ ਕੇ ਕਿਹਾ।

ਮੀਰ ਮੰਨੂ ਤੇਜ਼ੀ ਨਾਲ ਅਗੇ ਵਧਿਆ ਤੇ ਤਲਵਾਰ ਦਾ ਜ਼ੋਰ ਨਾਲ ਵਾਰ ਕਰ

ਕੇ ਗੁਰਦੇਵ ਕੌਰ ਦੀ ਬਾਂਹ ਵਢ ਦਿੱਤੀ। ਸਰੀਰ ਤੋਂ ਵੱਖ ਹੋ ਕੇ ਬਾਂਹ ਪਰੇ ਜਾ ਪਈ ਤੇ ਗੁਰਦੇਵ ਕੌਰ ਦੇ ਸਰੀਰ ਤੋਂ ਲਹੂ ਦੀਆਂ ਧਾਰਾਂ ਦੂਰ ਦੂਰ ਜਾ ਪਈਆਂ। ਉਹਦੇ ਆਸੇ ਪਾਸੇ ਬੈਠੀਆਂ ਕਈ ਜ਼ਨਾਨੀਆਂ ਦੇ ਕਪੜੇ ਖ਼ੂਨ ਨਾਲ ਭਰੇ ਗਏ।

ਗੁਰਦੇਵ ਕੌਰ ਨੇ ਚੀਸ ਵੱਟੀ ਤੇ ਪੀੜ ਨੂੰ ਸਹਾਰਨ ਦਾ ਯਤਨ ਕੀਤਾ ਪਰ ਝਟ ਹੀ ਉਹਦੇ ਸਰੀਰ ਵਿਚੋਂ ਇਤਨਾ ਲਹੂ ਨਿਕਲਿਆ ਕਿ ਉਹਦੇ ਕੋਲੋਂ ਹੁਣ ਖਲੋਣਾ ਔਖਾ ਹੋ ਗਿਆ।

ਉਹ ਮੀਰ ਮੰਨੂ ਨੂੰ ਕੁਝ ਕਹਿਣ ਹੀ ਲੱਗੀ ਸੀ ਕਿ ਧੜੰਮ ਕਰ ਕੇ ਡਿਗ ਪਈ ਤੇ ਡਿਗਦਿਆਂ ਉਸ ਪ੍ਰਾਣ ਦੇ ਦਿੱਤੇ। ਨਾਲਦੀਆਂ ਜ਼ਨਾਨੀਆਂ ਉਸ ਵਲ ਝੁਕੀਆਂ ਪਰ ਉਹਦਾ ਭੌਰ ਉਡਾਰੀ ਮਾਰ ਚੁਕਿਆ ਸੀ।

ਮੀਰ ਮੰਨੂ ਨੇ ਫਿਰ ਕੜਕਵੀਂ ਆਵਾਜ਼ ਵਿਚ ਕਿਹਾ, "ਮੈਂ ਅਜੇ ਵੀ ਨਹੀਂ ਚਾਹੁੰਦਾ ਕਿ ਤੁਹਾਨੂੰ ਮਾਰਾਂ, ਇਸ ਲਈ ਹੋਰ ਝਟ ਸੋਚ ਲਵੋ ਕਿ ਤੁਹਾਡਾ ਫ਼ੈਸਲਾ ਕੀ ਏ। ਮੈਂ ਤਾਂ ਅੱਜ ਗੱਲ ਹੰਨੇ ਜਾਂ ਬੰਨੇ ਕਰਕੇ ਹੀ ਜਾਣਾ ਏ। ਤੁਹਾਨੂੰ ਸਾਡੇ ਆਖੇ ਲਗਣਾ ਪੈਣਾ ਏ, ਨਹੀਂ ਤਾਂ ਦੇਖ ਲਉ ਦੋ ਮਿੰਟਾਂ ਵਿਚ ਫੜਕਾ ਛਡੀ ਏ ਕਿ ਨਹੀਂ ਜਿਸ 'ਤੇ ਤੁਸੀਂ ਬੜਾ ਮਾਣ ਕਰਦੀਆਂ ਸੀ। ਇਸੇ ਤਰ੍ਹਾਂ ਤੁਹਾਨੂੰ ਵੀ ਨਹੀਂ ਛੱਡਣਾ, ਅਜੇ ਤੁਸੀਂ ਮੇਰੇ ਹੱਥ ਵੇਖੇ ਨਹੀਂ। ਮੈਂ ਬੜੀ ਸਖ਼ਤ ਤਬੀਅਤ ਦਾ ਬੰਦਾ ਹਾਂ। ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਬਜਾਏ ਸਾਡੀ ਗੱਲ ਮੰਨਣ ਦੇ, ਸਾਡੇ ਅਗੇ ਆਕੜੋ। ਸੋਚ ਲਉ ਹੋਰ ਕੁਝ ਚਿਰ, ਮੈਂ ਹੁਣ ਫਿਰ ਆਉਂਦਾ ਹਾਂ।" ਇਹ ਕਹਿ ਕੇ ਮੀਰ ਮੰਨੂ ਹਾਤੇ ਦੀ ਡਿਉਢੀ ਨੇੜੇ ਕਮਰੇ ਵਿਚ ਆ ਗਿਆ।

"ਜਨਾਬ ਇਹ ਗਲਤ ਸੋਚਦੇ ਨੇ ਕਿ ਇਸ ਤਰ੍ਹਾਂ ਇਹ ਮੰਨਣਗੀਆਂ। ਅਸੀਂ ਇਨ੍ਹਾਂ ਨੂੰ ਕੁਟ ਕੁਟ ਕੇ ਥਕ ਗਏ ਹਾਂ, ਪਰ ਇਹ ਉੱਕਾ ਨਹੀਂ ਡਰਦੀਆਂ। ਇਕ ਜ਼ਨਾਨੀ ਮਾਰ ਕੇ ਆਸ ਨਹੀਂ ਰੱਖਣੀ ਚਾਹੀਦੀ ਕਿ ਇਹ ਆਖੇ ਲੱਗ ਜਾਣਗੀਆਂ।" ਮਿਰਜ਼ੇ ਨੇ ਕਿਹਾ।

"ਤੂੰ ਵੇਖ ਤਾਂ ਸਹੀ ਮੈਂ ਕਿਵੇਂ ਕਰਦਾ ਹਾਂ। ਮੈਂ ਹੁਣ ਇਸ ਲਈ ਇਕ ਨੂੰ ਮਾਰ ਕੇ ਆ ਗਿਆ ਹਾਂ ਤਾਕਿ ਉਹਦੀ ਲਾਸ਼ ਵੇਖ ਕੇ ਮਹਿਸੂਸ ਕਰਨ ਕਿ ਜੇ ਉਹਨਾਂ ਆਖਾ ਨਾ ਮੰਨਿਆ ਤਾਂ ਉਹਨਾਂ ਨੂੰ ਵੀ ਇਸੇ ਤਰ੍ਹਾਂ ਤੜਫਾ ਤੜਫਾ ਕੇ ਮਾਰ ਦਿਆਂਗਾ।" ਮੀਰ ਮੰਨੂ ਨੇ ਕਿਹਾ।

"ਅਜੀਬ ਸੁਭਾਅ ਏ ਸਿੱਖਾਂ ਦੀਆਂ ਜ਼ਨਾਨੀਆਂ ਦਾ। ਇਹ ਤਾਂ ਮਰਦਾਂ ਨਾਲੋਂ ਵੀ ਕਰੜੀਆਂ ਨੇ।" ਮਿਰਜ਼ੇ ਨੇ ਕਿਹਾ।

"ਤੂੰ ਮੇਰੇ ਸਾਹਮਣੇ ਇਹਨਾਂ ਦੀ ਤਾਰੀਫ਼ ਨਾ ਕਰ। ਮੈਨੂੰ ਦਿੱਸਦਾ ਪਿਆ ਏ

ਕਿ ਤੂੰ ਪੂਰੀ ਤਰ੍ਹਾਂ ਯਰਕ ਗਿਆ ਏਂ। ਤੂੰ ਹੁਣ ਇਨ੍ਹਾਂ ਦੇ ਅਸਰ ਥੱਲੇ ਆ ਗਿਆ ਏਂ, ਇਸ ਲਈ ਕਲ੍ਹ ਤੋਂ ਕਿਲ੍ਹੇ ਵਿਚ ਚੱਲੀਂ। ਇਥੇ ਮੈਂ ਰਹਿਮਾਨ ਨੂੰ ਭੇਜਾਂਗਾ।" ਮੀਰ ਮੰਨੂ ਨੇ ਕਿਹਾ ਤੇ ਫਿਰ ਇਕ ਸਿਪਾਹੀ ਨੂੰ ਬੁਲਾ ਕੇ ਕਿਹਾ, "ਜਾ ਓਏ ਜਾ ਕੇ ਰਹਿਮਾਨ ਖ਼ਾਨ ਨੂੰ ਬੁਲਾ ਲਿਆ, ਕਿਲ੍ਹੇ ਵਿਚ ਹੋਵੇਗਾ।"

ਝਟ ਪਿਛੋਂ ਰਹਿਮਾਨ ਖ਼ਾਨ ਵੀ ਆ ਗਿਆ। ਮੀਰ ਮੰਨੂ ਨੇ ਉਹਨੂੰ ਕਿਹਾ, "ਵੇਖ ਬਈ ਰਹਿਮਾਨ ਖ਼ਾਨ, ਤੂੰ ਹੁਣ ਇਸ ਹਾਤੇ ਦਾ ਜ਼ਿੰਮੇਵਾਰ ਹੋਵੇਂਗਾ। ਇਥੇ ਸਿੱਖਾਂ ਦੀਆਂ ਜ਼ਨਾਨੀਆਂ ਤੇ ਬੱਚੇ ਹਨ। ਇਹਨਾਂ ਨੂੰ ਜਿਤਨਾ ਵੱਧ ਤੰਗ ਕਰ ਸਕੇਂ, ਕਰੀਂ। ਮਿਰਜ਼ੇ ਨੂੰ ਇਥੇ ਲਾਇਆ ਸੀ ਪਰ ਉਹ ਸਫਲ ਨਹੀਂ ਹੋਇਆ ਸਗੋਂ ਉਹ ਤਾਂ ਮੈਨੂੰ ਵੀ ਇਹੋ ਕਹੀ ਜਾਂਦਾ ਏ ਕਿ ਇਹਨਾਂ 'ਤੇ ਤੁਸੀਂ ਕਾਬੂ ਨਹੀਂ ਪਾ ਸਕਣਾ, ਇਸ ਲਈ ਨੀਤੀ ਬਦਲੀ ਜਾਏ। ਇਹ ਤਾਂ ਸਿੱਖਾਂ ਦੀਆਂ ਤਾਰੀਫ਼ਾਂ ਕਰਨ ਲੱਗ ਪਿਆ ਏ।"

"ਬਹੁਤ ਅੱਛਾ ਹਜ਼ੂਰ," ਰਹਿਮਾਨ ਖ਼ਾਨ ਨੇ ਕਿਹਾ, "ਮੈਂ ਹੁਣੇ ਆਪਣੇ ਸਿਪਾਹੀਆਂ ਨੂੰ ਲੈ ਆਉਂਦਾ ਹਾਂ। ਜਨਾਬ! ਕਿਲ੍ਹੇ ਵਿਚ ਮੇਰੀ ਥਾਂ ਕੌਣ ਲਾਇਆ ਜੇ, ਜਿਸ ਨੂੰ ਸਾਰਾ ਕੁਝ ਸੌਂਪ ਆਵਾਂ।"

"ਕਿਲ੍ਹੇ ਵਿਚ ਮਿਰਜ਼ਾ ਰਹੇਗਾ। ਤੂੰ ਸਿਪਾਹੀ ਉਥੇ ਹੀ ਰਹਿਣ ਦੇ। ਇਹੀ ਸਿਪਾਹੀ ਕਾਫ਼ੀ ਨੇ। ਇਕ ਦੋ ਦਿਨਾਂ ਦੀ ਗੱਲ ਏ। ਇਹਨਾਂ ਨੂੰ ਜਾਂ ਤਾਂ ਮੰਨਣਾ ਪਵੇਗਾ ਨਹੀਂ ਤੇ ਸਾਰੀਆਂ ਨੂੰ ਖ਼ਤਮ ਕਰ ਦਿਆਂਗੇ।" ਮੀਰ ਮੰਨੂ ਨੇ ਕਿਹਾ।

"ਮੈਨੂੰ ਯਕੀਨ ਏ ਕਿ ਇਹਨਾਂ ਨੂੰ ਸਾਡੇ ਅਗੇ ਝੁਕਣਾ ਪਵੇਗਾ। ਤੁਹਾਡੀ ਮਿਹਰ ਚਾਹੀਦੀ ਏ ਮੈਂ ਇਕ ਦਿਨ ਵਿਚ ਸਿਧਿਆਂ ਕਰ ਦਿਆਂਗਾ।" ਰਹਿਮਾਨ ਖ਼ਾਨ ਨੇ ਬੜੇ ਤਿੜ ਕੇ ਹੰਕਾਰ ਵਿਚ ਕਿਹਾ ਤੇ ਨਾਲ ਹੀ ਆਪਣੀਆਂ ਮੁੱਛਾਂ ਨੂੰ ਵੱਟ ਦੇਣ ਲਗ ਪਿਆ।

"ਸ਼ਾਬਾਸ਼ ਰਹਿਮਾਨ ਖ਼ਾਨ, ਜਰਨੈਲ ਹੋਵੇ ਤਾਂ ਤੇਰੇ ਵਰਗਾ। ਮੈਂ ਇਸੇ ਲਈ ਤੈਨੂੰ ਇਹ ਕੰਮ ਸੌਂਪਿਆ ਏ ਤਾਕਿ ਜਿਹੜਾ ਕੰਮ ਮਿਰਜ਼ੇ ਨੂੰ ਮੁਸ਼ਕਲ ਜਾਪਦਾ ਏ, ਉਹ ਕਰ ਕੇ ਦਿਖਾ ਦੇ। ਵੇਖ ਮਿਰਜ਼ਾ, ਰਹਿਮਾਨ ਖ਼ਾਨ ਹੁਣ ਕਿਵੇਂ ਝੁਕਾਂਦਾ ਏ।" ਮੀਰ ਮੰਨੂ ਦੀਆਂ ਖ਼ੁਸ਼ੀ ਨਾਲ ਵਾਛਾਂ ਖੁਲ੍ਹ ਗਈਆਂ ਤੇ ਉਸ ਨੇ ਉਠਕੇ ਕਮਰੇ ਵਿਚ ਟਹਿਲਣਾ ਸ਼ੁਰੂ ਕਰ ਦਿੱਤਾ।

"ਮੈਂ ਠੀਕ ਕਹਿੰਦਾ ਸਾਂ। ਹੁਣ ਬੇਸ਼ੱਕ ਸਾਰੀਆਂ ਨੂੰ ਮਾਰ ਦਿਓ ਪਰ ਉਹ ਮੰਨਣਗੀਆਂ ਨਹੀਂ। ਉਹਨਾਂ ਨੂੰ ਖ਼ਤਮ ਕਰਨਾ ਔਖਾ ਨਹੀਂ। ਹਰ ਕੋਈ ਕਰ ਸਕਦਾ ਏ ਪਰ ਜੇਕਰ ਰਹਿਮਾਨ ਖ਼ਾਨ ਉਹਨਾਂ ਨੂੰ ਮਨਾ ਕੇ ਦਿਖਾ ਦਏ ਤਾਂ ਇਹਨੂੰ ਮੰਨ ਜਾਵਾਂਗਾ।" ਮਿਰਜ਼ੇ ਨੇ ਕੁਝ ਗੁੱਸੇ ਨਾਲ ਕਿਹਾ।

ਮਿਰਜ਼ਾ ਦਿਲੋਂ ਮਹਿਸੂਸ ਕਰ ਰਿਹਾ ਸੀ ਕਿ ਮੀਰ ਮੰਨੂ ਨੇ ਉਹਦਾ ਅਪਮਾਨ ਕੀਤਾ ਏ। ਉਹਨੂੰ ਇਸ ਤਰ੍ਹਾਂ ਹਟਾ ਦੇਣਾ ਤੇ ਦੂਜੀ ਥਾਂ ਬਦਲ ਦੇਣਾ ਉਹਦੀ ਅਣਖ ਨੂੰ ਚੈਲੰਜ ਕੀਤਾ ਏ। ਉਸ ਨੇ ਮਨ ਵਿਚ ਫ਼ੈਸਲਾ ਕਰ ਲਿਆ ਕਿ ਉਹ ਵੀ ਕਿਸੇ ਤਰ੍ਹਾਂ ਰਹਿਮਾਨ ਖ਼ਾਨ ਨੂੰ ਸਫਲ ਨਹੀਂ ਹੋਣ ਦੇਵੇਗਾ। ਜੇ ਰਹਿਮਾਨ ਖ਼ਾਨ ਸਫਲ ਹੋ ਗਿਆ ਤਾਂ ਉਹਦਾ ਵਕਾਰ ਖ਼ਤਮ ਹੋ ਜਾਵੇਗਾ, ਇਸ ਲਈ ਉਸ ਨੇ ਕਿਹਾ, "ਰਹਿਮਾਨ ਖ਼ਾਨ ਜੀ, ਜ਼ਰਾ ਸਮਝ ਕੇ ਹੱਥ ਪਾਣਾ, ਮਾਮਲਾ ਉਤਨਾ ਸੌਖਾ ਨਹੀਂ ਜਿਤਨਾ ਤੁਸੀਂ ਸਮਝਦੇ ਹੋ।"

"ਮੈਂ ਸਿੱਖਾਂ ਨੂੰ ਜਾਣਦਾ ਹਾਂ। ਪਿਛਲੇ ਕਈ ਸਾਲ ਮੈਂ ਸਿੱਖਾਂ ਦਾ ਪਿੱਛਾ ਕਰਦਿਆਂ ਬਿਤਾਏ ਨੇ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ, ਇਹ ਜ਼ਨਾਨੀਆਂ ਭੱਜੀਆਂ ਆਉਣਗੀਆਂ ਤੇ ਮੀਰ ਮੰਨੂ ਸਾਹਿਬ ਤੋਂ ਮਾਫ਼ੀ ਮੰਗਣਗੀਆਂ। ਜੇ ਇਹ ਪੈਰੀਂ ਨਾ ਪੈਣ ਤਾਂ ਮੇਰਾ ਨਾਮ ਵੀ ਰਹਿਮਾਨ ਖ਼ਾਨ ਨਾ ਸੱਦੀਂ।"

"ਚਲੋ ਵੇਖਾਂਗੇ।" ਮਿਰਜ਼ੇ ਨੇ ਕਿਹਾ।

"ਤੇਰੇ ਵਾਂਗ ਢਿਲੜ ਨਹੀਂ ਰਹਿਮਾਨ ਖ਼ਾਨ।" ਮੀਰ ਮੰਨੂ ਝਟ ਬੋਲ ਪਿਆ।

"ਤੁਸੀਂ ਮੈਨੂੰ ਗਲਤ ਸਮਝਿਆ ਏ।" ਮੀਰ ਮੰਨੂ ਨੂੰ ਮਿਰਜ਼ੇ ਨੇ ਕਿਹਾ, "ਜੇ ਮੈਂ ਸੱਚੀ ਗੱਲ ਕਹੀ ਏ ਤਾਂ ਤੁਸੀਂ ਗੁੱਸੇ ਹੋ ਗਏ। ਵੇਖ ਲਿਆ ਜੇ, ਇਹਨਾਂ ਜ਼ਨਾਨੀਆਂ ਨੇ ਤੁਹਾਡੇ ਪੈਰੀਂ ਨਹੀਂ ਪੈਣਾ।"

"ਰਹਿਮਾਨ ਖ਼ਾਨ! ਛੱਡ ਹੁਣ ਮਿਰਜ਼ੇ ਦੀਆਂ ਗੱਲਾਂ ਤਾਂ ਮੁਕਣੀਆਂ ਨਹੀਂ। ਵੇਖ ਖਾਂ ਜ਼ਰਾ, ਜ਼ਨਾਨੀਆਂ ਬਾਹਰ ਬੈਠੀਆਂ ਨੇ ਉਹਨਾਂ ਦੇ ਚਿਹਰੇ ਕੀ ਦੱਸਦੇ ਨੇ? ਮੈਂ ਇਕ ਜ਼ਨਾਨੀ ਨੂੰ ਤਲਵਾਰ ਨਾਲ ਮਾਰ ਦਿੱਤਾ ਸੀ ਤੇ ਉਹਦੀ ਲਾਸ਼ ਵੀ ਅਜੇ ਉੱਥੇ ਪਈ ਏ। ਉਹਦਾ ਕੁਝ ਅਸਰ ਜਾਪਦਾ ਏ ਕਿ ਨਹੀਂ।" ਮੀਰ ਮੰਨੂ ਨੇ ਕਿਹਾ ਤੇ ਫਿਰ ਆਪ ਨਾਲ ਹੀ ਬਾਹਰ ਆ ਗਿਆ।

ਸਾਰੀਆਂ ਜ਼ਨਾਨੀਆਂ ਦੀਆਂ ਨਜ਼ਰਾਂ ਇਧਰ ਲਗੀਆਂ ਹੋਈਆਂ ਸਨ; ਕੁਝ ਪੜ੍ਹ ਰਹੀਆਂ ਸਨ "ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥" ਕੋਈ ਪੜ੍ਹ ਰਹੀ ਸੀ "ਜਿਸ ਕੇ ਸਿਰ ਊਪਰਿ ਤੂੰ ਸੁਆਮੀ, ਸੋ ਦੁਖੁ ਕੈਸਾ ਪਾਵੈ॥" ਕਿਸੇ ਦੇ ਮੂੰਹੋਂ ਆਵਾਜ਼ ਆ ਰਹੀ ਸੀ, "ਤਾਤੀ ਵਾਉ ਨ ਲਗਈ, ਪਾਰਬ੍ਰਹਮ ਸਰਣਾਈ॥"

"ਇਹ ਕੀ ਬੋਲ ਰਹੀਆਂ ਨੇ?", ਮੀਰ ਮੰਨੂ ਨੇ ਪੁਛਿਆ।

"ਜਨਾਬ, ਆਪਣੇ ਗੁਰੂਆਂ ਦੇ ਲਿਖੇ ਕੁਝ ਕਲਾਮ ਪੜ੍ਹ ਰਹੀਆਂ ਨੇ। ਇਹ ਸਾਰੀ ਰਾਤ ਏਸੇ ਤਰ੍ਹਾਂ ਪੜ੍ਹਦੀਆਂ ਰਹਿੰਦੀਆਂ ਨੇ।" ਇਕ ਨੇ ਦਸਿਆ।

"ਚਿਹਰੇ ਤਾਂ ਮੁਰਝਾਏ ਹੋਏ ਨਹੀਂ ਦਿੱਸਦੇ।" ਮੀਰ ਮੰਨੂ ਨੇ ਰਹਿਮਾਨ ਖ਼ਾਨ ਵੱਲ ਇਸ਼ਾਰਾ ਕਰਦਿਆਂ ਕਿਹਾ।

"ਜਨਾਬ ਹੁਣੇ ਵੇਖਣਾ, ਮੈਂ ਕਿਵੇਂ ਇਹਨਾਂ ਨੂੰ ਭੈ-ਭੀਤ ਕਰਦਾ ਹਾਂ।" ਰਹਿਮਾਨ ਖ਼ਾਨ ਬੋਲਿਆ। ਮੀਰ ਮੰਨੂ ਨੇ ਜਿਤਨੀ ਤਾਰੀਫ਼ ਕੀਤੀ ਉਸ ਨਾਲ ਉਹ ਬਹੁਤ ਹੀ ਹੰਕਾਰਿਆ ਗਿਆ ਅਤੇ ਆਪਣੇ ਆਪ ਨੂੰ ਮਹਾਂਬਲੀ ਤੇ ਸ਼ਕਤੀਸ਼ਾਲੀ ਮਹਿਸੂਸ ਕਰਨ ਲੱਗ ਪਿਆ।

"ਕਿਵੇਂ ਲੜੇਂਗਾ ?" ਮੀਰ ਮੰਨੂ ਨੇ ਪੁਛਿਆ।

"ਮੈਂ ਸੋਚਿਆ ਏ ਕਿ ਜ਼ਨਾਨੀਆਂ ਨੂੰ ਮਾਰਨ ਦਾ ਕੋਈ ਲਾਭ ਨਹੀਂ। ਇਹਨਾਂ ਨੇ ਇਸ ਤਰ੍ਹਾਂ ਨਹੀਂ ਮੰਨਣਾ। ਮਾਵਾਂ ਨੂੰ ਬੱਚੇ ਬਹੁਤ ਪਿਆਰੇ ਹੁੰਦੇ ਨੇ। ਜੇਕਰ ਇਹਨਾਂ ਦੇ ਬੱਚੇ ਇਹਨਾਂ ਦੇ ਸਾਹਮਣੇ ਮਾਰੇ ਜਾਣ ਤਾਂ ਕਰੜੇ ਤੋਂ ਕਰੜੇ ਦਿਲ ਵਾਲੀਆਂ ਵੀ ਸਹਾਰ ਨਹੀਂ ਸਕਣਗੀਆਂ। ਵੇਖਣਾ ਤੁਸੀਂ ਫਿਰ, ਕਿਸ ਤਰ੍ਹਾਂ ਇਹ ਦੌੜ ਕੇ ਪੈਰੀਂ ਪੈਂਦੀਆਂ ਨੇ ਤੇ ਈਨ ਮੰਨਦੀਆਂ ਨੇ।"

"ਤਰੀਕਾ ਤਾਂ ਤੇਰਾ ਠੀਕ ਜਾਪਦਾ ਏ ਸਾਨੂੰ ਇਹ ਸੁਝਿਆ ਹੀ ਨਹੀਂ।" ਮੀਰ ਮੰਨੂ ਨੇ ਕਿਹਾ, "ਇਹ ਤਾਂ ਹੁਣੇ ਕੀਤਾ ਜਾ ਸਕਦਾ ਏ।"

"ਕਿਉਂ ਠੀਕ ਏ ਕਿ ਨਹੀਂ ?" ਰਹਿਮਾਨ ਖ਼ਾਨ ਨੇ ਮਿਰਜ਼ੇ ਵਲ ਦੇਖਦਿਆਂ ਕਿਹਾ।

"ਕਰਕੇ ਦੇਖ ਲਓ, ਮੈਨੂੰ ਨਹੀਂ ਆਸ ਕਿ ਇਹ ਮੰਨਣ। ਇਨ੍ਹਾਂ ਨਾਲ ਤੁਹਾਡਾ ਅਜੇ ਵਾਹ ਨਹੀਂ ਪਿਆ।"

"ਲਓ ਬਈ, ਉਸ ਜ਼ਨਾਨੀ ਦੀ ਗੋਦੀ 'ਚੋਂ ਬੱਚਾ ਖੋਹ ਲਿਆਓ।" ਰਹਿਮਾਨ ਖ਼ਾਨ ਨੇ ਰੇਸ਼ਮਾ ਵੱਲ ਇਸ਼ਾਰਾ ਕਰਕੇ ਸਿਪਾਹੀਆਂ ਨੂੰ ਕਿਹਾ। ਰੇਸ਼ਮ ਕੌਰ ਦੀ ਗੋਦੀ ਵਿਚ ਅਜੇ ਕੁਝ ਦਿਨਾਂ ਦਾ ਹੀ ਪੁੱਤਰ ਸੀ ਜਿਸ ਦਾ ਗੋਰਾ ਰੂੰ ਵਰਗਾ ਕੋਮਲ ਸਰੀਰ ਸੀ। ਮਾਂ ਕਈ ਦਿਨਾਂ ਦੀ ਭੁੱਖੀ ਸੀ ਜਿਸ ਕਾਰਨ ਬੱਚੇ ਨੂੰ ਵੀ ਰੱਜਵਾਂ ਦੁੱਧ ਨਹੀਂ ਸੀ ਮਿਲਦਾ। ਹੁਣ ਕੁਝ ਚਿਰ ਤੋਂ ਉਹ ਭੁਖ ਨਾਲ ਵਿਲਕ ਰਿਹਾ ਸੀ।

ਜਦ ਰਹਿਮਾਨ ਖ਼ਾਨ ਨੇ ਉਸ ਵੱਲ ਇਸ਼ਾਰਾ ਕਰਦਿਆਂ ਸਿਪਾਹੀਆਂ ਨੂੰ ਹੁਕਮ ਦਿੱਤਾ ਤਾਂ ਰੇਸ਼ਮਾ ਨੇ ਬੱਚੇ ਨੂੰ ਛਾਤੀ ਨਾਲ ਲਾ ਲਿਆ। ਆਪਣੇ ਦੋਹਾਂ ਗੋਡਿਆਂ ਨੂੰ ਇਕੱਠੇ ਕਰਕੇ ਬੱਚੇ ਨੂੰ ਉਨ੍ਹਾਂ ਵਿਚ ਘੁਟ ਲਿਆ ਤੇ ਤਰਲੇ ਨਾਲ ਸਿਪਾਹੀਆਂ ਨੂੰ ਕਿਹਾ, "ਕੁਝ ਤਰਸ ਕਰੋ ਇਸ ਬਾਲ 'ਤੇ, ਇਸ ਤੁਹਾਡਾ ਕੀ ਵਿਗਾੜਿਆ ਏ ? ਇਸ ਮਸੂਮ ਨੂੰ ਮਾਰਨ ਦੀ ਥਾਂ ਮੈਨੂੰ ਮਾਰ ਦਿਓ।" ਇਕ ਦੋ ਜ਼ਨਾਨੀਆਂ ਹੋਰ ਬੱਚੇ ਨੂੰ ਚੰਬੜ ਗਈਆਂ ਪਰ ਸਿਪਾਹੀਆਂ ਨੇ ਸਾਰੀਆਂ ਨੂੰ ਖਿੱਚ ਕੇ ਪਰੇ ਕਰ ਦਿੱਤਾ ਤੇ ਰੇਸ਼ਮ ਕੌਰ ਤੋਂ ਬੱਚਾ ਖੋਹ ਲਿਆ। ਰੇਸ਼ਮਾ ਕੁਰਲਾਂਦੀ ਤੇ ਵਿਲਕਦੀ ਰਹੀ। ਉਸ ਦੇ

ਚੀਕ-ਚਿਹਾੜੇ ਦਾ ਕੋਈ ਅਸਰ ਨਾ ਹੋਇਆ। ਜਿਉਂ ਜਿਉਂ ਉਹ ਵਧੇਰੇ ਰੋਂਦੀ ਤੇ ਕੁਰਲਾਂਦੀ; ਉਹ ਗੁਟਕਣਾ ਉਹਨੂੰ ਇਉਂ ਜਾਪਦਾ ਜਿਵੇਂ ਉਹਦਾ ਮੰਤਵ ਹੱਲ ਹੋਣ ਵਾਲਾ ਹੈ।

ਇਕ ਵੱਡੀ ਸਾਰੀ ਮੁੱਘੀ ਲਿਆ ਕੇ ਉਸ 'ਤੇ ਬੱਚੇ ਨੂੰ ਪਾ ਦਿੱਤਾ ਗਿਆ। ਬੱਚਾ ਮਾਂ ਦੀ ਗੋਦੀ ਵਿਚੋਂ ਜਦੋਂ ਤੋਂ ਝੱਟਕੇ ਮਾਰ ਕੇ ਖੋਹਿਆ ਗਿਆ ਸੀ, ਉੱਚੀ ਉੱਚੀ ਵਿਲਕ ਰਿਹਾ ਸੀ ਪਰ ਰਹਿਮਾਨ ਖ਼ਾਨ ਨੂੰ ਉਸ 'ਤੇ ਉੱਕਾ ਤਰਸ ਨਾ ਆਇਆ।

ਰਹਿਮਾਨ ਖ਼ਾਨ ਨੇ ਹੱਥ ਵਿਚ ਟੋਕਾ ਫੜ ਲਿਆ ਤੇ ਬੱਚੇ ਦੇ ਨੇੜੇ ਲਿਜਾ ਕੇ ਸੱਜਾ ਹੱਥ ਟੋਕੇ ਵਾਲਾ ਉੱਪਰ ਚੁਕ ਕੇ ਕਿਹਾ, "ਕਿਉਂ ਦੱਸ ਬਈ ਤੂੰ ਸਾਡੀ ਗੱਲ ਮੰਨਣੀ ਏਂ ਕਿ ਅਜੇ ਵੀ ਤੈਨੂੰ ਸਿਖ ਹੋਣ 'ਤੇ ਮਾਣ ਹੈ। ਹੁਣ ਵੀ ਵੇਲਾ ਈ ਜੇ ਮੰਨ ਜਾਏਂ ਤੇ ਮੀਰ ਜੀ ਤੋਂ ਮਾਫ਼ੀ ਮੰਗ ਲਏਂ ਤਾਂ ਛੱਡ ਦਿੱਤਾ ਜਾਏਗਾ। ਬੱਚਾ ਵਾਪਸ ਮਿਲ ਜਾਏਗਾ, ਨਹੀਂ ਤੇ ਵੇਖ ਲੈ, ਤੇਰੀ ਨਾਂਹ ਦੇ ਨਾਲ ਈ ਬੱਚੇ ਦੇ ਟੋਟੇ ਕਰ ਦਿੱਤੇ ਜਾਣਗੇ।"

ਰੇਸ਼ਮ ਕੌਰ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਮੀਰ ਸਾਹਿਬ ਤੁਹਾਡੇ ਵੀ ਬੱਚੇ ਹੋਣਗੇ। ਜ਼ਰਾ ਬੇਗਮ ਸਾਹਿਬ ਨੂੰ ਇਥੇ ਲੈ ਆਓ ਤੇ ਉਹਦੇ ਸਾਹਮਣੇ ਮੇਰਾ ਬੱਚਾ ਰਖ ਕੇ ਇਸ ਤਰ੍ਹਾਂ ਉਸ ਕੋਲੋਂ ਹੀ ਪੁਛੋ। ਕਿਸੇ ਵੀ ਮਾਂ ਦਾ ਦਿਲ ਇਸ ਤਰ੍ਹਾਂ ਬੱਚਾ ਮਰਦਾ ਦੇਖ ਕੇ ਸਹਾਰ ਨਹੀਂ ਸਕਦਾ। ਤਰਸ ਕਰੋ ਤੇ ਬੱਚੇ ਨੂੰ ਨਾ ਮਾਰੋ।"

"ਨਹੀਂ, ਕੋਈ ਫ਼ਰਿਆਦ ਨਹੀਂ ਸੁਣੀ ਜਾ ਸਕਦੀ। ਹੁਣ ਇਸਲਾਮ ਕਬੂਲ ਕਰਨਾ ਪਵੇਗਾ ਜਾਂ ਬੱਚੇ ਦੇ ਟੋਟੇ ਕਰ ਦਿੱਤੇ ਜਾਣਗੇ।"

ਮਿਰਜ਼ਾ ਘਬਰਾ ਗਿਆ। ਰੇਸ਼ਮਾ ਦੇ ਰੋਣ ਤੇ ਤਰਲੇ ਦੇਖ ਕੇ ਉਹਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਹੁਣੇ ਇਸ ਨੇ ਸਾਰਾ ਕੁਝ ਮੰਨ ਜਾਣਾ ਏ, ਪਰ ਉਹਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਰੇਸ਼ਮਾ ਨੇ ਸਿਰ ਹਿਲਾ ਕੇ ਕਹਿ ਦਿੱਤਾ, "ਮੈਂ ਧਰਮ ਨਹੀਂ ਛੱਡ ਸਕਦੀ।"

ਰਹਿਮਾਨ ਖ਼ਾਨ ਨੇ ਟੋਕੇ ਵਾਲਾ ਹੱਥ ਹੋਰ ਉੱਚਾ ਕਰ ਲਿਆ। ਰੇਸ਼ਮਾ ਨੇ ਆਪਣੀਆਂ ਦੋਵੇਂ ਅੱਖਾਂ ਬੰਦ ਕਰ ਲਈਆਂ। ਉਹਦੇ ਨੇਤਰਾਂ ਵਿਚੋਂ ਛਮਾ-ਛਮ ਨੀਰ ਵਗ ਰਿਹਾ ਸੀ। ਦੋਵੇਂ ਹੱਥ ਜੁੜ ਗਏ ਤੇ ਵਾਹਿਗੁਰੂ ਪਾਸ ਅਰਦਾਸ ਕਰਨ ਲੱਗ ਪਈ।

ਰਹਿਮਾਨ ਖ਼ਾਨ ਨੇ ਜ਼ੋਰ ਨਾਲ ਟੋਕਾ ਮਾਰਿਆ ਤੇ ਕੁਰਲਾਂਦੇ ਨਿੱਕੇ ਬੱਚੇ ਦੇ ਦੋ ਟੋਟੇ ਕਰ ਦਿੱਤੇ। ਖ਼ੂਨ ਦੀਆਂ ਧਾਰਾਂ ਦੂਰ ਦੂਰ ਤਕ ਗਈਆਂ। ਸਾਰੀਆਂ ਜ਼ਨਾਨੀਆਂ ਨੇ ਅੱਖਾਂ ਬੰਦ ਕਰ ਲਈਆਂ ਤੇ ਵਾਹਿਗੁਰੂ ਦਾ ਜਾਪ ਕਰਨ ਲੱਗ ਪਈਆਂ। ਕਿਸੇ ਨੇ ਤੜਫ਼ਦੇ ਬੱਚੇ ਵੱਲ ਦੇਖਣ ਦਾ ਹੌਸਲਾ ਨਾ ਕੀਤਾ। ਰਹਿਮਾਨ ਤੇ ਮੀਰ ਮੰਨੂ ਤੋਂ ਬਿਨਾਂ ਇਥੇ ਖਲੋਤੇ ਸਾਰੇ ਫ਼ੌਜੀ ਵੀ ਕੰਬ ਉੱਠੇ।

ਰੇਸ਼ਮ ਕੌਰ ਗਸ਼ ਖਾ ਕੇ ਡਿਗ ਪਈ। ਰਹਿਮਾਨ ਨੇ ਇਕ ਫ਼ੌਜੀ ਨੂੰ ਪਾਣੀ ਲਿਆਉਣ ਲਈ ਕਿਹਾ। ਜ਼ਨਾਨੀਆਂ ਨੇ ਪਾਣੀ ਉਹਦੇ ਮੂੰਹ ਵਿਚ ਪਾਇਆ ਤੇ ਛਿੱਟੇ ਮਾਰੇ। ਕੁਝ ਮਿੰਟਾਂ ਪਿਛੋਂ ਉਹਨੂੰ ਹੋਸ਼ ਆ ਗਈ।

"ਕਿਉਂ, ਅਜੇ ਵੀ ਮੰਨਣਾ ਈ ਕਿ ਨਹੀਂ ?", ਰਹਿਮਾਨ ਖ਼ਾਨ ਨੇ ਰੇਸ਼ਮਾ ਦੇ ਨੇੜੇ ਹੋ ਕੇ ਪੁਛਿਆ।

"ਜ਼ਾਲਮਾ ! ਮੇਰੀ ਦੁਨੀਆ ਬਰਬਾਦ ਕਰਕੇ ਹੁਣ ਪੁਛਦਾ ਏਂ ਕਿ ਦੀਨ ਮੰਨ ਲਵਾਂ। ਅੱਜ ਮੇਰੇ ਕੋਲ ਟੋਕਾ ਹੋਵੇ ਤੇ ਤੇਰੇ ਵੀ ਟੋਟੇ ਕਰ ਦਿਆਂ। ਰੱਬ ਕਰੇ ਤੇ ਤੂੰ ਵੀ ਇਸੇ ਤਰ੍ਹਾਂ ਕਲਪੇਂ ਜਿਸ ਤਰ੍ਹਾਂ ਮੇਰਾ ਮਨ ਤਾਇਆ ਈ।" ਇਹ ਕਹਿੰਦਿਆਂ ਰੇਸ਼ਮ ਕੌਰ ਦਾ ਮਨ ਵੀ ਘਬਰਾ ਗਿਆ। ਜਦ ਉਸ ਦੀ ਨਜ਼ਰ ਸਾਹਮਣੇ ਮੁੱਢੀ ਦੁਆਲੇ ਖਿਲਰੇ ਬੱਚੇ ਦੇ ਸਰੀਰ ਦੇ ਅੰਗਾਂ ਵਲ ਪਈ ਤਾਂ ਉਹਦੀ ਚੀਕ ਨਿਕਲ ਗਈ ਤੇ ਉਹ ਫਿਰ ਬੇਹੋਸ਼ ਹੋ ਗਈ।

## ੬

ਗੁਲਾਬ ਸਿੰਘ ਤੇ ਬੁੱਢਾ ਅੱਲਾ ਦਿੱਤਾ ਦੋਵੇਂ ਲਾਹੌਰ ਸ਼ਹਿਰ ਦੇ ਨੇੜੇ ਪਹੁੰਚ ਗਏ। ਅਜੇ ਦਿਨ ਨਹੀਂ ਸੀ ਡੁੱਬਿਆ ਜਿਸ ਕਾਰਨ ਲਾਹੌਰ ਸ਼ਹਿਰ ਵਿਚ ਦਾਖ਼ਲ ਹੋਣਾ ਠੀਕ ਨਾ ਸਮਝਿਆ ਗਿਆ। ਰਾਹ ਵਿਚ ਹੀ ਗੁਲਾਬ ਸਿੰਘ ਨੇ ਕਪੜੇ ਬਦਲ ਲਏ ਤੇ ਹੋਰ ਹੀ ਤਰ੍ਹਾਂ ਦਾ ਵੇਸ ਧਾਰ ਲਿਆ ਜਿਸ ਨਾਲ ਇਹ ਸ਼ੱਕ ਪੈਣੋਂ ਹੱਟ ਗਿਆ ਕਿ ਇਹ ਸਿਖ ਹੈ, ਫਿਰ ਸ਼ਹਿਰ ਵਿਚ ਦਾਖ਼ਲ ਹੋ ਗਏ।

ਸ਼ਹਿਰ ਵਿਚ ਗੁਲਾਬ ਸਿੰਘ ਦਾ ਕੋਈ ਮਿੱਤਰ ਜਾਂ ਵਾਕਫ਼ ਨਹੀਂ ਸੀ ਪਰ ਅੱਲਾ ਦਿੱਤਾ ਦੇ ਕਈ ਜਾਣੂੰ ਇਥੇ ਰਹਿੰਦੇ ਸਨ। ਆਪਣੀ ਫ਼ਸਲ ਹੋਣ 'ਤੇ ਉਹ ਸ਼ਹਿਰ ਲਿਆ ਕੇ ਵੇਚਿਆ ਕਰਦਾ ਸੀ, ਇਸ ਲਈ ਮੰਡੀ ਵਿਚ ਕਈ ਹੱਟੀਆਂ ਵਾਲੇ ਉਹਦੇ ਬਹੁਤ ਹੀ ਮਿੱਤਰ ਸਨ। ਇਕ ਦੋ ਥਾਵਾਂ ਤੋਂ ਉਹ ਪਿੰਡ ਲਈ ਲੋੜੀਂਦੀਆਂ ਚੀਜ਼ਾਂ ਲਿਜਾਂਦਾ ਸੀ, ਪਰ ਉਹ ਇਹਨਾਂ ਵਿਚੋਂ ਕਿਸੇ ਵੱਲ ਨਹੀਂ ਸੀ ਠਹਿਰਨਾ ਚਾਹੁੰਦਾ। ਇਹ ਸਾਰੇ ਵਪਾਰੀ ਲੋਕ ਸਨ ਤੇ ਉਹਦਾ ਖ਼ਿਆਲ ਸੀ ਕਿ ਇਹ ਲੋਕ ਕੰਮ ਵੇਲੇ ਤਾਂ ਭਾਵੇਂ

ਬਹੁਤ ਚੰਗੀ ਤਰ੍ਹਾਂ ਵਰਤਾਓ ਕਰਦੇ ਹਨ ਪਰ ਜਿਸ ਤਰ੍ਹਾਂ ਦੇ ਕੰਮ ਲਈ ਅਸੀਂ ਜਾ ਰਹੇ ਹਾਂ, ਉਹ ਇਹਨਾਂ ਤੋਂ ਨਹੀਂ ਹੋ ਸਕਣਾ। ਇਹ ਪੈਸੇ ਵਾਲੇ ਤਾਂ ਸਰਕਾਰ ਦੇ ਝੋਲੀਚੁਕ ਹੁੰਦੇ ਨੇ, ਇਹਨਾਂ ਨੂੰ ਜੇ ਗੁਲਾਬ ਸਿੰਘ ਦਾ ਪਤਾ ਲੱਗ ਗਿਆ ਤਾਂ ਫੜਾ ਕੇ ਇਨਾਮ ਲੈਣਗੇ ਤੇ ਸਰਕਾਰ ਦੀਆਂ ਨਜ਼ਰਾਂ ਵਿਚ ਵਫ਼ਾਦਾਰ ਬਣਨ ਦਾ ਯਤਨ ਕਰਨਗੇ। ਇਸ ਲਈ ਅੱਲਾ ਦਿੱਤਾ ਮੰਡੀ ਸਾਹਮਣੇ ਆ ਕੇ ਰੁਕ ਗਿਆ ਤੇ ਉਕਤ ਗੱਲ ਸੋਚ ਕੇ ਫਿਰ ਅੱਗੇ ਟੁਰ ਪਿਆ।

"ਅਸੀਂ ਕਿਥੇ ਜਾਣਾ ਏਂ ?" ਗੁਲਾਬ ਸਿੰਘ ਨੇ ਪੁਛਿਆ।

"ਇਹ ਤਾਂ ਠੀਕ ਏ ਪਰ ਥਾਂ ਟਿਕਾਣਾ ਵੀ ਕੁਝ ਦੱਸੋਗੇ ਕਿ ਬਸ ਟੁਰੇ ਹੀ ਜਾਵਾਂਗੇ।" ਗੁਲਾਬ ਸਿੰਘ ਨੇ ਫਿਰ ਕਿਹਾ।

"ਮੈਂ ਸੋਚ ਰਿਹਾ ਹਾਂ ਕਿ ਕਿਥੇ ਜਾਈਏ ?" ਅੱਲਾ ਦਿੱਤਾ ਨੇ ਹੌਲੀ ਜਿਹੀ ਕਿਹਾ ਤਾਕਿ ਕੋਈ ਆਉਂਦਾ ਜਾਂਦਾ ਨਾ ਸੁਣ ਲਵੇ।

"ਵਾਕਫ਼ੀ ਏ ਪਰ ਹੁਣ ਸੋਚੀਂ ਪੈ ਗਏ ਹੋ।" ਗੁਲਾਬ ਸਿੰਘ ਨੇ ਝਟ ਹੀ ਕਹਿ ਦਿੱਤਾ।

"ਵਾਕਫ਼ ਤਾਂ ਬੜੇ ਨੇ ਪਰ ਭਰੋਸੇਯੋਗ ਕਿਹੜਾ ਹੋ ਸਕਦਾ ਏ, ਇਹ ਸੋਚ ਰਿਹਾ ਸਾਂ। ਜੇ ਤਾਂ ਸਿਰਫ਼ ਰਹਿਣਾ ਹੋਵੇ ਫਿਰ ਤਾਂ ਬੜੀਆਂ ਥਾਵਾਂ ਨੇ ਪਰ ਇਥੇ ਸਵਾਲ ਸਾਡੀ ਮਦਦ ਦਾ ਹੈ ਤੇ ਉਹ ਵੀ ਸਰਕਾਰ ਵਿਰੁੱਧ। ਇਸ ਲਈ ਮੈਂ ਸੋਚਦਾ ਪਿਆ ਸਾਂ ਕਿ ਕਿਸੇ ਐਸੀ ਥਾਂ ਨਾ ਅਪੜ ਜਾਈਏ ਜਿਥੇ ਟੱਬਰ ਨੂੰ ਛੁਡਾਂਦੇ ਆਪ ਫਸ ਜਾਈਏ।" ਅੱਲਾ ਦਿੱਤਾ ਨੇ ਬੜੀ ਗੰਭੀਰਤਾ ਨਾਲ ਕਿਹਾ।

ਦੋਵੇਂ ਗੱਲਾਂ ਕਰਦੇ ਟੁਰਦੇ ਗਏ। ਕਿਲ੍ਹੇ ਅਗੋਂ ਲੰਘ ਕੇ ਉਹ ਕਈ ਬਾਜ਼ਾਰਾਂ ਵਿਚੋਂ ਫਿਰਦੇ ਵੱਡੇ ਬਾਜ਼ਾਰ 'ਚ ਆ ਗਏ। ਇਕ ਆਦਮੀ ਨੇ ਪਿਛੋਂ ਭੱਜ ਕੇ ਅੱਲਾ ਦਿੱਤਾ ਨੂੰ ਜੱਫਾ ਪਾ ਲਿਆ। ਅੱਲਾ ਦਿੱਤਾ ਘਬਰਾ ਗਿਆ। ਗੁਲਾਬ ਸਿੰਘ ਨੂੰ ਵੀ ਸ਼ੱਕ ਪੈ ਗਿਆ ਕਿ ਭਾਵੇਂ ਤਾਂ ਉਹਦਾ ਵੀ ਪਤਾ ਲੱਗ ਗਿਆ ਹੋਵੇ ਇਸ ਲਈ ਉਸ ਝਟ ਹੀ ਕੰਬਲ ਦੀ ਬੁਕਲ ਵਿਚ ਕਿਰਪਾਨ ਦੇ ਦਸਤੇ 'ਤੇ ਹੱਥ ਰਖ ਲਿਆ।

ਅੱਲਾ ਦਿੱਤਾ ਨੇ ਬੜੀ ਮੁਸ਼ਕਲ ਨਾਲ ਧੌਣ ਪਿਛਲੇ ਪਾਸੇ ਵੱਲ ਕਰ ਕੇ ਦੇਖਿਆ ਤਾਂ ਉਹਦੇ ਪੁਰਾਣੇ ਮਿੱਤਰ ਖਿਜ਼ਰ ਖ਼ਾਨ ਨੇ ਉਸ ਨੂੰ ਜੱਫਾ ਪਾਇਆ ਹੋਇਆ ਸੀ। ਅੱਲਾ ਦਿੱਤਾ ਦੇ ਘਬਰਾਏ ਤੇ ਪੀਲੇ ਹੋ ਗਏ ਚਿਹਰੇ 'ਤੇ ਹਾਸੇ ਨਾਲ ਲਾਲੀ ਆ ਗਈ।

"ਕੀ ਗੱਲ ਬੜਾ ਡਰ ਗਿਆ ਸੈਂ ?" ਖਿਜ਼ਰ ਖ਼ਾਨ ਨੇ ਜੱਫਾ ਛਡਦਿਆਂ ਕਿਹਾ।

"ਹੱਦ ਹੋ ਗਈ, ਤੂੰ ਇਥੇ ਕਿਵੇਂ ਆਇਆਂ ?"

"ਮੈਂ ਤਾਂ ਰਹਿੰਦਾ ਹੀ ਲਾਹੌਰ ਹਾਂ।" ਖਿਜ਼ਰ ਖ਼ਾਨ ਨੇ ਦਸਿਆ।

"ਬੜਾ ਚਿਰ ਹੋ ਗਿਆ ਏ ਆਪਾਂ ਨੂੰ ਮਿਲਿਆਂ। ਮੈਂ ਤਾਂ ਸੁਣਿਆ ਸੀ ਕਿ ਤੂੰ ਜਲੰਧਰ ਦੇ ਫ਼ੌਜਦਾਰ ਕੋਲ ਨੌਕਰ ਹੋ ਗਿਆ ਏਂ।" ਅੱਲਾ ਦਿੱਤਾ ਨੇ ਕਿਹਾ।

"ਆਹੋ ਉਥੇ ਹੀ ਕਈ ਸਾਲ ਰਿਹਾ ਹਾਂ ਪਰ ਫਿਰ ਮੈਨੂੰ ਇਥੇ ਨੌਕਰੀ ਮਿਲ ਗਈ ਤੇ ਇਥੇ ਆ ਗਿਆ ਹਾਂ। ਤੂੰ ਅੱਜ ਕਿਵੇਂ ਸ਼ਹਿਰ ਆਇਆ ਏਂ ?" ਖਿਜ਼ਰ ਖ਼ਾਨ ਨੇ ਪੁਛਿਆ।

"ਬਸ ਐਵੇਂ ਸੈਰ ਕਰਨ ਹੀ ਆਇਆ ਹਾਂ," ਅੱਲਾ ਦਿੱਤਾ ਨੇ ਕਿਹਾ, "ਇਹ ਵੀ ਮੇਰੇ ਮਿੱਤਰ ਨੇ," ਗੁਲਾਬ ਸਿੰਘ ਵੱਲ ਇਸ਼ਾਰਾ ਕਰਦਿਆਂ ਉਸ ਕਿਹਾ," ਇਹ ਰਾਜਪੂਤਾਨੇ ਵੱਲ ਰਹਿੰਦੇ ਨੇ ਤੇ ਵਪਾਰ ਕਰਦੇ ਨੇ। ਮੇਰੇ ਪਾਸ ਆ ਕੇ ਠਹਿਰੇ ਤੇ ਕਹਿਣ ਲੱਗੇ ਕਿ ਚੱਲ ਲਾਹੌਰੋਂ ਹੋ ਜਾਈਏ। ਮੈਂ ਕਿਹਾ ਚਲੋ ਇਸ ਬਹਾਨੇ ਫਿਰ ਤੁਰ ਆਵਾਂਗੇ। ਇਹ ਬਹੁਤ ਹੀ ਚੰਗਾ ਹੋਇਆ ਕਿ ਅਗੋਂ ਤੂੰ ਮਿਲ ਪਿਆ ਏਂ।" ਅੱਲਾ ਦਿੱਤਾ ਨੇ ਕਿਹਾ।

"ਚਲੋ ਫਿਰ ਘਰ ਚਲੀਏ।" ਖਿਜ਼ਰ ਖ਼ਾਨ ਨੇ ਕਿਹਾ।

"ਨਹੀਂ, ਬੜੀ ਮੇਹਰਬਾਨੀ, ਅਸੀਂ ਹੁਣ ਚੱਲ ਕੇ ਕਿਸੇ ਸਰਾਂ ਵਿਚ ਠਹਿਰਾਂਗੇ।" ਅੱਲਾ ਦਿੱਤਾ ਨੇ ਕਿਹਾ।

"ਬੜਾ ਅਫ਼ਸੋਸ ਏ ਤੁਹਾਡੇ 'ਤੇ, ਘਰ ਏਥੇ ਹੁੰਦਿਆਂ ਤੁਸੀਂ ਕਿਧਰੇ ਬਾਹਰ ਠਹਿਰੋ, ਇਹ ਤਾਂ ਜਚਦਾ ਨਹੀਂ। ਚਲ ਯਾਰ ਘਰ ਚਲਦੇ ਹਾਂ।" ਖਿਜ਼ਰ ਖ਼ਾਨ ਨੇ ਅੱਲਾ ਦਿੱਤਾ ਦਾ ਹੱਥ ਫੜ ਲਿਆ ਤੇ ਫਿਰ ਗੁਲਾਬ ਸਿੰਘ ਵੱਲ ਵੇਖਦਿਆਂ ਕਿਹਾ, "ਚਲੋ ਭਾਈ ਸਾਹਿਬ, ਮੇਰੇ ਘਰ ਚਲੋ।"

ਗੁਲਾਬ ਸਿੰਘ ਮੂੰਹੋਂ ਤਾਂ ਨਾ ਬੋਲਿਆ ਪਰ ਸਿਰ ਹਿਲਾ ਕੇ ਹੀ ਪ੍ਰਵਾਨਗੀ ਦੇ ਦਿੱਤੀ ਤੇ ਉਹਨਾਂ ਦੇ ਪਿਛੇ ਪਿਛੇ ਟੁਰ ਪਿਆ। ਗੱਲਾਂ ਕਰਦੇ ਕਰਦੇ ਅੱਲਾ ਦਿੱਤਾ ਤੇ ਖਿਜ਼ਰ ਖ਼ਾਨ ਘਰ ਪਹੁੰਚ ਗਏ।

ਰੋਟੀ ਖਾਣ ਲੱਗੇ ਤਾਂ ਉਥੇ ਗੱਲਾਂ ਚੱਲ ਪਈਆਂ। ਅੱਲਾ ਦਿੱਤਾ ਨੇ ਕਿਹਾ, "ਸੁਣਾ ਫਿਰ, ਅੱਜ-ਕੱਲ੍ਹ ਕੀ ਕੰਮ ਕਰਦਾ ਏਂ ?"

"ਤੇਰੀ ਯਾਦਾਸ਼ਤ ਕਮਜ਼ੋਰ ਜਾਪਦੀ ਏ," ਖਿਜ਼ਰ ਖ਼ਾਨ ਨੇ ਹੱਸਦਿਆਂ ਕਿਹਾ, "ਤੈਨੂੰ ਜੁ ਦਸਿਆ ਏ ਕਿ ਇਥੇ ਫ਼ੌਜ ਵਿਚ ਹਾਂ।"

"ਤਾਹੀਓਂ ਤਾਂ ਤੂੰ ਮੇਰੇ ਵਾਂਗ ਬੁੱਢਾ ਨਹੀਂ ਲਗਦਾ। ਅਸਲ ਵਿਚ ਮੈਨੂੰ ਤਾਂ ਫ਼ਿਕਰਾਂ ਨੇ ਮਾਰ ਲਿਆ ਏ। ਹਉਕੇ ਲੈਂਦਿਆਂ ਹੀ ਵਾਲ ਚਿੱਟੇ ਹੋ ਗਏ ਨੇ।" ਅੱਲਾ ਦਿੱਤਾ ਨੇ ਕਿਹਾ।

"ਅਸੀਂ ਤਾਂ ਕਦੇ ਫ਼ਿਕਰ ਕੀਤਾ ਨਹੀਂ। ਅੱਲਾ ਮੀਆਂ ਰੋਟੀ ਦਈ ਜਾਂਦਾ ਏ।

ਵੇਖ ਲੈ ਤੂੰ, ਸਾਡੇ ਹਾਣੀ ਕੰਮ ਕਾਰ ਛੱਡੀ ਬੈਠੇ ਸੀ, ਪਰ ਅਸੀਂ ਰੱਬ ਦੀ ਮਿਹਰ ਨਾਲ ਅਜੇ ਵੀ ਜਵਾਨਾਂ ਨਾਲੋਂ ਘੱਟ ਕੰਮ ਨਹੀਂ ਕਰਦੇ। ਇਸ ਲਈ ਨੌਕਰੀ ਨਹੀਂ ਛੱਡੀ।'' ਖਿਜ਼ਰ ਖ਼ਾਨ ਨੇ ਦਸਿਆ।

"ਨਹੀਂ, ਇਹ ਗੱਲ ਤਾਂ ਨਹੀਂ। ਹਰ ਵੇਲੇ ਮੌਤ ਦੇ ਮੂੰਹ ਅੱਗੇ ਵੀ ਤਾਂ ਇਹੀਓ ਰਹਿੰਦੇ ਨੇ, ਫਿਰ ਅੱਜ-ਕੱਲ੍ਹ ਤਾਂ ਬਹੁਤ ਔਖਾ ਕੰਮ ਏ। ਬਾਗੀਆਂ ਨੇ ਨੱਕ ਵਿਚ ਦਮ ਕਰ ਦਿੱਤਾ ਹੋਇਆ ਏ। ਸਾਨੂੰ ਟਿਕਣਾ ਹੀ ਕਿਥੇ ਮਿਲਦਾ ਏ। ਭਜਾਈ ਰਖਦੇ ਨੇ ਉਹਨਾਂ ਦੇ ਪਿਛੇ। ਅੱਜ-ਕੱਲ੍ਹ ਵੀ ਸ਼ਾਇਦ ਅਸੀਂ ਕਿਧਰੇ ਬਾਹਰ ਗਏ ਹੁੰਦੇ ਪਰ ਕੁਦਰਤੀ ਮੈਨੂੰ ਇਥੇ ਲਾਇਆ ਹੋਇਆ ਏ।'' ਖਿਜ਼ਰ ਖ਼ਾਨ ਨੇ ਦਸਿਆ।

"ਅੱਜ-ਕੱਲ੍ਹ ਇਥੇ ਫਿਰ ਕਿਥੇ ਲੱਗਾ ਹੋਇਆ ਏਂ ? ਕਿਲ੍ਹੇ ਵਿਚ ?'' ਅੱਲਾ ਦਿੱਤਾ ਨੇ ਪੁਛਿਆ।

"ਨਹੀਂ, ਕਿਲ੍ਹੇ ਵਿਚ ਤਾਂ ਨਹੀਂ। ਸਿੱਖਾਂ ਦੇ ਟੱਬਰ ਬਹੁਤ ਸਾਰੇ ਫੜੇ ਹੋਏ ਲਿਆਂਦੇ ਨੇ, ਉਥੇ ਹੀ ਪਹਿਰੇ 'ਤੇ ਮੈਂ ਲੱਗਾ ਹੋਇਆ ਹਾਂ।'' ਖਿਜ਼ਰ ਖ਼ਾਨ ਨੇ ਦਸਿਆ।

"ਸਿਖ ਕਿਸ ਤਰ੍ਹਾਂ ਦੇ ਹੁੰਦੇ ਨੇ ? ਬੜਾ ਹੀ ਰੌਲਾ ਸੁਣਿਆ ਏ ਉਹਨਾਂ ਦਾ। ਸਾਡੇ ਪਿੰਡ ਵੀ ਲੋਕੀ ਗੱਲਾਂ ਕਰਦੇ ਸਨ ਕਿ ਸਿੱਖਾਂ ਵਖਤ ਪਾਇਆ ਹੋਇਆ ਏ ਤੇ ਫੌਜਾਂ ਨਾਲ ਟੱਕਰ ਪਏ ਲੈਂਦੇ ਫਿਰਦੇ ਨੇ। ਇਹ ਕਿਹੜੇ ਦੇਸ਼ ਦੇ ਲੋਕੀਂ ਨੇ ?'' ਅੱਲਾ ਦਿੱਤਾ ਨੇ ਇਸ ਤਰ੍ਹਾਂ ਮੀਸਣੇ ਬਣ ਕੇ ਇਹ ਗੱਲਾਂ ਕਹੀਆਂ ਜਿਵੇਂ ਉਹਨੂੰ ਸਿੱਖਾਂ ਬਾਰੇ ਉੱਕਾ ਕੁਝ ਪਤਾ ਨਹੀਂ ਤੇ ਇਹ ਵੀ ਨਹੀਂ ਜਾਣਦਾ ਕਿ ਸਿਖ ਪੰਜਾਬ ਦੇ ਰਹਿਣ ਵਾਲੇ ਹਨ ਜਾਂ ਕਿਸੇ ਹੋਰ ਦੇਸ਼ ਦੇ। ਗੁਲਾਬ ਸਿੰਘ ਨੂੰ ਅੱਲਾ ਦਿੱਤਾ ਦੀ ਗੱਲ 'ਤੇ ਹਾਸਾ ਆਇਆ ਪਰ ਉਸ ਕਾਬੂ ਪਾ ਲਿਆ ਤੇ ਚੁੱਪ ਰਿਹਾ।

ਖਿਜ਼ਰ ਖ਼ਾਨ ਨੇ ਕਿਹਾ, "ਸਿਖ ਕੋਈ ਬਾਹਰੋਂ ਤਾਂ ਨਹੀਂ, ਆਪਣੇ ਦੇਸ਼ ਦੇ ਲੋਕੀਂ ਹੀ ਨੇ। ਉਹ ਵਾਲ ਸਾਡੇ ਵਾਂਗ ਨਹੀਂ ਮੁਨਾਂਦੇ, ਲੰਮੀਆਂ ਲੰਮੀਆਂ ਮੌਲਵੀਆਂ ਵਾਂਗ ਦਾਹੜੀਆਂ ਵਾਲੇ ਹੁੰਦੇ ਨੇ ਤੇ ਸਿਰ ਦੇ ਵਾਲ ਵੀ ਇਕੱਠੇ ਕਰਕੇ ਉਤੇ ਪੱਗੜੀ ਬੰਨ੍ਹੀ ਰਖਦੇ ਨੇ। ਹੈਣ ਤਾਂ ਉਹ ਸਾਡੇ ਵਿਚੋਂ ਹੀ, ਪਰ ਨਿਰੀਆਂ ਆਫਤਾਂ ਨੇ। ਇਕ ਇਕ ਸਿਖ ਫ਼ੌਜ ਦਾ ਮੁਕਾਬਲਾ ਕਰਨ ਲਈ ਅੜ ਜਾਂਦਾ ਏ ਤੇ ਫਿਰ ਪੱਕੇ ਪੀਡੇ ਇਤਨੇ ਨੇ ਕਿ ਕਈ ਤਲਵਾਰਾਂ ਦੇ ਫੱਟ ਪੈ ਜਾਣ 'ਤੇ ਵੀ ਲੜੀ ਜਾਂਦੇ ਨੇ। ਉਹਨਾਂ ਦੀਆਂ ਜ਼ਨਾਨੀਆਂ ਓਦੋਂ ਵੱਧ ਕਰੜੀਆਂ ਨੇ, ਅੱਜ ਤਕ ਅਸੀਂ ਇਕ ਨੂੰ ਵੀ ਮੁਸਲਮਾਨ ਨਹੀਂ ਬਣਾ ਸਕੇ। ਮਾਰ ਕੇ ਅਧਮੋਇਆਂ ਕਰ ਦੇਂਦੇ ਹਾਂ। ਸਾਰਾ ਦਿਨ ਚੱਕੀ ਪਿਹਾਂਦੇ ਹਾਂ। ਖਾਣ ਨੂੰ ਕੁਝ ਵੀ ਨਹੀਂ ਦੇਂਦੇ, ਭੁਖੀਆਂ ਨੂੰ ਸਵਾ ਸਵਾ ਮਣ ਪੀਹਣ ਦਿੱਤਾ ਏ ਪਰ ਕਿਸੇ ਨੇ ਮਾਫ਼ੀ ਨਹੀਂ ਮੰਗੀ ਤੇ ਕੋਈ ਆਪਣੀ ਗੱਲ ਤੋਂ ਮੁੜਨ ਲਈ ਤਿਆਰ ਨਹੀਂ।

ਕਈਆਂ ਦੇ ਬੱਚਿਆਂ ਦੇ ਟੋਟੇ ਉਹਨਾਂ ਦੇ ਸਾਹਮਣੇ ਵੀ ਕੀਤੇ ਨੇ, ਪਰ ਉਹ ਉੱਕਾ ਨਹੀਂ ਮੰਨਦੀਆਂ।"

"ਕਮਾਲ ਹੋ ਗਈ! ਸਾਨੂੰ ਦਿਖਾ ਤਾਂ ਸਹੀ ਉਹ ਕਿਸ ਤਰ੍ਹਾਂ ਦੇ ਮਨੁੱਖ ਨੇ, ਹੱਦ ਹੋ ਗਈ ਏ!! ਇਤਨੀ ਕਰੜਾਈ ਜ਼ਨਾਨੀਆਂ ਵਿਚ ਕਿਸ ਤਰ੍ਹਾਂ ਹੋ ਸਕਦੀ ਏ! ਮੇਰਾ ਮਨ ਤਾਂ ਨਹੀਂ ਮੰਨਦਾ। ਜ਼ਨਾਨੀ ਕਿੱਡੀ ਵੀ ਤਕੜੇ ਦਿਲ ਵਾਲੀ ਹੋਵੇ ਜਦ ਉਹਦੇ ਸਾਹਮਣੇ ਬੱਚਾ ਮਾਰਿਆ ਜਾਵੇ ਤਾਂ ਉਹ ਡਰਿਆ ਉੱਠਦੀ ਏ। ਤੂੰ ਹੁਣੇ ਕਿਹਾ ਏ ਕਿ ਉਹ ਪੰਜਾਬ ਦੇ ਹੀ ਰਹਿਣ ਵਾਲੇ ਨੇ; ਅਸੀਂ ਵੀ ਇਥੇ ਵਸਦੇ ਹਾਂ, ਉਹ ਕੋਈ ਵਖਰੀਆਂ ਚੀਜ਼ਾਂ ਤਾਂ ਨਹੀਂ ਖਾਂਦੇ, ਉਹੀ ਅੰਨ ਅਸੀਂ ਖਾਂਦੇ ਹਾਂ। ਫਿਰ ਇਹ ਕਿਵੇਂ ਹੋ ਸਕਦਾ ਏ ਕਿ ਉਹ ਉੱਕਾ ਈ ਸਾਡੇ ਤੋਂ ਵੱਖਰੀ ਕਿਸਮ ਦੇ ਬੰਦੇ ਹੋਣ।" ਅੱਲਾ ਦਿੱਤਾ ਨੇ ਇਸ ਤਰ੍ਹਾਂ ਨਾਲ ਸਿਰ ਮਾਰ ਮਾਰ ਕੇ ਇਹ ਗੱਲਾਂ ਕਹੀਆਂ ਕਿ ਖਿਜ਼ਰ ਖ਼ਾਨ ਜੋਸ਼ ਵਿਚ ਆ ਗਿਆ। ਉਸ ਕਿਹਾ, "ਜੇ ਮੇਰੇ 'ਤੇ ਇਤਬਾਰ ਨਹੀਂ ਤਾਂ ਕਲ੍ਹ ਸਵੇਰੇ ਚੱਲ ਕੇ ਦੇਖ ਲਈਂ ਆਪਣੀਆਂ ਅੱਖਾਂ ਦੇ ਨਾਲ। ਅਜੇ ਅੱਜ ਹੀ ਅਸੀਂ ਇਕ ਬੱਚਾ ਉਹਦੀ ਮਾਂ ਦੇ ਸਾਹਮਣੇ ਲਕੜੀ 'ਤੇ ਰੱਖ ਕੇ ਦੋ ਟੋਟੇ ਕਰ ਦਿੱਤਾ ਪਰ ਉਹ ਅੜੀ ਰਹੀ ਏ। ਕੱਲ੍ਹ ਸਵੇਰੇ ਫਿਰ ਮੀਰ ਸਾਹਿਬ ਨੇ ਉਸ ਹਾਤੇ ਜਾਣਾ ਏਂ। ਤੈਨੂੰ ਮੈਂ ਉਸ ਵੇਲੇ ਦਿਖਾ ਦਿਆਂਗਾ। ਉਹਨਾਂ ਕੱਲ੍ਹ ਸਖ਼ਤੀ ਵਧੇਰੇ ਕਰਨੀ ਏਂ ਪਰ ਸਾਨੂੰ ਯਕੀਨ ਹੋ ਗਿਆ ਏ ਕਿ ਉਹ ਜ਼ਨਾਨੀਆਂ ਮੰਨਣ ਵਾਲੀਆਂ ਨਹੀਂ।"

"ਮੀਰ ਸਾਹਿਬ ਕੌਣ ਨੇ?" ਅੱਲਾ ਦਿੱਤਾ ਨੇ ਹੈਰਾਨੀ ਨਾਲ ਪੁਛਿਆ।

"ਆਪਣੇ ਹਾਕਮ ਮੀਰ ਮੰਨੂ ਨੂੰ ਹੀ ਮੀਰ ਸਾਹਿਬ ਕਹਿੰਦੇ ਨੇ।" ਖਿਜ਼ਰ ਖ਼ਾਨ ਨੇ ਦਸਿਆ।

"ਉਹ ਰੋਜ਼ ਉਹਨਾਂ ਦੇ ਬੱਚੇ ਮਾਰਦੇ ਨੇ?" ਅੱਲਾ ਦਿੱਤਾ ਨੇ ਪੁਛਿਆ।

"ਨਹੀਂ, ਮੀਰ ਸਾਹਿਬ ਤਾਂ ਅੱਜ ਹੀ ਆਏ ਸਨ। ਉਹਨਾਂ ਇਕ ਬੱਚਾ ਵਢਾਇਆ ਸੀ। ਕਲ੍ਹ ਫਿਰ ਆਉਣ ਲਈ ਕਹਿ ਗਏ ਸਨ।" ਖਿਜ਼ਰ ਖ਼ਾਨ ਨੇ ਦਸਿਆ।

"ਜਿੰਨੀਆਂ ਵੀ ਜ਼ਨਾਨੀਆਂ ਸਿੱਖਾਂ ਦੀਆਂ ਫੜ ਕੇ ਲਿਆਉਂਦੇ ਨੇ, ਉਹ ਸਾਰੀਆਂ ਇਕੋ ਥਾਂ ਡੱਕੀਆਂ ਹੋਣੀਆਂ ਨੇ? ਕਿਲ੍ਹੇ ਵਿਚ ਹੀ ਹੋਣੀਆਂ ਨੇ ਸਾਰੀਆਂ?" ਅੱਲਾ ਦਿੱਤਾ ਨੇ ਬੜੇ ਭੋਲੇ ਜਿਹੇ ਬੰਦੇ ਵਾਂਗ ਪੁਛਿਆ।

"ਨਹੀਂ, ਕਿਲ੍ਹੇ ਵਿਚ ਨਹੀਂ, ਇਹ ਤਾਂ ਲੁੰਡੇ ਬਾਜ਼ਾਰ ਵਿਚ ਹੀ ਇਕ ਹਾਤੇ ਵਿਚ ਡੱਕੀਆਂ ਹੋਈਆਂ ਨੇ।" ਖਿਜ਼ਰ ਖ਼ਾਨ ਨੇ ਦਸਿਆ।

ਇਤਨੇ ਵਿਚ ਇਹਨਾਂ ਦੇ ਬਿਸਤਰੇ ਹੋ ਗਏ ਤੇ ਇਹ ਸੌਂ ਗਏ। ਮਕਾਨ ਦੇ ਬਾਹਰਲੇ ਪਾਸੇ ਡਿਉਢੀ ਵਿਚ ਹੀ ਦੋ ਮੰਜੇ ਡਾਹੇ ਤੇ ਉਥੇ ਹੀ ਅੱਲਾ ਦਿੱਤਾ ਤੇ ਗੁਲਾਬ ਸਿੰਘ

ਸੌਂ ਗਏ। ਖਿਜ਼ਰ ਖ਼ਾਨ ਆਪਣੇ ਪਰਵਾਰ ਨਾਲ ਵਿਹੜੇ ਦੇ ਪਿਛਲੇ ਪਾਸੇ ਦੇ ਇਕ ਕਮਰੇ ਵਿਚ ਜਾ ਸੁੱਤਾ।

ਝਟ ਪਿਛੋਂ ਗੁਲਾਬ ਸਿੰਘ ਨੇ ਕਿਹਾ, "ਇਹ ਤਾਂ ਪਤਾ ਲੱਗ ਗਿਆ ਏ ਕਿ ਸਾਰੀਆਂ ਜ਼ਨਾਨੀਆਂ ਲੁੰਡੇ ਬਾਜ਼ਾਰ ਦੇ ਇਕ ਹਾਤੇ ਵਿਚ ਨੇ, ਪਰ ਇਹਦੇ ਦੱਸਣ ਅਨੁਸਾਰ ਬੱਚੇ ਮਾਰੇ ਜਾ ਰਹੇ ਹਨ। ਹੋ ਸਕਦਾ ਏ ਕਿ ਕਲ੍ਹ ਤਕ ਜੇ ਜ਼ਨਾਨੀਆਂ ਨਾ ਮੰਨਣ ਤਾਂ ਉਹ ਸਾਰੀਆਂ ਜ਼ਨਾਨੀਆਂ ਨੂੰ ਵੀ ਕਤਲ ਕਰਵਾ ਦੇਵੇ। ਮੀਰ ਮੰਨੂ ਜ਼ਾਲਮ ਏ ਤੇ ਉਸ ਪਾਸੋਂ ਹਰ ਗੱਲ ਦੀ ਆਸ ਹੋ ਸਕਦੀ ਏ। ਇਸ ਲਈ ਮੈਂ ਚਾਹੁੰਦਾ ਹਾਂ ਕਿ ਹੁਣੇ ਚਲਾ ਜਾਵਾਂ। ਰਾਤੋ ਰਾਤ ਮੈਂ ਸ੍ਰੀ ਅੰਮ੍ਰਿਤਸਰ ਪੁੱਜ ਜਾਵਾਂਗਾ, ਕੱਲ੍ਹ ਰਾਤ ਅਸੀ ਹਮਲਾ ਕਰਕੇ ਜ਼ਨਾਨੀਆਂ ਛੁਡਾ ਲਵਾਂਗੇ।"

"ਇਤਨੀ ਕਾਹਲੀ ਨਾ ਕਰੋ। ਕੱਲ੍ਹ ਸਵੇਰੇ ਮੇਰੇ ਨਾਲ ਚਲੋ ਤੇ ਪਹਿਲਾਂ ਵੇਖ ਤਾਂ ਆਓ ਕਿ ਤੁਹਾਡਾ ਟੱਬਰ ਵੀ ਇਥੇ ਆਇਆ ਕਿ ਨਹੀਂ। ਬੱਚੇ ਸਹੀ ਸਲਾਮਤ ਹਨ ਕਿ ਨਹੀਂ।" ਅੱਲਾ ਦਿੱਤਾ ਨੇ ਕਿਹਾ।

"ਨਹੀਂ, ਮੇਰਾ ਜਾਣਾ ਠੀਕ ਨਹੀਂ। ਮੈਂ ਵੇਖ ਕੇ ਬਰਦਾਸ਼ਤ ਨਹੀਂ ਕਰ ਸਕਾਂਗਾ ਤੇ ਫਿਰ ਮੇਰੇ ਲਈ ਜਥੇ ਨੂੰ ਸੱਦਣ ਜਾਣਾ ਵੀ ਔਖਾ ਹੋ ਜਾਏਗਾ। ਮੇਰਾ ਟੱਬਰ ਵੀ ਅੱਵਲ ਤਾਂ ਇਥੇ ਹੀ ਹੋਵੇਗਾ, ਪਰ ਜੇਕਰ ਉਹ ਇਥੇ ਨਾ ਵੀ ਹੋਵੇਗਾ ਤਾਂ ਦੂਜੀਆਂ ਨੂੰ ਛੁਡਾਣਾ ਤਾਂ ਹੈ। ਇਹ ਤਾਂ ਨਹੀਂ ਕਿ ਮੈਂ ਆਪਣਾ ਟੱਬਰ ਹੀ ਲੱਭਣ ਆਇਆ ਹਾਂ। ਮੈਂ ਤਾਂ ਦੂਜਿਆਂ ਦੇ ਟੱਬਰ ਛੁਡਾਣੇ ਵੀ ਆਪਣੇ ਟੱਬਰ ਜਿਤਨਾ ਹੀ ਜ਼ਰੂਰੀ ਸਮਝਦਾ ਹਾਂ।" ਗੁਲਾਬ ਸਿੰਘ ਨੇ ਕਿਹਾ।

"ਪਰ ਤੁਸੀਂ ਕੱਲ੍ਹ ਦੁਪਹਿਰ ਨੂੰ ਚਲੇ ਜਾਇਆ ਜੇ।" ਅੱਲਾ ਦਿੱਤਾ ਨੇ ਕਿਹਾ।

"ਮੈਨੂੰ ਹੋਰ ਵੀ ਡਰ ਏ। ਮੈਂ ਅਜੇ ਤਕ ਪਛਾਣਿਆ ਨਹੀਂ ਗਿਆ। ਕਿਧਰੇ ਮੈਂ ਪਛਾਣਿਆ ਗਿਆ ਤਾਂ ਤੁਹਾਡਾ ਯਾਰ ਵੀ ਕਿਧਰੇ ਕਾਬੂ ਨਾ ਆ ਜਾਏ।"

ਅੱਲਾ ਦਿੱਤਾ ਨੇ ਬੜੀ ਨਾਂਹ ਪਾਈ ਪਰ ਗੁਲਾਬ ਸਿੰਘ ਨਾ ਮੰਨਿਆ ਤੇ ਉਹ ਜਾਣ ਲਈ ਤਿਆਰ ਹੋ ਗਿਆ। ਅੱਲਾ ਦਿੱਤਾ ਨੇ ਕਿਹਾ, "ਚੰਗਾ ਜੇ ਤੁਸੀਂ ਜਾਣਾ ਈ ਏ ਤਾਂ ਦੱਸ ਜਾਓ ਕਿ ਤੁਹਾਡੇ ਟੱਬਰ ਦੀ ਪਛਾਣ ਕੀ ਏ?"

"ਮੇਰੀ ਸਿੰਘਣੀ ਦਾ ਨਾਮ ਰੇਸ਼ਮ ਕੌਰ ਏ। ਉਹਦਾ ਰੰਗ ਗੋਰਾ ਤੇ ਮੱਥੇ 'ਤੇ ਖੱਬੀ ਅੱਖ ਦੇ ਉਤੇ ਕਰ ਕੇ ਇਕ ਨਿਸ਼ਾਨ ਹੈ। ਇਕ ਮੁੰਡਾ ਚੰਗਾ ਭੱਜਾ ਫਿਰਦਾ ਏ, ਉਹਦਾ ਨਾਂ ਦਲੀਪ ਸਿੰਘ ਏ ਤੇ ਦੂਜਾ ਕੁਛੜ ਏ ਜੋ ਕੁਝ ਹੀ ਦਿਨਾਂ ਦਾ ਏ," ਗੁਲਾਬ ਸਿੰਘ ਨੇ ਇਸ ਤਰ੍ਹਾਂ ਸਾਰੀਆਂ ਨਿਸ਼ਾਨੀਆਂ ਦੱਸ ਕੇ ਕਿਹਾ, "ਤੁਸੀਂ ਕੱਲ੍ਹ ਰਾਤ ਨੂੰ ਦਿੱਲੀ ਦਰਵਾਜ਼ੇ ਨੇੜੇ ਆ ਜਾਇਆ ਜੇ, ਅਸੀਂ ਜਾਂਦੀ ਵਾਰੀ ਨਾਲ ਲਈ ਜਾਵਾਂਗੇ।"

"ਚੰਗਾ ਫਿਰ ਜਾਉ", ਅੱਲਾ ਦਿੱਤਾ ਨੇ ਬਾਹਰਲਾ ਦਰਵਾਜ਼ਾ ਖੋਲ੍ਹਿਆ ਤੇ ਗੁਲਾਬ ਸਿੰਘ ਉਸੇ ਤਰ੍ਹਾਂ ਕੰਬਲ ਦੀ ਬੁਕਲ ਮਾਰ ਕੇ ਟੁਰ ਪਿਆ।

ਅਜੇ ਉਹ ਥੋੜ੍ਹੀ ਦੂਰ ਹੀ ਗਿਆ ਸੀ ਕਿ ਪਹਿਰਾ ਦੇ ਰਹੇ ਫ਼ੌਜੀ ਨੇ ਆਵਾਜ਼ ਦਿੱਤੀ, "ਕੌਣ ਏਂ ਬਈ ?"

ਗੁਲਾਬ ਸਿੰਘ ਨੇ ਪਿਛੇ ਮੁੜ ਕੇ ਦੇਖਿਆ ਤੇ ਫਿਰ ਤੇਜ਼ ਕਦਮ ਪੁਟਦਾ ਅੱਗੇ ਟੁਰ ਪਿਆ। ਫ਼ੌਜੀ ਨੇ ਇਕ ਹੋਰ ਆਵਾਜ਼ ਦਿੱਤੀ, ਪਰ ਗੁਲਾਬ ਸਿੰਘ ਫਿਰ ਵੀ ਨਾ ਖੜ੍ਹਾ ਹੋਇਆ, ਸਗੋਂ ਹੋਰ ਤੇਜ਼ ਹੋ ਗਿਆ। ਫ਼ੌਜੀ ਵੀ ਨੱਸ ਪਿਆ। ਗੁਲਾਬ ਸਿੰਘ ਵੀ ਦੌੜ ਪਿਆ। ਫ਼ੌਜੀ ਨੇ ਆਵਾਜ਼ ਦਿੱਤੀ, "ਖੜ੍ਹਾ ਹੋ ਜਾ, ਨਹੀਂ ਤੇ ਗੋਲੀ ਮਾਰ ਦਿਆਂਗੇ।" ਗੁਲਾਬ ਸਿੰਘ ਨੇ ਸੋਚਿਆ ਕਿ ਜੇ ਹੁਣ ਖੜ੍ਹਾ ਨਾ ਹੋਇਆ ਤਾਂ ਇਸ ਸੱਚਮੁੱਚ ਗੋਲੀ ਮਾਰ ਦੇਣੀ ਏਂ। ਫਿਰ ਇਹਦੇ ਮੁਕਾਬਲੇ ਮੇਰੇ ਪਾਸ ਬੰਦੂਕ ਨਹੀਂ। ਜੋ ਬੰਦੂਕ ਗੁਲਾਬ ਸਿੰਘ ਪਾਸ ਸੀ, ਉਸ ਦੀਆਂ ਗੋਲੀਆਂ ਮੁਕ ਜਾਣ 'ਤੇ ਉਹ ਅੱਲਾ ਦਿੱਤਾ ਦੇ ਖੂਹ 'ਤੇ ਛੁਪਾ ਆਇਆ ਸੀ।

ਗੁਲਾਬ ਸਿੰਘ ਖੜ੍ਹਾ ਹੋ ਗਿਆ। ਫ਼ੌਜੀ ਨੇ ਬੰਦੂਕ ਸਿੱਧੀ ਕਰ ਲਈ ਤੇ ਨੇੜੇ ਆ ਗਿਆ। ਕੁਝ ਕਦਮ ਦੂਰ ਖੜੇ ਹੋ ਕੇ ਉਸ ਪੁਛਿਆ, "ਕੌਣ ਏਂ ਤੂੰ ?"

"ਰੱਬ ਦਾ ਬੰਦਾ," ਗੁਲਾਬ ਸਿੰਘ ਬੜਾ ਨਿਝਕ ਹੋ ਕੇ ਬੋਲਿਆ।

"ਜਦ ਮੈਂ ਆਵਾਜ਼ ਦਿੱਤੀ ਸੀ ਤਾਂ ਕਿਉਂ ਨਹੀਂ ਸੈਂ ਖਲੋਤਾ ?" ਫ਼ੌਜੀ ਨੇ ਡਾਂਟਵੇਂ ਢੰਗ ਨਾਲ ਕਿਹਾ।

"ਮੈਂ ਡਰ ਗਿਆ ਸਾਂ", ਗੁਲਾਬ ਸਿੰਘ ਨੇ ਇਸ ਲਈ ਕਿਹਾ ਤਾਕਿ ਫ਼ੌਜੀ ਮਹਿਸੂਸ ਕਰ ਲਏ ਕਿ ਮੈਂ ਕਮਜ਼ੋਰ ਹਾਂ ਤੇ ਉਸ ਤੋਂ ਡਰਦਾ ਹਾਂ।

ਸੱਚਮੁੱਚ ਗੁਲਾਬ ਸਿੰਘ ਦੇ ਇਹ ਕਹਿਣ 'ਤੇ ਫ਼ੌਜੀ ਅਗੇ ਵਧਿਆ ਤਾਕਿ ਇਹਨੂੰ ਫੜ ਲਵੇ। ਜਦ ਉਹ ਨੇੜੇ ਆ ਗਿਆ ਤਾਂ ਗੁਲਾਬ ਸਿੰਘ ਨੇ ਕੰਬਲ ਦੀ ਬੁਕਲ ਲਾਹ ਕੇ ਕੰਬਲ ਉਸ ਉਤੇ ਸੁਟ ਦਿੱਤਾ ਤੇ ਉਹਦੇ ਕੰਬਲ ਲਾਹੁਣ ਤੋਂ ਪਹਿਲਾਂ ਹੀ ਛਾਲ ਮਾਰ ਕੇ ਉਹਨੂੰ ਕਾਬੂ ਕਰ ਲਿਆ। ਗੁਲਾਬ ਸਿੰਘ ਨੇ ਬੰਦੂਕ ਖੋਹ ਲਈ ਤੇ ਉਹਨੂੰ ਉਹਦੀ ਪਗੜੀ ਨਾਲ ਹੀ ਬੰਨ੍ਹ ਦਿੱਤਾ।

"ਹੁਣ ਦੱਸ, ਤੈਨੂੰ ਮਾਰ ਦਿਆਂ ਕਿ ਨਾ ?" ਗੁਲਾਬ ਸਿੰਘ ਨੇ ਉਹਨੂੰ ਪੁਛਿਆ।

"ਮੇਰਾ ਕੀ ਕਸੂਰ ਏ, ਮੈਨੂੰ ਕਿਉਂ ਮਾਰਦੇ ਹੋ ? ਮੈਂ ਤਾਂ ਪਹਿਰਾ ਦੇ ਰਿਹਾ ਸਾਂ ਤੇ ਮੇਰਾ ਫ਼ਰਜ਼ ਸੀ ਕਿ ਜਿਹੜਾ ਵੀ ਬੰਦਾ ਰਾਤ ਨੂੰ ਇਸ ਤਰ੍ਹਾਂ ਸ਼ੱਕੀ ਹਾਲਤ ਵਿਚ ਫਿਰਦਾ ਦੇਖਾਂ, ਉਹਨੂੰ ਪੁੱਛਾਂ। ਮੈਂ ਤੁਹਾਡੇ ਤੋਂ ਪੁੱਛ ਰਿਹਾ ਸਾਂ ਕਿ ਤੁਸੀਂ ਕੌਣ ਹੋ।" ਬੜੇ ਤਰਲੇ ਨਾਲ ਫ਼ੌਜੀ ਨੇ ਕਿਹਾ।

"ਇਹ ਠੀਕ ਏ ਕਿ ਤੂੰ ਫ਼ਰਜ਼ ਨਿਭਾ ਰਿਹਾ ਸੈਂ, ਤੈਨੂੰ ਨਹੀਂ ਮਾਰਨਾ ਚਾਹੀਦਾ। ਤੈਨੂੰ ਆਪਣੇ ਮਾਲਕ ਤੇ ਕੰਮ ਦਾ ਵਫ਼ਾਦਾਰ ਰਹਿਣਾ ਚਾਹੀਦਾ ਹੈ। ਤੇਰੀ ਥਾਂ ਮੈਂ ਇਥੇ ਹੁੰਦਾ ਤਾਂ ਸੱਚਮੁੱਚ ਇਸੇ ਤਰ੍ਹਾਂ ਕਰਦਾ, ਇਸ ਲਈ ਮੈਂ ਤੈਨੂੰ ਮਾਰਦਾ ਨਹੀਂ, ਪਰ ਇਹ ਬੰਦੂਕ ਹੁਣ ਤੈਨੂੰ ਨਹੀਂ ਮਿਲ ਸਕਦੀ। ਜਾਹ, ਦੌੜ ਜਾਹ ਤੇ ਖੱਪ ਨਾ ਪਾਈਂ, ਨਹੀਂ ਤੇ ਜੀਊਂਦਾ ਨਹੀਂ ਛੱਡਾਂਗਾ। ਮੈਂ ਕੌਣ ਹਾਂ, ਇਹ ਵੀ ਤੈਨੂੰ ਜਾਣਨ ਦੀ ਲੋੜ ਨਹੀਂ, ਸਿਰਫ਼ ਇਤਨਾ ਦੱਸ ਦੇਂਦਾ ਹਾਂ ਕਿ ਅਸੀਂ ਵੱਡੀ ਸਰਕਾਰ ਦੇ ਸਿਪਾਹੀ ਹਾਂ।"

ਗੁਲਾਬ ਸਿੰਘ ਨੇ ਉਹਦੇ ਹੱਥ ਪੈਰ ਖੋਲ੍ਹ ਦਿੱਤੇ ਤੇ ਉਹਨੂੰ ਛੱਡ ਦਿੱਤਾ। ਬੰਦੂਕ ਆਪ ਸੰਭਾਲ ਕੇ ਟੁਰ ਪਿਆ।

ਅਜੇ ਗੁਲਾਬ ਸਿੰਘ ਸ਼ਹਿਰ ਤੋਂ ਬਾਹਰ ਹੀ ਗਿਆ ਸੀ ਕਿ ਉਹਨੂੰ ਪਿਛੋਂ ਘੋੜਿਆਂ ਦੇ ਦੌੜੇ ਆਉਣ ਦੀ ਆਵਾਜ਼ ਆਈ। ਦਿਨ ਦਾ ਚਾਨਣ ਅਜੇ ਹੁਣੇ ਪਸਰਨਾ ਸ਼ੁਰੂ ਹੋਇਆ ਸੀ। ਇਸ ਲਈ ਕਾਫ਼ੀ ਨੇੜੇ ਆਉਣ 'ਤੇ ਉਸ ਪਛਾਣ ਲਿਆ ਕਿ ਇਹ ਤਾਂ ਸਰਕਾਰੀ ਫ਼ੌਜੀ ਦਸਤਾ ਆ ਰਿਹਾ ਹੈ। ਗੁਲਾਬ ਸਿੰਘ ਸਮਝ ਗਿਆ ਕਿ ਇਹ ਜ਼ਰੂਰ ਮੇਰਾ ਪਿਛਾ ਕਰ ਰਹੇ ਹੋਣਗੇ। ਹੁਣ ਉਹ ਇਤਨਾ ਨੇੜੇ ਆ ਚੁਕੇ ਸਨ ਕਿ ਗੁਲਾਬ ਸਿੰਘ ਕਿਧਰੇ ਛੁਪ ਵੀ ਨਹੀਂ ਸੀ ਸਕਦਾ।

ਗੁਲਾਬ ਸਿੰਘ ਰਾਹ ਤੋਂ ਇਕ ਪਾਸੇ ਹਟ ਗਿਆ ਤਾਕਿ ਪਤਾ ਲੱਗ ਜਾਏ ਕਿ ਉਹ ਸਿੱਧੇ ਲੰਘ ਜਾਂਦੇ ਹਨ ਜਾਂ ਉਹਦਾ ਪਿਛਾ ਕਰਦੇ ਹਨ।

ਜਦ ਫ਼ੌਜੀ ਦਸਤਾ ਵੀ ਰਾਹ ਛੱਡ ਕੇ ਉਸ ਪਾਸੇ ਮੁੜ ਪਿਆ, ਜਿਧਰ ਗੁਲਾਬ ਸਿੰਘ ਮੁੜਿਆ ਸੀ ਤਾਂ ਗੁਲਾਬ ਸਿੰਘ ਨੇ ਝਟ ਇਕ ਝਾੜੀ ਦਾ ਓਹਲਾ ਲੈ ਕੇ ਗੋਲੀ ਚਲਾ ਦਿੱਤੀ। ਸਭ ਤੋਂ ਅਗੇ ਆ ਰਿਹਾ ਘੋੜ-ਸਵਾਰ ਗੋਲੀ ਲੱਗਦਿਆਂ ਘੋੜੇ ਤੋਂ ਡਿੱਗ ਪਿਆ। ਫਿਰ ਉਸ ਇਕ ਹੋਰ ਗੋਲੀ ਚਲਾਈ ਤੇ ਉਸ ਪਾਸ ਗੋਲੀਆਂ ਮੁਕ ਗਈਆਂ। ਹੁਣ ਉਹ ਤਲਵਾਰ ਧਰੂਹ ਕੇ ਨਿਕਲਿਆ, ਪਰ ਉਹਦੀ ਪੇਸ਼ ਕੀ ਜਾ ਸਕਦੀ ਸੀ। ਇਕ ਗੋਲੀ ਗੁਲਾਬ ਸਿੰਘ ਦੀ ਸੱਜੀ ਬਾਂਹ 'ਤੇ ਲੱਗੀ ਅਤੇ ਹੱਥੋਂ ਤਲਵਾਰ ਡਿੱਗ ਪਈ। ਫ਼ੌਜੀ ਦਸਤੇ ਦੇ ਜੁਆਨਾਂ ਨੇ ਘੋੜਿਆਂ ਤੋਂ ਉਤਰ ਕੇ ਗੁਲਾਬ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ।

# ੭

ਮਿਰਜ਼ੇ ਨੇ ਤਰਸੇਮ ਨੂੰ ਸੱਦਿਆ ਤੇ ਕਿਹਾ, "ਗੱਲ ਏ ਕਿ ਜੇ ਤੂੰ ਇਕ ਕੰਮ ਕਰੇਂ ਤਾਂ ਤੈਨੂੰ ਬਹੁਤ ਵੱਡਾ ਇਨਾਮ ਦਿਆਂਗਾ। ਅਗੇ ਤੂੰ ਮੇਰੇ ਕਈ ਕੰਮ ਕੀਤੇ ਨੇ। ਵੇਖ ਲੈ, ਫਿਰ ਅਸੀਂ ਵੀ ਕਿਵੇਂ ਤੇਰੀ ਮਦਦ ਕਰਦੇ ਰਹੇ ਹਾਂ।"

"ਦੱਸੋ, ਮੈਂ ਤੁਹਾਡੇ ਲਈ ਸਭ ਕੁਝ ਕਰਨ ਲਈ ਤਿਆਰ ਹਾਂ। ਤੁਸੀਂ ਮੈਨੂੰ ਨੌਕਰ ਕਰਾ ਕੇ ਜੋ ਅਹਿਸਾਨ ਕੀਤਾ ਸੀ, ਉਹ ਮੈਂ ਕਦੇ ਵੀ ਨਹੀਂ ਭੁਲ ਸਕਦਾ।" ਤਰਸੇਮ ਨੇ ਕਿਹਾ।

"ਮੈਨੂੰ ਤੇਰੇ 'ਤੇ ਮਾਣ ਏ, ਇਸ ਲਈ ਤੈਨੂੰ ਸੱਦਿਆ ਏ, ਹੋਰ ਕਿਸੇ ਨੂੰ ਨਹੀਂ ਬੁਲਾਇਆ।" ਮਿਰਜ਼ਾ ਬੋਲਿਆ।

"ਇਹ ਤੁਹਾਡੀ ਬੜੀ ਮਿਹਰਬਾਨੀ ਏ ਜੋ ਤੁਸਾਂ ਨੇ ਮੈਨੂੰ ਯਾਦ ਕੀਤਾ ਏ। ਮੈਂ ਵੀ ਸਦਾ ਤੁਹਾਡਾ ਵਫ਼ਾਦਾਰ ਹਾਂ," ਤਰਸੇਮ ਨੇ ਕਿਹਾ, "ਹੁਕਮ ਕਰੋ ਮੇਰੇ ਲਾਇਕ ਕੀ ਕੰਮ ਏ ?"

"ਕੰਮ ਬੜਾ ਵੱਡਾ ਏ ਤੇ ਬੜੀ ਹੁਸ਼ਿਆਰੀ ਨਾਲ ਕਰਨ ਵਾਲਾ ਏ। ਜੇ ਅਸੀਂ ਉਸ ਵਿਚ ਅਸਫਲ ਹੋ ਗਏ ਤਾਂ ਮਾੜੇ ਦਿਨ ਆ ਜਾਣਗੇ। ਜੇ ਸਿਰੇ ਚੜ੍ਹ ਗਿਆ ਤਾਂ ਫਿਰ ਵੇਖ ਕਿਵੇਂ ਤੇਰੀ ਤਰੱਕੀ ਹੁੰਦੀ ਏ।" ਮਿਰਜ਼ੇ ਨੇ ਉਹਨੂੰ ਥਾਪੀ ਦਿੱਤੀ ਤੇ ਆਪਣੇ ਹੋਰ ਨੇੜੇ ਕਰ ਲਿਆ।

"ਦੱਸੋ, ਮੈਂ ਜਾਨ ਦੀ ਬਾਜ਼ੀ ਵੀ ਲਾ ਦਿਆਂਗਾ।" ਤਰਸੇਮ ਨੇ ਕਹਿ ਤਾਂ ਦਿੱਤਾ, ਪਰ ਉਹ ਬੜਾ ਹੈਰਾਨ ਸੀ ਕਿ ਅੱਜ ਮਿਰਜ਼ਾ ਸਾਹਿਬ ਕਿਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ ਤੇ ਕੀ ਵਿਉਂਤਾਂ ਬਣਾ ਰਹੇ ਹਨ।

ਮਿਰਜ਼ੇ ਨੇ ਇਸ਼ਾਰਾ ਕੀਤਾ ਕਿ ਬਾਹਰਲਾ ਦਰਵਾਜ਼ਾ ਜ਼ਰਾ ਬੰਦ ਕਰ ਦੇਵੇ। ਤਰਸੇਮ ਦੀ ਹੈਰਾਨੀ ਹੋਰ ਵਧ ਗਈ ਕਿ ਆਖਰ ਇਤਨਾ ਗੰਭੀਰ ਕਿਹੜਾ ਮਾਮਲਾ ਏ ਜਿਸ ਕਾਰਨ ਮਿਰਜ਼ਾ ਸਾਹਿਬ ਇੰਨੇ ਬਾਨ੍ਹਣੂ ਬੰਨ੍ਹ ਰਹੇ ਹਨ। ਉਹ ਦਰਵਾਜ਼ਾ ਬੰਦ ਕਰ ਕੇ ਆ ਗਿਆ ਤੇ ਮਿਰਜ਼ਾ ਸਾਹਿਬ ਦੇ ਨੇੜੇ ਹੋ ਕੇ ਉਸ ਪੁਛਿਆ, "ਦੱਸੋ ਫਿਰ ਕਿਹੜੀ ਇਤਨੀ ਭੇਦ ਵਾਲੀ ਗੱਲ ਏ ?"

"ਅੱਜ ਰਾਤ ਹਾਤੇ ਵਿਚ ਕੌਣ ਕੌਣ ਹੋਵੇਗਾ ?" ਮਿਰਜ਼ੇ ਨੇ ਪੁਛਿਆ।

"ਕਿਹੜੇ ਹਾਤੇ ਵਿਚ ? ਜਿਥੇ ਸਿੱਖਾਂ ਦੇ ਟੱਬਰ ਡੱਕੇ ਹੋਏ ਨੇ !" ਤਰਸੇਮ ਨੇ ਗੱਲ ਸਪੱਸ਼ਟ ਕਰ ਕੇ ਪੁੱਛੀ।

"ਆਹੋ, ਉਥੇ ਹੀ।" ਮਿਰਜ਼ੇ ਨੇ ਕਿਹਾ।

"ਸਾਰੇ ਸਿਪਾਹੀ ਉਥੇ ਹੀ ਹੋਣੇ ਨੇ। ਅਜੇ ਤਾਂ ਪਤਾ ਨਹੀਂ ਕਿਸ ਕਿਸ ਦੀ ਰਾਤ ਨੂੰ ਪਹਿਰੇ ਲਈ ਵਾਰੀ ਲਗਦੀ ਏ।" ਤਰਸੇਮ ਨੇ ਕਿਹਾ ਤੇ ਫਿਰ ਹੈਰਾਨੀ ਨਾਲ ਪੁਛਿਆ, "ਦਸੋ ਕੰਮ ਕੀ ਏ?"

"ਮੈਂ ਚਾਹੁੰਦਾ ਹਾਂ ਕਿ ਸਿੱਖਾਂ ਦੇ ਕੁਝ ਟੱਬਰ ਹਵੇਲੀ ਵਿਚੋਂ ਕੱਢ ਦਿੱਤੇ ਜਾਣ। ਇਹ ਕੰਮ ਮੈਂ ਤੇਰੇ ਸਪੁਰਦ ਕਰਨਾ ਚਾਹੁੰਦਾ ਹਾਂ ਕਿ ਰਾਤ ਨੂੰ ਇਸ ਤਰ੍ਹਾਂ ਦਾ ਪ੍ਰਬੰਧ ਕੀਤਾ ਜਾਏ ਕਿ ਸਿੱਖਾਂ ਦੇ ਕੁਝ ਟੱਬਰ ਹਾਤੇ ਵਿਚੋਂ ਨਿਕਲ ਜਾਣ। ਭਾਵੇਂ ਉਹਨਾਂ ਨੂੰ ਵੱਡੇ ਦਰਵਾਜ਼ੇ ਰਾਹੀਂ ਬਾਹਰ ਕੱਢ ਦਿਓ ਤੇ ਭਾਵੇਂ ਪਿਛਲੇ ਪਾਸਿਓਂ ਕੰਧ ਪਾੜੀ ਜਾਏ।" ਮਿਰਜ਼ੇ ਨੇ ਇਸ ਤਰ੍ਹਾਂ ਆਪਣੇ ਦਿਲ ਵਿਚ ਤਿਆਰ ਕੀਤੀ ਵਿਉਂਤ ਸਾਰੀ ਤਰਸੇਮ ਅਗੇ ਰੱਖ ਦਿੱਤੀ। ਤਰਸੇਮ ਨੂੰ ਮਿਰਜ਼ੇ ਨੇ ਸਿਰਫ਼ ਨੌਕਰ ਹੀ ਨਹੀਂ ਕਰਾਇਆ ਸੀ, ਸਗੋਂ ਕਈ ਵਾਰ ਉਹਦੀ ਹਮਾਇਤ ਕਰ ਕੇ ਉਹਨੂੰ ਉਚੇਚੀ ਤਰੱਕੀ ਵੀ ਦਿਵਾਈ ਸੀ। ਤਰਸੇਮ ਮਿਰਜ਼ੇ ਦੇ ਪਿੰਡ ਦਾ ਸੀ ਤੇ ਉਹਦਾ ਪਿਓ ਇਹਦੇ ਨਾਲ ਖੇਡ ਵੱਡਾ ਹੋਇਆ ਸੀ। ਇਸ ਲਈ ਮਿਰਜ਼ਾ ਇਹਨੂੰ ਆਪਣਾ ਖ਼ਾਸ ਬੰਦਾ ਸਮਝਦਾ ਸੀ ਤੇ ਇਸ ਕੰਮ ਲਈ ਪਹਿਲਾਂ ਉਹਨੂੰ ਹੀ ਭਰੋਸੇ ਵਿਚ ਲਿਆ।

ਤਰਸੇਮ ਇਹ ਗੱਲ ਸੁਣ ਕੇ ਹੈਰਾਨ ਹੋ ਗਿਆ। ਉਹਨੂੰ ਸੁਪਨੇ ਵਿਚ ਵੀ ਇਹ ਖ਼ਿਆਲ ਨਹੀਂ ਸੀ ਆ ਸਕਦਾ ਕਿ ਮਿਰਜ਼ਾ ਸਾਹਿਬ ਉਹਨੂੰ ਇਹ ਕੰਮ ਸੌਂਪਣਗੇ। ਹਾਲਾਂਕਿ ਦੋ ਦਿਨ ਪਹਿਲਾਂ ਤਾਂ ਮਿਰਜ਼ਾ ਸਾਹਿਬ ਉਹਨੂੰ ਤਕੜਾਈ ਕਰ ਕੇ ਰਾਤ ਨੂੰ ਸੂਤਾ ਕਰਦੇ ਸਨ ਕਿ ਕੋਈ ਜ਼ਨਾਨੀ ਜਾਂ ਬੱਚਾ ਕਿਸੇ ਪਾਸਿਓਂ ਨਿਕਲ ਨਾ ਜਾਏ। ਅੱਜ ਉਹੀ ਮਿਰਜ਼ਾ ਸਾਹਿਬ ਉਹਨੂੰ ਇਸ ਗੱਲ ਲਈ ਤਿਆਰ ਕਰ ਰਹੇ ਹਨ ਕਿ ਉਹ ਉਹਨਾਂ ਨੂੰ ਭਜਾ ਦੇਵੇ। ਉਸ ਪੁਛਿਆ, "ਕੀ ਗੱਲ ਮਿਰਜ਼ਾ ਸਾਹਿਬ, ਅੱਜ ਉਹਨਾਂ ਨੂੰ ਇਸ ਤਰ੍ਹਾਂ ਕਿਉਂ ਕੱਢ ਰਹੇ ਹੋ?"

"ਮੀਰ ਸਾਹਿਬ ਮੇਰੇ 'ਤੇ ਗੁੱਸੇ ਨੇ ਕਿ ਮੈਂ ਉਹਨਾਂ ਜ਼ਨਾਨੀਆਂ ਨੂੰ ਮਨਾ ਨਹੀਂ ਸਕਿਆ। ਉਹਨਾਂ ਮੇਰੀ ਥਾਂ ਰਹਿਮਾਨ ਖ਼ਾਨ ਨੂੰ ਲਾ ਦਿੱਤਾ ਏ। ਅੱਜ-ਕੱਲ੍ਹ ਮੀਰ ਸਾਹਿਬ ਰਹਿਮਾਨ ਖ਼ਾਨ 'ਤੇ ਬੜੇ ਖ਼ੁਸ਼ ਨੇ ਤੇ ਜੇ ਇਹੀ ਹਾਲਤ ਰਹੀ ਤਾਂ ਅਗੋਂ ਕੋਤਵਾਲ ਮੈਂ ਨਹੀਂ ਬਣ ਸਕਣਾ, ਸਗੋਂ ਰਹਿਮਾਨ ਖ਼ਾਨ ਬਣ ਜਾਏਗਾ। ਇਸ ਲਈ ਅੱਜ ਰਾਤ ਨੂੰ ਉਥੇ ਗੜਬੜ ਹੋ ਜਾਏ ਤਾਂ ਕਲ੍ਹ ਹੀ ਰਹਿਮਾਨ ਖ਼ਾਨ ਉਥੋਂ ਹਟਾ ਦਿੱਤਾ ਜਾਏਗਾ ਅਤੇ ਮੀਰ ਸਾਹਿਬ ਦੇ ਮਨੋਂ ਉਤਰ ਜਾਏਗਾ।" ਮਿਰਜ਼ਾ ਸਾਹਿਬ ਨੇ ਉਹਨੂੰ ਆਪਣਾ ਸਾਰਾ ਮੰਤਵ ਇਸ ਤਰ੍ਹਾਂ ਸਮਝਾ ਦਿੱਤਾ।

"ਪਰ ਇਸ ਤਰ੍ਹਾਂ ਪਹਿਰਾ ਦੇਣ ਵਾਲੇ ਗ਼ਰੀਬ ਸਿਪਾਹੀ ਵੀ ਮਾਰੇ ਜਾਣਗੇ। ਰਹਿਮਾਨ ਖ਼ਾਨ ਦਾ ਤਾਂ ਕੁਝ ਵਿਗੜੇਗਾ ਜਾਂ ਨਹੀਂ, ਪਰ ਉਹਨਾਂ ਵਿਚੋਂ ਕੋਈ ਨਹੀਂ

ਬਚੇਗਾ।" ਤਰਸੇਮ ਨੇ ਸੱਚੀ ਗੱਲ ਕਹਿ ਦਿੱਤੀ।

"ਇਸ ਤਰ੍ਹਾਂ ਕਰੀਂ ਕਿ ਆਪਣੀ ਵਾਰ ਪਹਿਲਾਂ ਰੱਖ ਲਈਂ ਤੇ ਉਸ ਵੇਲੇ ਭਜਾ ਦਈਂ। ਫਿਰ ਉਹਨਾਂ ਦੀ ਵਾਰ ਪਹਿਰੇ ਦੇ ਰਖਾ ਦਈਂ, ਜਿਹੜੇ ਰਹਿਮਾਨ ਦੇ ਆਦਮੀ ਨਵੇਂ ਆਏ ਨੇ। ਉਹਨਾਂ ਨੂੰ ਕਹਿ ਦਈਂ ਕਿ ਗਿਣ ਲਓ, ਇਸ ਵੇਲੇ ਸਾਰੇ ਕੈਦੀ। ਉਹਨਾਂ ਗਿਣਨੇ ਨਹੀਂ, ਫਿਰ ਰਾਤ ਲੰਘਣ 'ਤੇ ਉਹਨਾਂ ਦੀ ਸ਼ਾਮਤ ਆ ਜਾਏਗੀ। ਤੁਸੀਂ ਸਾਰੇ ਬਚ ਜਾਓਗੇ। ਮੈਂ ਆਪ ਕਿਸੇ ਨਾ ਕਿਸੇ ਬਹਾਨੇ ਮੀਰ ਸਾਹਿਬ ਦੇ ਨਾਲ ਹਾਤੇ ਵਿਚ ਆਵਾਂਗਾ ਤੇ ਫਿਰ ਜੇ ਤੁਹਾਡੇ ਵਿਚੋਂ ਕਿਸੇ 'ਤੇ ਹਰਫ਼ ਆਉਂਦਾ ਦਿਸਿਆ ਤਾਂ ਸਾਂਭ ਲਵਾਂਗਾ। ਜ਼ਰਾ ਕੰਮ ਹੁਸ਼ਿਆਰੀ ਨਾਲ ਕਰਨਾ ਤੇ ਸਵੇਰੇ ਸਵੇਰੇ ਆ ਕੇ ਮੈਨੂੰ ਦੱਸ ਜਾਣਾ। ਵੇਖ ਲਈਂ ਜੇ ਉਥੇ ਹਾਲਾਤ ਅਨੁਸਾਰ ਤਰੀਕਾ ਬਦਲਣਾ ਪਿਆ ਤਾਂ ਬਦਲ ਲਈਂ। ਇਹ ਖ਼ਿਆਲ ਰੱਖੀਂ ਕਿ ਤੇਰੇ ਬਹੁਤ ਹੀ ਇਤਬਾਰੀ ਆਦਮੀਆਂ ਤੋਂ ਬਿਨਾਂ ਹੋਰਾਂ ਨੂੰ ਪਤਾ ਨਾ ਲੱਗੇ।" ਮਿਰਜ਼ੇ ਨੇ ਬੜੀ ਪੱਕੀ ਕੀਤੀ ਕਿ ਇਹਦਾ ਭੇਦ ਬਾਹਰ ਨਹੀਂ ਨਿਕਲਣਾ ਚਾਹੀਦਾ।

"ਤੁਸੀਂ ਕੋਈ ਫ਼ਿਕਰ ਨਾ ਕਰੋ, ਸਾਰਾ ਕੰਮ ਠੀਕ ਹੋ ਜਾਏਗਾ, ਪਰ ਕਿੰਨੇ ਕੁ ਬਾਹਰ ਕੱਢ ਦਿੱਤੇ ਜਾਣ ?" ਤਰਸੇਮ ਨੇ ਪੁਛਿਆ।

"ਬਹੁਤੇ ਨਹੀਂ ਕੱਢਣੇ ਚਾਹੀਦੇ। ਇਸ ਨਾਲ ਵੀ ਉਸ ਵੇਲੇ ਖੱਪ ਪੈ ਜਾਏਗੀ। ਸਿਰਫ਼ ਦੋ ਚਾਰ, ਜਿਸ ਨਾਲ ਸਵੇਰੇ ਰਹਿਮਾਨ ਖ਼ਾਨ ਦੀ ਖੁੰਬ ਠੱਪੀ ਜਾਏ।" ਮਿਰਜ਼ੇ ਨੇ ਕਿਹਾ ਤੇ ਥਾਪੀ ਦੇ ਕੇ ਤਰਸੇਮ ਨੂੰ ਤੋਰ ਦਿੱਤਾ। ਤਰਸੇਮ ਨੇ ਹਾਤੇ ਵਿਚ ਪਹੁੰਚ ਕੇ ਇਕ ਦੋ ਬਹੁਤ ਹੀ ਭਰੋਸੇ ਵਾਲੇ ਆਦਮੀਆਂ ਨਾਲ ਗੱਲ ਕੀਤੀ, ਪਰ ਉਹਨਾਂ ਨੂੰ ਇਹ ਨਾ ਦਸਿਆ ਕਿ ਮਿਰਜ਼ਾ ਸਾਹਿਬ ਨੇ ਇਹ ਸਾਜ਼ਸ਼ ਘੜੀ ਹੈ। ਉਹਨਾਂ ਨੂੰ ਇਹ ਕਹਿ ਕੇ ਆਪਣੇ ਨਾਲ ਮਿਲਾ ਲਿਆ ਕਿ ਜੇਕਰ ਰਹਿਮਾਨ ਖ਼ਾਨ ਕੁਝ ਦਿਨ ਇਥੇ ਰਿਹਾ ਤਾਂ ਉਸ ਆਪਣੇ ਨਵੇਂ ਲਿਆਂਦੇ ਬੰਦਿਆਂ ਨੂੰ ਤਰੱਕੀਆਂ ਦਿਵਾ ਲੈਣੀਆਂ ਹਨ ਤੇ ਸਾਰੇ ਪੁਰਾਣੇ ਆਦਮੀ ਪਿਛੇ ਰਹਿ ਜਾਓਗੇ। ਉਸ ਇਹ ਵੀ ਦਸਿਆ ਕਿ ਸਾਨੂੰ ਰਾਤ ਪਹਿਰੇ ਦਾ ਸਮਾਂ ਅਜਿਹੇ ਢੰਗ ਨਾਲ ਵੰਡਣਾ ਚਾਹੀਦਾ ਹੈ ਕਿ ਸਵੇਰੇ ਆਪਣੇ 'ਤੇ ਕੋਈ ਹਰਫ਼ ਨਾ ਆਏ।

ਦਿਨ ਛੁੱਬਣ ਵਾਲਾ ਹੀ ਸੀ ਕਿ ਤਰਸੇਮ ਨੇ ਸ਼ਰਾਬ ਮੰਗਾ ਲਈ ਅਤੇ ਰਹਿਮਾਨ ਖ਼ਾਨ ਦੇ ਨਵੇਂ ਲਿਆਂਦੇ ਬੰਦਿਆਂ ਨੂੰ ਪਿਆ ਦਿੱਤੀ। ਆਪ ਤੇ ਆਪਣੇ ਸਾਥੀਆਂ ਨੂੰ ਇਤਨੀ ਥੋੜ੍ਹੀ ਦਿੱਤੀ ਕਿ ਉਹ ਬਿਲਕੁਲ ਠੀਕ-ਠਾਕ ਰਹੇ। ਜਦ ਸਾਰੇ ਸੌਂ ਗਏ ਤਾਂ ਮਿਥੇ ਪ੍ਰੋਗਰਾਮ ਅਨੁਸਾਰ ਕੇਵਲ ਦੋ-ਚਾਰ ਆਦਮੀ ਡਿਊਢੀ ਵਿਚ ਰਹਿ ਗਏ।

ਤਰਸੇਮ ਆਪ ਅੰਦਰ ਚਲਾ ਗਿਆ ਤੇ ਇਕ ਦੋ ਜ਼ਨਾਨੀਆਂ ਨੂੰ ਹੌਲੀ ਜਿਹੀ

ਕਿਹਾ, "ਜੇ ਤੁਸੀਂ ਇਥੋਂ ਭਜਣਾ ਚਾਹੋ ਤਾਂ ਮੈਂ ਤੁਹਾਨੂੰ ਹੁਣੇ ਭਜਾ ਸਕਦਾ ਹਾਂ।" ਕਿਸੇ ਨੂੰ ਤਰਸੇਮ ਦੀ ਗੱਲ 'ਤੇ ਇਤਬਾਰ ਨਾ ਆਇਆ ਤੇ ਕੋਈ ਇਸ ਗੱਲ ਲਈ ਤਿਆਰ ਨਾ ਹੋਈ ਕਿ ਉਹ ਹਾਤੇ 'ਚੋਂ ਨਿਕਲ ਜਾਏ ਤੇ ਰਾਤ ਦੇ ਹਨੇਰੇ ਵਿਚ ਇਥੋਂ ਜਾਨ ਬਚਾ ਲਏ।

ਵੱਖਰੇ ਕਰ ਕੇ ਇਕ ਪਾਸੇ ਰੇਸ਼ਮ ਕੌਰ ਤੇ ਇਕ ਹੋਰ ਜ਼ਨਾਨੀ ਬੈਠੀਆਂ ਸਨ। ਨਿੱਕੇ ਪੁਤਰ ਦੀ ਦਰਦਨਾਕ ਹੋਈ ਮੌਤ ਦਾ ਦ੍ਰਿਸ਼ ਘੜੀ-ਮੁੜੀ ਰੇਸ਼ਮ ਕੌਰ ਦੀਆਂ ਅੱਖਾਂ ਸਾਹਮਣੇ ਆ ਜਾਏ ਤੇ ਉਹਦਾ ਸਾਰਾ ਸਰੀਰ ਕੰਬ ਉਠੇ। ਭਾਵੇਂ ਉਹਦੇ ਸਾਹਮਣੇ ਟੋਕੇ ਨਾਲ ਪੁੱਤਰ ਟੁੱਕ ਦਿੱਤਾ ਗਿਆ, ਪਰ ਉਸ ਧਰਮ ਨਾ ਛੱਡਿਆ ਤੇ ਅਡੋਲ ਰਹੀ। ਉਂਝ ਉਹਦੇ ਮਨ ਨੂੰ ਇਤਨਾ ਦੁਖ ਸੀ ਕਿ ਉਹ ਇਕ ਪਲ ਵੀ ਰਾਤ ਟਿਕ ਨਾ ਸਕੀ। ਜਦ ਵੀ ਉਹ ਅੱਖਾਂ ਮੀਟੇ, ਉਹਦੇ ਸਾਹਮਣੇ ਉਹ ਦ੍ਰਿਸ਼ ਆ ਜਾਏ। ਤਰਸੇਮ ਉਹਨੂੰ ਜਾਗਦਿਆਂ ਵੇਖ ਕੇ ਉਹਦੇ ਕੋਲ ਗਿਆ ਤੇ ਬੜੇ ਹਮਦਰਦੀ ਭਰੇ ਢੰਗ ਨਾਲ ਕਿਹਾ, "ਸਾਨੂੰ ਬੜਾ ਦੁਖ ਹੈ ਕਿ ਤੁਹਾਡਾ ਬੱਚਾ ਬੜੀ ਬੇਤਰਸੀ ਨਾਲ ਪੱਥਰ ਦਿਲ ਲੋਕਾਂ ਮਾਰ ਦਿੱਤਾ ਹੈ। ਅਸੀਂ ਨੌਕਰ ਹਾਂ ਤੇ ਸਾਡਾ ਵਸ ਕੁਝ ਨਹੀਂ ਚਲਦਾ, ਨਹੀਂ ਤੇ ਜੀਅ ਤਾਂ ਕਰਦਾ ਏ ਕਿ ਨੌਕਰੀ ਛੱਡ ਦੇਈਏ। ਸਾਡੇ ਵੀ ਛੋਟੇ ਛੋਟੇ ਬੱਚੇ ਹਨ। ਉਹਨਾਂ ਨੂੰ ਜੇ ਕੋਈ ਕੰਡਾ ਵੀ ਚੁਭ ਜਾਏ ਤਾਂ ਵੀ ਅਸੀਂ ਤੜਪ ਪੈਂਦੇ ਹਾਂ, ਪਰ ਧੰਨ ਜਿਗਰਾ ਹੈ ਤੁਹਾਡਾ। ਜਿਨ੍ਹਾਂ ਆਪਣੇ ਸਾਹਮਣੇ ਪੁੱਤਰ ਦੀ ਮੌਤ ਵੇਖੀ ਤੇ ਸਹਾਰ ਲਿਆ।"

ਰੇਸ਼ਮ ਕੌਰ ਬੜੀ ਹੈਰਾਨ ਹੋਈ ਕਿ ਇਹ ਇਸ ਵੇਲੇ ਕਿਸ ਭਰ੍ਹਾਂ ਦੀਆਂ ਗੱਲਾਂ ਕਰ ਰਿਹਾ ਹੈ। ਉਹਨਾਂ ਨੂੰ ਇਥੇ ਡਕਿਆਂ ਕਈ ਦਿਨ ਹੋ ਗਏ ਸਨ ਤੇ ਤਰਸੇਮ ਉਹਨਾਂ ਨਾਲ ਬੜਾ ਰੁੱਖਾ ਪੇਸ਼ ਆਉਂਦਾ ਰਿਹਾ ਹੈ। ਜਿਹੜੀ ਜ਼ਨਾਨੀ ਘੱਟ ਪੀਹਣਾ ਚਾਹੇ, ਉਹਨੂੰ ਮਾਰਨ ਕੁੱਟਣ ਤਕ ਜਾਂਦਾ ਸੀ , ਪਰ ਅੱਜ ਇਹ ਬੜੀ ਹਮਦਰਦੀ ਪ੍ਰਗਟ ਕਰ ਰਿਹਾ ਹੈ। ਇਸ ਵਿਚ ਇਹ ਤਬਦੀਲੀ ਕਿਵੇਂ ਆ ਗਈ ?

ਜਦ ਹਮਦਰਦੀ ਵਜੋਂ ਤਰਸੇਮ ਬਹੁਤ ਕੁਝ ਕਹਿ ਚੁਕਿਆ ਤਾਂ ਅਖ਼ੀਰ ਉਹ ਕੰਮ ਦੀ ਗੱਲ 'ਤੇ ਆ ਗਿਆ ਤੇ ਉਸ ਹੌਲੀ ਜਿਹੀ ਕਿਹਾ, "ਤੁਹਾਨੂੰ ਪਤਾ ਹੈ ਕਿ ਕੱਲ੍ਹ ਸਵੇਰੇ ਮੀਰ ਸਾਹਿਬ ਨੇ ਫਿਰ ਆਉਣਾ ਹੈ ਤੇ ਤੁਹਾਨੂੰ ਸਾਰਿਆਂ ਨੂੰ ਮਾਰ ਦੇਣਾ ਏਂ, ਇਸ ਲਈ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਥੋਂ ਨੱਸਣਾ ਚਾਹੋ ਤਾਂ ਮੈਂ ਤੁਹਾਡੀ ਮਦਦ ਕਰ ਸਕਦਾ ਹਾਂ। ਗੇਟ 'ਤੇ ਮੇਰੇ ਆਦਮੀ ਖੜੇ ਹਨ, ਉਹ ਤੁਹਾਨੂੰ ਜਾਂਦਿਆਂ ਨਹੀਂ ਰੋਕਣਗੇ। ਅਗੋਂ ਤੁਹਾਡੀ ਆਪਣੀ ਹਿੰਮਤ ਹੈ ਕਿ ਤੁਸੀਂ ਰਾਤੋ ਰਾਤ ਕਿੰਨਾ ਕੁ ਦੂਰ ਲੰਘ ਜਾਂਦੇ ਹੋ।"

ਤਰਸੇਮ ਦੀ ਇਸ ਗੱਲ 'ਤੇ ਰੇਸ਼ਮ ਕੌਰ ਤੇ ਦੂਜੀ ਜ਼ਨਾਨੀ ਬੜੀਆਂ ਹੈਰਾਨ

ਹੋਈਆਂ। ਦੋਹਾਂ ਜ਼ਨਾਨੀਆਂ ਨੇ ਇਕ ਦੂਜੇ ਵਲ ਵੇਖਿਆ ਤੇ ਅੱਖਾਂ ਰਾਹੀਂ ਇਸ ਪੇਸ਼ਕਸ਼ ਬਾਰੇ ਇਕ ਦੂਜੇ ਦੀ ਰਾਇ ਜਾਣੀ। ਦੋਹਾਂ ਦੀਆਂ ਨਜ਼ਰਾਂ ਦੱਸਦੀਆਂ ਸਨ ਕਿ ਉਹਨਾਂ ਨੂੰ ਤਰਸੇਮ ਦੀ ਗੱਲ 'ਤੇ ਇਤਬਾਰ ਨਹੀਂ, ਸਗੋਂ ਉਹਨਾਂ ਨੂੰ ਇਉਂ ਜਾਪਿਆ ਕਿ ਇਸ ਵਿਚ ਡੂੰਘੀ ਚਾਲ ਹੈ। ਹੋ ਸਕਦਾ ਹੈ ਕਿ ਤਰਸੇਮ ਉਹਨਾਂ ਨੂੰ ਇਸ ਬਹਾਨੇ ਇਥੋਂ ਕੱਢ ਕੇ ਆਪਣੇ ਪੰਜੇ ਵਿਚ ਫਸਾਣਾ ਚਾਹੁੰਦਾ ਹੈ।

ਇਹ ਭੀ ਹੋ ਸਕਦਾ ਹੈ ਕਿ ਉਹਨਾਂ ਨੂੰ ਇਥੋਂ ਪਹਿਲਾਂ ਭਜਾ ਕੇ, ਫਿਰ ਆਪ ਹੀ ਫੜ ਲਏ ਤੇ ਇਸ ਗੱਲ ਲਈ ਇਨਾਮ ਪ੍ਰਾਪਤ ਕਰੇ। ਰੇਸ਼ਮ ਕੌਰ ਨੂੰ ਝਟਪਟ ਗੱਲ ਸੁਝ ਗਈ ਤੇ ਉਸ ਕਿਹਾ, "ਤੁਸੀਂ ਸਾਡੇ 'ਤੇ ਜਿਥੇ ਇੰਨੀ ਮਿਹਰਬਾਨੀ ਕਰਨ ਲੱਗੇ ਹੋ, ਉਥੇ ਥੋੜ੍ਹੀ ਜਿਹੀ ਹੋਰ ਕਿਰਪਾ ਕਰੋ ਤੇ ਸਾਨੂੰ ਇਥੋਂ ਬਚਾ ਕੇ ਆਪਣੇ ਘਰ ਲੈ ਚਲੋ। ਅਸੀਂ ਰਾਤ ਦੇ ਹਨੇਰੇ 'ਚ ਇਕੱਲੀਆਂ ਕਿਧਰ ਜਾਵਾਂਗੀਆਂ।

"ਨਾ ਬਈ, ਮੈਂ ਤੁਹਾਨੂੰ ਆਪਣੇ ਘਰ ਨਹੀਂ ਲਿਜਾ ਸਕਦਾ। ਹੋਰ ਜੇ ਕਿਧਰੇ ਮੀਰ ਸਾਹਿਬ ਨੂੰ ਪਤਾ ਲਗ ਜਾਏ ਤਾਂ ਉਹ ਮੇਰੇ ਟੱਬਰ ਨੂੰ ਹੀ ਬੰਨ੍ਹ ਲੈਣਗੇ।" ਤਰਸੇਮ ਨੇ ਕਿਹਾ।

"ਤੇ ਜੇ ਇਥੋਂ ਸਾਡੇ ਕੱਢਣ ਵਾਲੀ ਗੱਲ ਦਾ ਪਤਾ ਲਗ ਗਿਆ ਤਾਂ ਕੀ ਸਜ਼ਾ ਨਹੀਂ ਦੇਣਗੇ?" ਰੇਸ਼ਮ ਕੌਰ ਨੇ ਪੁਛਿਆ।

"ਮੈਂ ਇਹਦਾ ਅਜਿਹਾ ਪ੍ਰਬੰਧ ਕੀਤਾ ਹੋਇਆ ਹੈ ਕਿ ਇਹਦਾ ਕਿਸੇ ਨੂੰ ਪਤਾ ਨਹੀਂ ਲੱਗ ਸਕਦਾ।" ਤਰਸੇਮ ਨੇ ਕਿਹਾ।

ਤਰਸੇਮ ਦੀਆਂ ਇਹਨਾ ਗੱਲਾਂ ਤੋਂ ਰੇਸ਼ਮ ਕੌਰ ਤੇ ਦੂਜੀ ਜ਼ਨਾਨੀ ਨੂੰ ਇਸ ਗੱਲ 'ਤੇ ਨਿਸਚਾ ਹੋ ਗਿਆ ਕਿ ਤਰਸੇਮ ਉਹਨਾਂ ਨੂੰ ਆਪਣੇ ਕਬਜ਼ੇ ਵਿਚ ਨਹੀਂ ਰੱਖਣਾ ਚਾਹੁੰਦਾ, ਪਰ ਉਹਨਾਂ ਨੂੰ ਅਜੇ ਵੀ ਇਸ ਗੱਲ ਦਾ ਇਤਬਾਰ ਨਹੀਂ ਸੀ ਆ ਰਿਹਾ ਕਿ ਤਰਸੇਮ ਉਹਨਾਂ ਦੀ ਭਲਾਈ ਲਈ ਕਹਿ ਰਿਹਾ ਹੈ। ਰੇਸ਼ਮ ਕੌਰ ਨੇ ਫਿਰ ਕਿਹਾ, "ਸਾਰੀਆਂ ਜ਼ਨਾਨੀਆਂ ਹੁਣੇ ਛੱਡ ਦਿਓਗੇ?"

"ਨਹੀਂ, ਸਿਰਫ਼ ਤੁਹਾਨੂੰ ਦੋਹਾਂ ਨੂੰ ਛੱਡ ਸਕਦਾ ਹਾਂ ਤੇ ਤੁਸੀਂ ਆਪਣੇ ਨਾਲ ਬੱਚੇ ਵੀ ਲਿਜਾ ਸਕਦੀਆਂ ਹੋ। ਬਾਕੀਆਂ ਨੂੰ ਨਹੀਂ ਛੱਡ ਸਕਦੇ।"

ਹੁਣ ਤਾਂ ਰੇਸ਼ਮ ਕੌਰ ਨੂੰ ਇਸ ਗੱਲ ਦਾ ਪੱਕਾ ਨਿਸਚਾ ਹੋ ਗਿਆ ਕਿ ਇਹ ਨਿਰੀ ਸਾਡੇ ਨਾਲ ਹਮਦਰਦੀ ਨਹੀਂ, ਸਗੋਂ ਇਸ ਪਿੱਛੇ ਜ਼ਰੂਰ ਕੋਈ ਗੱਲ ਏ। ਇਹ ਸਾਰੀਆਂ ਨੂੰ ਛੱਡਣ ਨੂੰ ਤਿਆਰ ਨਹੀਂ ਤੇ ਸਾਡੇ ਦੋਹਾਂ 'ਤੇ ਤਰਸ ਕਿਉਂ ਆ ਗਿਆ ਹੈ। ਇਸ ਲਈ ਰੇਸ਼ਮ ਕੌਰ ਨੇ ਕਿਹਾ, "ਜੇ ਦੂਜੀਆਂ ਸਾਰੀਆਂ ਨੂੰ ਵੀ ਛੱਡ ਦਿਓ ਤਦ ਅਸੀਂ ਜਾਵਾਂਗੀਆਂ, ਨਹੀਂ ਤੇ ਜਿਥੇ ਉਹ ਮਰਨਗੀਆਂ ਉਥੇ ਅਸੀਂ ਵੀ ਸਹੀ। ਉਹਨਾਂ

ਨੂੰ ਛੱਡ ਕੇ ਜਾਣਾ ਸਾਡੇ ਲਈ ਠੀਕ ਨਹੀਂ ਹੋਵੇਗਾ।"

"ਇਹ ਤੁਸੀਂ ਗ਼ਲਤ ਸੋਚ ਰਹੀਆਂ ਜੇ, ਜ਼ਰੂਰ ਸਾਰਿਆਂ ਨੇ ਮਰਨਾ ਹੈ। ਜੇ ਤੁਹਾਡੇ ਵਿਚੋਂ ਕਿਸੇ ਦੀ ਜਾਨ ਬੱਚ ਸਕਦੀ ਹੈ ਤਾਂ ਕਿਉਂ ਨਾ ਬਚਾਓ।" ਤਰਸੇਮ ਨੇ ਬੜੇ ਠਰ੍ਹੰਮੇ ਨਾਲ ਸਮਝਾਂਦਿਆਂ ਕਿਹਾ।

"ਸੱਚੀ ਗੱਲ ਤਾਂ ਇਹ ਹੈ ਕਿ ਸਾਨੂੰ ਤੁਹਾਡੇ 'ਤੇ ਉੱਕਾ ਇਤਬਾਰ ਨਹੀਂ। ਜਿੰਨੇ ਝੂਠੇ ਬੰਦੇ ਅਸਾਂ ਇਥੇ ਵੇਖੇ ਹਨ ਸ਼ਾਇਦ ਹੀ ਕਿਧਰੇ ਹੋਰ ਹੋਣ। ਤੁਹਾਡਾ ਵਤੀਰਾ ਕੱਲ੍ਹ ਤਕ ਹੋਰ ਸੀ ਤੇ ਅੱਜ ਤੁਹਾਡੇ ਅਚਾਨਕ ਇਹ ਰਵੱਈਆ ਬਦਲਣ ਨਾਲ ਸਾਨੂੰ ਇਤਬਾਰ ਨਹੀਂ ਆ ਰਿਹਾ।" ਰੇਸ਼ਮ ਕੌਰ ਨੇ ਸਾਫ਼ ਸਾਫ਼ ਉਹਦੇ ਮੂੰਹ 'ਤੇ ਕਹਿ ਦਿੱਤਾ।

"ਇਹ ਤਾਂ ਠੀਕ ਹੈ ਕਿ ਕੱਲ੍ਹ ਤਕ ਮੇਰਾ ਵਤੀਰਾ ਹੋਰ ਸੀ ਤੇ ਅੱਜ ਹੋਰ ਏ।" ਤਰਸੇਮ ਨੇ ਕਿਹਾ, "ਇਸ ਦਾ ਖ਼ਾਸ ਕਾਰਨ ਹੈ, ਜਿਸ ਕਰਕੇ ਮੈਂ ਆਪ ਤੁਹਾਨੂੰ ਇਹ ਪੇਸ਼ਕਸ਼ ਕਰ ਰਿਹਾ ਹਾਂ।"

"ਉਹ ਖ਼ਾਸ ਕਾਰਨ ਕੀ ਹੈ ? ਸਾਨੂੰ ਵੀ ਦੱਸ ਦਿਓ। ਹੋ ਸਕਦਾ ਹੈ ਕਿ ਸਾਡੀ ਤਸੱਲੀ ਹੋ ਜਾਏ ਤੇ ਅਸੀਂ ਟੁਰ ਪਈਏ।" ਰੇਸ਼ਮ ਕੌਰ ਨੇ ਕਿਹਾ।

"ਮੈਂ ਉਹ ਨਹੀਂ ਦੱਸ ਸਕਦਾ।"

"ਫਿਰ ਅਸੀਂ ਜਾਣ ਲਈ ਤਿਆਰ ਨਹੀਂ।" ਰੇਸ਼ਮ ਕੌਰ ਤੜੱਕ ਕੇ ਬੋਲੀ।

"ਹੱਦ ਹੋ ਗਈ, ਕਿਹੋ ਜਿਹੇ ਲੋਕਾਂ ਨਾਲ ਸਾਡਾ ਵਾਹ ਪੈ ਗਿਆ ਹੈ, ਜੇ ਇਹਨਾਂ ਨੂੰ ਕੈਦ ਵਿਚੋਂ ਛੁਡਾਓ ਤਾਂ ਵੀ ਇਹ ਜਾਣ ਲਈ ਤਿਆਰ ਨਹੀਂ," ਤਰਸੇਮ ਨੇ ਕਿਹਾ, "ਚੰਗਾ ਬਈ, ਜੇ ਤੁਸੀਂ ਜ਼ਰੂਰ ਕਾਰਨ ਪੁੱਛਣਾ ਹੈ ਤਾਂ ਸੁਣੋ। ਇਹ ਜਿਹੜਾ ਸਾਡਾ ਨਵਾਂ ਚੌਧਰੀ ਰਹਿਮਾਨ ਖ਼ਾਨ ਆਇਆ ਹੈ ਇਸ ਨਾਲ ਸਾਡੀ ਨਹੀਂ ਬਣਦੀ। ਤੁਹਾਡੇ ਨੱਸ ਜਾਣ ਦੀ ਖ਼ਬਰ ਜਦੋਂ ਮੀਰ ਸਾਹਿਬ ਨੂੰ ਮਿਲੀ ਤਾਂ ਉਹਨਾਂ ਇਹਨੂੰ ਉਸੇ ਵੇਲੇ ਇਥੋਂ ਹਟਾ ਦੇਣਾ ਹੈ, ਬਸ ਇਸੇ ਲਈ ਤੁਹਾਨੂੰ ਇਥੋਂ ਕੱਢਣਾ ਚਾਹੁੰਦੇ ਹਾਂ। ਇਹ ਤੁਹਾਡੇ ਸਿਰ ਅਹਿਸਾਨ ਨਹੀਂ ਸਗੋਂ ਸਾਡੀ ਆਪਸ ਵਿਚ ਦੀ ਟੱਕਰ ਏ।"

"ਚੰਗਾ ਫਿਰ, ਅਸੀਂ ਸਲਾਹ ਕਰ ਲਈਏ।" ਰੇਸ਼ਮ ਕੌਰ ਨੇ ਕਿਹਾ ਤੇ ਦੋਵੇਂ ਜਣੀਆਂ ਉੱਠ ਕੇ ਜ਼ਰਾ ਪਰੇ ਹੋ ਗਈਆਂ। ਦੋਹਾਂ ਨੇ ਇਸ ਮਾਮਲੇ 'ਤੇ ਵਿਚਾਰ ਕੀਤਾ ਤੇ ਅਖ਼ੀਰ ਕੁਝ ਫ਼ੈਸਲਾ ਕਰ ਕੇ ਨੇੜੇ ਆ ਗਈਆਂ ਤੇ ਤਰਸੇਮ ਨੂੰ ਕਿਹਾ, "ਅਸੀਂ ਜਾਣ ਲਈ ਤਿਆਰ ਨਹੀਂ। ਜੇ ਤੁਸੀਂ ਮੇਹਰਬਾਨੀ ਕਰੋ ਤਾਂ ਸਾਡੇ ਮੁੰਡਿਆਂ ਨੂੰ ਬਾਹਰ ਭੇਜ ਦਿਓ।"

"ਪਰ ਤੁਸੀਂ ਆਪ ਕਿਉਂ ਨਾ ਜਾਉ ?" ਤਰਸੇਮ ਨੇ ਫਿਰ ਕਿਹਾ।

ਤਰਸੇਮ ਦੇ ਬਹੁਤ ਮਜਬੂਰ ਕਰਨ 'ਤੇ ਦੋਵੇਂ ਤਿਆਰ ਹੋ ਗਈਆਂ, ਪਰ ਉਹਨਾਂ

ਇਕ ਸ਼ਰਤ ਲਾਈ ਕਿ ਅਸੀਂ ਦੂਜੀਆਂ ਭੈਣਾਂ ਨੂੰ ਮਿਲ ਕੇ ਜਾਵਾਂਗੀਆਂ।

ਤਰਸੇਮ ਨੇ ਇਹ ਮੰਨ ਲਿਆ ਤੇ ਉਹਨਾਂ ਨੂੰ ਦੂਜੇ ਪਾਸੇ ਲਿਜਾ ਕੇ ਜ਼ਨਾਨੀਆਂ ਨਾਲ ਮਿਲਾ ਦਿੱਤਾ। ਰੇਸ਼ਮ ਕੌਰ ਨੇ ਇਕ ਜ਼ਨਾਨੀ ਦੇ ਕੰਨ ਵਿਚ ਹੌਲੀ ਜਿਹੀ ਕਿਹਾ, "ਅਸੀਂ ਬਾਹਰ ਜਾ ਰਹੀਆਂ ਹਾਂ ਤੇ ਯਤਨ ਕਰਾਂਗੀਆਂ ਕਿ ਕਿਸੇ ਨਾ ਕਿਸੇ ਤਰ੍ਹਾਂ ਅੰਮ੍ਰਿਤਸਰ ਪੁਜੀਏ ਤੇ ਉਥੋਂ ਦੇ ਸਿੰਘਾਂ ਨੂੰ ਪਤਾ ਦਈਏ। ਫਿਰ ਉਹ ਜ਼ਰੂਰ ਆ ਕੇ ਛੁਡਾ ਲੈਣਗੇ।

ਤਰਸੇਮ ਨੇ ਪਹਿਲਾਂ ਗਿਣੇ ਮਿਥੇ ਪ੍ਰੋਗਰਾਮ ਅਨੁਸਾਰ ਦੋਹਾਂ ਜ਼ਨਾਨੀਆਂ ਨੂੰ ਤੇ ਇਹਨਾਂ ਦੇ ਦੋਹਾਂ ਬੱਚਿਆਂ ਨੂੰ ਹਾਤੇ ਵਿਚੋਂ ਬਾਹਰ ਕੱਢ ਦਿੱਤਾ।

## ੮

ਸਵੇਰੇ ਹੀ ਇਸ ਗੱਲ ਦਾ ਰੌਲਾ ਪੈ ਗਿਆ ਕਿ ਰਾਤ ਨੂੰ ਕੁਝ ਜ਼ਨਾਨੀਆਂ ਹਾਤੇ ਵਿਚੋਂ ਨਿਕਲ ਕੇ ਦੌੜ ਗਈਆਂ ਹਨ। ਸੈਂਕੜੇ ਜ਼ਨਾਨੀਆਂ ਤੇ ਬੱਚੇ ਇਕੱਠੇ ਕੀਤੇ ਹੋਏ ਸਨ। ਸ਼ਾਇਦ ਉਹਨਾਂ ਵਿਚੋਂ ਦੋ-ਚਾਰ ਦੇ ਭੱਜਣ ਦਾ ਛੇਤੀ ਪਤਾ ਨਾ ਲੱਗਦਾ, ਪਰ ਤਰਸੇਮ ਦੇ ਆਦਮੀਆਂ ਬਣਾਈ ਹੋਈ ਵਿਉਂਤ ਅਨੁਸਾਰ ਆਪ ਹੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਕੁਝ ਜ਼ਨਾਨੀਆਂ ਨੱਸ ਗਈਆਂ ਹਨ।

ਸਾਰੇ ਫ਼ੌਜੀਆਂ ਵਿਚ ਇਸ ਗੱਲ 'ਤੇ ਬੜੀ ਘਬਰਾਹਟ ਮੱਚ ਗਈ। ਝਟ ਗਿਣਤੀ ਸ਼ੁਰੂ ਕੀਤੀ ਪਰ ਕੁਝ ਪਤਾ ਨਾ ਲੱਗਾ ਕਿ ਕੌਣ ਕੌਣ ਦੌੜਿਆ ਏ।

"ਕੱਲ੍ਹ ਜਿਸ ਜ਼ਨਾਨੀ ਦਾ ਬੱਚਾ ਮਾਰਿਆ ਸੀ ਉਹ ਨਹੀਂ ਦਿੱਸਦੀ।" ਤਰਸੇਮ ਦੇ ਹੀ ਇਕ ਸਾਥੀ ਨੇ ਝਟ ਵਿਚੋਂ ਕਿਹਾ।

"ਆਹੋ, ਨਾ ਉਹ ਜ਼ਨਾਨੀ ਦਿੱਸਦੀ ਪਈ ਏ ਤੇ ਨਾ ਹੀ ਉਹਦਾ ਵੱਡਾ ਮੁੰਡਾ। ਉਹਦੇ ਨਾਲ ਦੀ ਚੱਕੀ 'ਤੇ ਜਿਹੜੀ ਜ਼ਨਾਨੀ ਕੱਲ੍ਹ ਬੈਠੀ ਸੀ ਉਹ ਵੀ ਨਹੀਂ।" ਤਰਸੇਮ ਨੇ ਕਿਹਾ।

ਰਹਿਮਾਨ ਖ਼ਾਨ ਘਬਰਾ ਗਿਆ। ਉਹਨੂੰ ਡਰ ਪੈ ਗਿਆ ਜੇਕਰ ਮੀਰ ਸਾਹਿਬ ਨੂੰ ਪਤਾ ਲੱਗਾ ਤਾਂ ਉਹ ਬਹੁਤ ਗੁੱਸੇ ਹੋਣਗੇ। ਇਸ ਗੱਲ ਦਾ ਚਰਚਾ ਇਤਨਾ ਛਿੜ

ਗਿਆ ਸੀ ਕਿ ਇਹ ਗੱਲ ਦਬਾਈ ਵੀ ਨਹੀਂ ਸੀ ਜਾ ਸਕਦੀ, ਨਹੀਂ ਤੇ ਕਿਹੜਾ ਮੀਰ ਸਾਹਿਬ ਨੇ ਆ ਕੇ ਗਿਣਤੀ ਕਰਨੀ ਸੀ। ਉਹਨੇ ਮੁਖੀ ਫ਼ੌਜੀਆਂ ਨੂੰ ਇਕੱਠਾ ਕਰਕੇ ਕਿਹਾ ਕਿ ਇਸ ਗੱਲ ਨੂੰ ਉਹ ਅਜੇ ਬਾਹਰ ਨਾ ਨਿਕਲਣ ਦੇਣ ਅਤੇ ਬਹਾਨਾ ਇਹ ਲਾਇਆ ਕਿ ਚੁਪ ਕਰਕੇ ਬਾਹਰ ਭਾਲ ਕੀਤੀ ਜਾਏ। ਅੱਵਲ ਤਾਂ ਉਹ ਜ਼ਨਾਨੀਆਂ ਅਜੇ ਲਾਹੌਰ ਵਿਚ ਹੀ ਹੋਣਗੀਆਂ, ਨਹੀਂ ਤੇ ਸ਼ਹਿਰ ਦੇ ਆਸ ਪਾਸ ਹੀ ਕਿਧਰੇ ਜਾਂਦੀਆਂ ਹੋਣਗੀਆਂ।

ਰਹਿਮਾਨ ਖ਼ਾਨ ਨੇ ਤੁਰਤ ਕੁਝ ਫ਼ੌਜੀ ਤੇ ਕੁਝ ਸੂਹੀਏ ਲਾਹੌਰ ਦੇ ਗਲੀ ਮੁਹੱਲਿਆਂ ਵਿਚ ਵੱਖ ਵੱਖ ਪਾਸੇ ਭੇਜ ਦਿਤੇ, ਸਭ ਨੂੰ ਪੱਕੀ ਕੀਤੀ ਕਿ ਉਹ ਚੁੱਪ ਚਾਪ ਖੋਜ ਕਰਨ।

ਇਧਰੋਂ ਵਿਹਲੇ ਹੋ ਕੇ ਰਹਿਮਾਨ ਖ਼ਾਨ ਨੇ ਤਰਸੇਮ ਨੂੰ ਬੁਲਾਇਆ ਤੇ ਕਿਹਾ, “ਰਾਤ ਪਹਿਰੇ ਤੇ ਤੂੰ ਸੈਂ ?”

“ਪਹਿਲੇ ਦੋ ਪਹਿਰ ਮੈਂ ਸਾਂ, ਪਰ ਮੈਨੂੰ ਪੱਕਾ ਨਿਸਚਾ ਹੈ ਕਿ ਉਸ ਸਮੇਂ ਕੋਈ ਨਹੀਂ ਗਿਆ। ਮੈਂ ਆਪ ਦੋ ਵਾਰ ਸਾਰੇ ਪਾਸੇ ਚੱਕਰ ਲਾਇਆ ਸੀ ਅਤੇ ਉਦੋਂ ਮੈਂ ਉਹਨਾਂ ਦੋਹਾਂ ਜ਼ਨਾਨੀਆਂ ਨੂੰ ਵੇਖਿਆ ਸੀ। ਫਿਰ ਜਦੋਂ ਅਸੀਂ ਸੌਣ ਲਗੇ ਸਾਂ ਤਾਂ ਜਮਾਲਦੀਨ ਨੂੰ ਉਸ ਵੇਲੇ ਇਕ ਸਾਰਾ ਚੱਕਰ ਲੁਆ ਦਿੱਤਾ ਸੀ ਕਿ ਸਭ ਪਾਸੇ ਠੀਕ ਠਾਕ ਹੈ।” ਤਰਸੇਮ ਨੇ ਇਸ ਤਰ੍ਹਾਂ ਰਹਿਮਾਨ ਖ਼ਾਨ ਦੀ ਤਸੱਲੀ ਕਰਵਾ ਦਿੱਤੀ ਕਿ ਇਹਨਾਂ ਦੇ ਪਹਿਰੇ ਸਮੇਂ ਕੁਝ ਨਹੀਂ ਹੋਇਆ।

“ਸੱਦੋ ਜ਼ਰਾ, ਜਮਾਲਦੀਨ ਨੂੰ ਵੀ। ਕੰਮ ਦੀ ਇਤਨੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।” ਅੱਖਾਂ ਲਾਲ ਕਰ ਕੇ ਬੜੇ ਗੁੱਸੇ ਨਾਲ ਰਹਿਮਾਨ ਖ਼ਾਨ ਨੇ ਇਕ ਸਿਪਾਹੀ ਵੱਲ ਵੇਖਦਿਆਂ ਹੁਕਮ ਦਿੱਤਾ।

ਸਿਪਾਹੀ ਭੱਜਾ ਗਿਆ ਤੇ ਜਮਾਲਦੀਨ ਨੂੰ ਬੁਲਾ ਲਿਆਇਆ। ਜਮਾਲਦੀਨ ਉਸ ਵੇਲੇ ਬਾਹਰ ਭਾਲ ਲਈ ਜਾਣ ਨੂੰ ਤਿਆਰ ਹੋ ਰਿਹਾ ਸੀ। ਰਹਿਮਾਨ ਖ਼ਾਨ ਦਾ ਸੁਨੇਹਾ ਮਿਲਦਿਆਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਤੇ ਰੰਗ ਉੱਡ ਗਿਆ, ਉਹਨੂੰ ਉਸੇ ਵੇਲੇ ਖੁੜਕ ਗਈ ਕਿ ਅੱਜ ਰਾਤ ਨੂੰ ਪਿਛਲੇ ਪਹਿਰ ਉਹਦੀ ਨਿਗਰਾਨੀ ਹੇਠ ਪਹਿਰਾ ਹੋ ਰਿਹਾ ਸੀ, ਇਸ ਲਈ ਜ਼ਰੂਰ ਉਹਦੇ 'ਤੇ ਹੀ ਸਾਰਾ ਨਜ਼ਲਾ ਡਿਗੇਗਾ।

ਰਹਿਮਾਨ ਖ਼ਾਨ ਨੇ ਸਾਹਮਣੇ ਆਉਂਦਿਆਂ ਹੀ ਉਹਨੂੰ ਕਿਹਾ, “ਵੇਖੀ ਆ ਆਪਣੀ ਕਰਤੂਤ। ਸੌਂ ਰਹਿੰਦੇ ਰਾਤੀਂ ਸ਼ਰਾਬਾਂ ਪੀ ਕੇ।”

“ਹਜ਼ੂਰ, ਮੈਂ ਤੇ ਇਕ ਮਿੰਟ ਵੀ ਅੱਖ ਨਹੀਂ ਲਾਈ। ਜਿਸ ਵੇਲੇ ਤਰਸੇਮ ਹੋਰੀਂ ਗਏ ਨੇ, ਉਸ ਵੇਲੇ ਤੋਂ ਦਿਨ ਚੜ੍ਹਨ ਤਕ ਮੈਂ ਡਿਉਢੀ ਦੇ ਵੱਡੇ ਗੇਟ ਕੋਲ ਹੀ ਬੈਠਾ ਰਿਹਾ।” ਜਮਾਲਦੀਨ ਨੇ ਕਿਹਾ।

"ਤਰਸੇਮ ਤੋਂ ਪਹਿਰੇ ਦਾ ਕੰਮ ਆਪਣੀ ਸੌਂਪਣੀ ਵਿਚ ਲੈਣ ਸਮੇਂ ਚੱਕਰ ਲਾ ਕੇ ਵੇਖਿਆ ਸੀ ?" ਰਹਿਮਾਨ ਖ਼ਾਨ ਨੇ ਪੁਛਿਆ।

"ਜੀ ਆਂ, ਚੱਕਰ ਤਾਂ ਲਾਇਆ ਸੀ, ਪਰ ਮੈਨੂੰ ਇਹ ਨਹੀਂ ਪਤਾ ਕਿ ਉਹ ਜ਼ਨਾਨੀਆਂ ਉਸ ਵੇਲੇ ਉਥੇ ਸਨ ਕਿ ਨਹੀਂ।" ਜਮਾਲਦੀਨ ਨੇ ਕਿਹਾ।

"ਫਿਰ ਤੂੰ ਸੁਆਹ ਚੱਕਰ ਲਾਇਆ, ਜੇ ਤੈਨੂੰ ਇਹ ਵੀ ਨਹੀਂ ਪਤਾ।" ਰਹਿਮਾਨ ਖ਼ਾਨ ਨੇ ਗੁੱਸੇ ਨਾਲ ਕਿਹਾ, "ਮੈਨੂੰ ਜਾਪਦਾ ਹੈ ਤੇਰੇ ਮਾੜੇ ਦਿਨ ਆਏ ਹਨ। ਮੈਂ ਚਾਹੁੰਦਾ ਸਾਂ ਕਿ ਤੂੰ ਮੇਰੇ ਨਾਲ ਲਗ ਕੇ ਕੁਝ ਬਣ ਜਾਂਦਾ, ਪਰ ਜੇ ਤੇਰਾ ਇਹ ਹਾਲ ਰਿਹਾ ਤਾਂ ਤੂੰ ਆਪ ਵੀ ਮਰੇਂਗਾ ਤੇ ਮੈਨੂੰ ਵੀ ਮਰਵਾਏਂਗਾ। ਜਾਹ ਜਾ ਕੇ ਝਟਪਟ ਲੱਭ। ਜੇ ਅੱਜ ਉਹ ਨਾ ਲੱਭੀਆਂ ਤਾਂ ਯਾਦ ਰੱਖੀਂ ਤੇਰੀ ਖ਼ੈਰ ਨਹੀਂ।"

ਜਮਾਲਦੀਨ ਟੁਰ ਗਿਆ। ਤਰਸੇਮ ਨੇ ਕੋਲ ਬੈਠਦਿਆਂ ਹੌਲੀ ਜਿਹੀ ਕਿਹਾ, "ਅਸਲ ਗੱਲ ਇਹ ਹੈ ਕਿ ਇਹਨਾਂ ਰਾਤੀਂ ਬਹੁਤ ਸ਼ਰਾਬ ਪੀਤੀ ਹੈ, ਜਦੋਂ ਮੈਂ ਰਾਤੀਂ ਇਹਨਾਂ ਨੂੰ ਜਗਾਇਆ ਸੀ ਤਾਂ ਮੈਨੂੰ ਬੜੀਆਂ 'ਵਾਜਾਂ ਮਾਰਨੀਆਂ ਪਈਆਂ ਸਨ। ਅਖ਼ੀਰ ਮੈਨੂੰ ਝੰਜੂਣ ਝੰਜੂਣ ਕੇ ਜਗਾਣਾ ਪਿਆ।"

"ਇਹ ਪੀ ਕੇ ਸੁਤੇ ਮੋਏ ਰਹੇ ਹੋਣਗੇ ਤੇ ਉਹ ਦਾਅ ਲਾ ਗਈਆਂ ਹੋਣਗੀਆਂ," ਰਹਿਮਾਨ ਨੇ ਕਿਹਾ ਤੇ ਫਿਰ ਦੋ ਕੁ ਮਿੰਟ ਚੁੱਪ ਰਹਿਣ ਪਿਛੋਂ ਬੋਲਿਆ, "ਮੇਰੇ ਖ਼ਿਆਲ 'ਚ ਹਾਤੇ ਤੋਂ ਨੱਸਣ ਦਾ ਰਾਹ ਹੋਰ ਤਾਂ ਕੋਈ ਨਹੀਂ।"

"ਨਹੀਂ ਜੀ, ਆਸੇ ਪਾਸੇ ਦੀਆਂ ਕੰਧਾਂ ਕਾਫ਼ੀ ਉੱਚੀਆਂ ਹਨ, ਉਹ ਟੱਪੀਆਂ ਨਹੀਂ ਜਾ ਸਕਦੀਆਂ। ਬਾਹਰ ਜਾਣ ਨੂੰ ਵੱਡਾ ਗੇਟ ਹੀ ਹੈ, ਹੋਰ ਕੋਈ ਰਾਹ ਨਹੀਂ।" ਤਰਸੇਮ ਨੇ ਕਿਹਾ।

ਤਰਸੇਮ ਨੇ ਸਵੇਰੇ ਹੀ ਮਿਰਜ਼ਾ ਸਾਹਿਬ ਨੂੰ ਇਤਲਾਹ ਭੇਜ ਦਿੱਤੀ ਸੀ ਕਿ ਰਾਤ ਨੂੰ ਦੋ ਜ਼ਨਾਨੀਆਂ ਤੇ ਉਹਨਾਂ ਦੇ ਬੱਚੇ ਭਜਾ ਦਿੱਤੇ ਗਏ ਹਨ। ਇਹ ਸੁਨੇਹਾ ਮਿਲਦਿਆਂ ਮਿਰਜ਼ਾ ਸਾਹਿਬ ਝਟਪਟ ਤਿਆਰ ਹੋਏ ਤੇ ਮੀਰ ਮੰਨੂ ਨੂੰ ਜਾ ਮਿਲੇ ਅਤੇ ਪੁਛਿਆ, "ਕਿਉਂ ਜੀ, ਕੁਝ ਪਤਾ ਲੱਗਾ ਏ ਉਹਨਾਂ ਜ਼ਨਾਨੀਆਂ ਦਾ ?"

"ਕਿਹੜੀ ਜ਼ਨਾਨੀਆਂ ਦਾ ?" ਹੈਰਾਨ ਹੋ ਕੇ ਮੀਰ ਮੰਨੂ ਨੇ ਪੁਛਿਆ।

"ਹੱਦ ਹੋ ਗਈ, ਤੁਹਾਨੂੰ ਨਹੀਂ ਪਤਾ।" ਬੜਾ ਹੈਰਾਨੀ ਭਰਿਆ ਚਿਹਰਾ ਬਣਾਂਦਿਆਂ ਮਿਰਜ਼ਾ ਸਾਹਿਬ ਨੇ ਕਿਹਾ, "ਸ਼ਹਿਰ ਵਿਚ ਤਾਂ ਬੜੀ ਚਰਚਾ ਹੈ ਕਿ ਰਾਤੀਂ ਸਿੱਖਾਂ ਦੇ ਟੱਬਰ ਨੱਸ ਗਏ ਨੇ।"

"ਹੈਂ, ਸਿੱਖਾਂ ਦੇ ਟੱਬਰ, ਇਹ ਨਹੀਂ ਹੋ ਸਕਦਾ। ਰਹਿਮਾਨ ਖ਼ਾਨ ਵਰਗੇ ਦੇ ਪ੍ਰਬੰਧ ਵਿਚੋਂ ਕੋਈ ਨਹੀਂ ਨੱਸ ਸਕਦਾ, ਨਾਲੇ ਜੇਕਰ ਕੋਈ ਅਜਿਹੀ ਗੱਲ ਹੁੰਦੀ ਤਾਂ ਮੈਨੂੰ

ਇਤਲਾਹ ਆ ਗਈ ਹੁੰਦੀ, ਤੈਨੂੰ ਕਿਸੇ ਐਵੇਂ ਝੂਠ ਹੀ ਕਿਹਾ ਏ।"

"ਤੁਸੀਂ ਫਿਰ ਬੰਦਾ ਭੇਜ ਕੇ ਪਤਾ ਕਰ ਲਓ।" ਮਿਰਜ਼ਾ ਸਾਹਿਬ ਨੇ ਕਿਹਾ, "ਮੈਂ ਤਾਂ ਆਪ ਹੈਰਾਨ ਸਾਂ ਕਿ ਉਸ ਹਾਤੇ 'ਚੋਂ ਕੋਈ ਨਸ ਨਹੀਂ ਸਕਦਾ, ਕਿਉਂਕਿ ਇਕੋ ਤਾਂ ਦਰਵਾਜ਼ਾ ਹੈ, ਕੋਈ ਹੋਰ ਨਿਕਲਣ ਦਾ ਰਾਹ ਨਹੀਂ ਤੇ ਉਥੇ ਹਰ ਵੇਲੇ ਫ਼ੌਜ ਬੈਠੀ ਰਹਿੰਦੀ ਹੈ। ਉਥੋਂ ਤਾਂ ਫ਼ੌਜ ਦੀ ਮਰਜ਼ੀ ਬਿਨਾਂ ਕੋਈ ਨਹੀਂ ਲੰਘ ਸਕਦਾ, ਪਰ ਮੈਨੂੰ ਤਾਂ ਜਦ ਕਈ ਆਦਮੀਆਂ ਨੇ ਇਹ ਗੱਲ ਦੱਸੀ ਤਾਂ ਮੈਂ ਤੁਹਾਡੇ ਵਲ ਲੰਘ ਆਇਆ ਹਾਂ।"

"ਬੰਦਾ ਭੇਜਣ ਦੀ ਕੀ ਲੋੜ ਹੈ, ਚਲੋ ਆਪ ਹੀ ਚਲਦੇ ਹਾਂ। ਮੈਂ ਪਹਿਲਾਂ ਹੀ ਉਥੇ ਜਾਣ ਦਾ ਵਿਚਾਰ ਬਣਾਇਆ ਹੋਇਆ ਸੀ।" ਮੀਰ ਮੰਨੂ ਨੇ ਕਿਹਾ।

ਸਿਖ ਅੰਮ੍ਰਿਤਸਰ ਦੇ ਇਲਾਕੇ ਵਿਚ ਕਿਸੇ ਜੰਗਲ ਵਿਚ ਇਕੱਠੇ ਹੋ ਰਹੇ ਹਨ ਅਤੇ ਹੋ ਸਕਦਾ ਏ ਕਿ ਉਹ ਲਾਹੌਰ 'ਤੇ ਚੜ੍ਹਾਈ ਕਰਨ। ਪਿਛਲੇ ਇਕ ਦੋ ਦਿਨਾਂ ਵਿਚ ਲਾਹੌਰ 'ਚ ਦੋ-ਤਿੰਨ ਸਿਖ ਫੜੇ ਗਏ ਹਨ। ਉਹਨੂੰ ਇਸ ਗੱਲ ਦਾ ਪੱਕਾ ਸ਼ੱਕ ਸੀ ਕਿ ਉਹਨੂੰ ਮਾਰਨ ਲਈ ਫਿਰ ਰਹੇ ਹਨ। ਇਕ ਸਿਖ ਨੇ ਫ਼ੌਜ ਸਾਹਮਣੇ ਇਹ ਬਿਆਨ ਵੀ ਦਿੱਤਾ ਸੀ ਕਿ ਉਹਨਾਂ ਮੀਰ ਮੰਨੂ ਨੂੰ ਮਾਰਨ ਦਾ ਨਿਸਚਾ ਕਰ ਲਿਆ ਹੈ। ਇਸ ਲਈ ਮੀਰ ਮੰਨੂ ਆਪਣੇ ਨਾਲ ਇਕ ਫ਼ੌਜੀ ਦਸਤਾ ਉਚੇਚੇ ਤੌਰ 'ਤੇ ਰੱਖਣ ਲੱਗ ਪਿਆ। ਉਹਨੂੰ ਪਤਾ ਸੀ ਕਿ ਸਿਖ ਟਲਣ ਵਾਲੇ ਨਹੀਂ, ਜੇ ਉਹਨਾਂ ਮੈਨੂੰ ਮਾਰਨ ਦਾ ਨਿਸਚਾ ਕਰ ਲਿਆ ਹੈ ਤਾਂ ਉਹ ਅਵੱਸ਼ ਮੇਰਾ ਪਿੱਛਾ ਕਰਨ ਦਾ ਯਤਨ ਕਰਨਗੇ।

ਫ਼ੌਜੀ ਦਸਤੇ ਸਮੇਤ ਮੀਰ ਮੰਨੂ ਉਸੇ ਵੇਲੇ ਹਾਤੇ ਵਲ ਨੂੰ ਚੱਲ ਪਿਆ। ਮਿਰਜ਼ਾ ਸਾਹਿਬ ਵੀ ਉਹਦੇ ਨਾਲ ਹੀ ਚੱਲ ਪਏ। ਇਕ ਸਿਪਾਹੀ ਨੂੰ ਪਹਿਲਾਂ ਭੇਜ ਦਿੱਤਾ ਗਿਆ ਤਾਕਿ ਉਹ ਰਹਿਮਾਨ ਖ਼ਾਨ ਨੂੰ ਇਤਲਾਹ ਦੇ ਦੇਵੇ।

ਰਹਿਮਾਨ ਖ਼ਾਨ ਦੀ ਖਾਨਿਓਂ ਗਈ, ਉਸ ਨੂੰ ਅਜੇ ਤਕ ਜਨਾਨੀਆਂ ਤੇ ਬੱਚਿਆਂ ਦਾ ਪਤਾ ਨਹੀਂ ਸੀ ਲੱਗਾ ਤੇ ਉਂਝ ਵੀ ਉਸ ਬਹੁਤੇ ਆਦਮੀ ਉਹਨਾਂ ਦੀ ਭਾਲ ਵਿਚ ਭੇਜ ਦਿੱਤੇ ਸਨ, ਇਸ ਲਈ ਉਹਨੂੰ ਦੂਜਾ ਵੱਡਾ ਡਰ ਇਹ ਲੱਗਣ ਲੱਗ ਪਿਆ ਕਿ ਮੀਰ ਸਾਹਿਬ ਨੇ ਆਉਂਦਿਆਂ ਕਹਿਣਾ ਏਂ ਕਿ ਮੈਨੂੰ ਕਿਉਂ ਖ਼ਬਰ ਨਹੀਂ ਕੀਤੀ। ਫਿਰ ਉਸ ਨੂੰ ਇਸ ਖ਼ਿਆਲ ਨਾਲ ਢਾਰਸ ਆ ਗਈ ਕਿ ਸ਼ਾਇਦ ਮੀਰ ਸਾਹਿਬ ਨੂੰ ਪਤਾ ਹੀ ਨਾ ਲੱਗੇ ਤੇ ਉਹ ਇਸ ਸੰਬੰਧੀ ਕੋਈ ਗੱਲ-ਬਾਤ ਨਾ ਕਰਨ।

ਮੀਰ ਮੰਨੂ ਹਾਤੇ ਪੁੱਜ ਗਿਆ। ਉਹਦੀਆਂ ਅੱਖਾਂ ਬੜੀਆਂ ਲਾਲ ਸਨ, ਜਿਨ੍ਹਾਂ ਤੋਂ ਦੂਰੋਂ ਹੀ ਪ੍ਰਗਟ ਹੋ ਗਿਆ ਸੀ ਕਿ ਉਹ ਬੜੇ ਗੁੱਸੇ ਵਿਚ ਆ ਰਿਹਾ ਹੈ। ਰਹਿਮਾਨ ਖ਼ਾਨ ਦੀ ਜਦ ਨਜ਼ਰ ਮੀਰ ਮੰਨੂ ਦੇ ਚਿਹਰੇ ਵੱਲ ਗਈ ਤਾਂ ਉਹ ਡਰ ਗਿਆ। ਉਹਦੀ

ਅੰਦਰਲੀ ਕਮਜ਼ੋਰੀ ਨਾਲ ਉਹਨੂੰ ਕਾਂਬਾ ਛਿੜ ਗਿਆ, ਪਰ ਬੜਾ ਯਤਨ ਕਰ ਕੇ ਉਸ ਆਪਣੇ ਆਪ 'ਤੇ ਕਾਬੂ ਪਾਇਆ ਤੇ ਮੀਰ ਮੰਨੂ ਨੂੰ ਪ੍ਰਗਟ ਨਾ ਹੋਣ ਦਿੱਤਾ।

"ਕੀ ਗੱਲ ਏ ?" ਮੈਂ ਸੁਣਿਆ ਏ ਕਿ ਕੁਝ ਜ਼ਨਾਨੀਆਂ ਦੌੜ ਗਈਆਂ ਹਨ।" ਮੀਰ ਮੰਨੂ ਨੇ ਉਹਨੂੰ ਆਉਂਦਿਆਂ ਹੀ ਪਹਿਲਾ ਸਵਾਲ ਕੀਤਾ।

ਰਹਿਮਾਨ ਖ਼ਾਨ ਦਾ ਪਹਿਲਾਂ ਤਾਂ ਜੀਅ ਕੀਤਾ ਕਿ ਉਹ ਮੁਕਰ ਜਾਏ ਕਿਹੜੀ ਵਿਥੋ ਗਿਣਤੀ ਏ, ਪਰ ਫਿਰ ਜਦ ਉਸ ਪਿਛੇ ਖਲੋਤਾ ਮਿਰਜ਼ਾ ਦੇਖ ਲਿਆ ਤਾਂ ਉਹਨੂੰ ਇਕਦਮ ਖ਼ਿਆਲ ਆ ਗਿਆ ਕਿ ਇਹਨੂੰ ਸਾਰੀਆਂ ਗੱਲਾਂ ਦਾ ਪਤਾ ਏ, ਇਸ ਲਈ ਛੁਪਾਇਆ ਨਹੀਂ ਜਾ ਸਕਦਾ। ਇਹ ਸੋਚ ਕੇ ਉਹ ਤੁਰੰਤ ਬੋਲਿਆ, "ਜੀ ਆਂ, ਪਤਾ ਨਹੀਂ ਲੱਗਾ ਰਾਤ ਨੂੰ ਉਹ ਕਿਵੇਂ ਇਥੋਂ ਚਲੀਆਂ ਗਈਆਂ ਹਨ। ਜਨਾਬ ਮੈਂ ਬਹੁਤ ਸਾਰੇ ਆਦਮੀ ਚਾਰੇ ਪਾਸੇ ਭੇਜ ਦਿੱਤੇ ਨੇ ਤੇ ਖ਼ਿਆਲ ਏ ਕਿ ਉਹ ਹੁਣੇ ਲੱਭ ਲਿਆਉਣਗੇ।"

"ਸਵਾਹ ਲੱਭ ਲਿਆਉਣਗੇ," ਮੀਰ ਮੰਨੂ ਨੇ ਗੁੱਸੇ ਨਾਲ ਕਿਹਾ, "ਮੇਰਾ ਖ਼ਿਆਲ ਸੀ ਕਿ ਤੂੰ ਤਾਂ ਬੜਾ ਹੁਸ਼ਿਆਰ ਆਦਮੀ ਏਂ, ਪਰ ਤੂੰ ਤਾਂ ਉਕਾ ਹੀ ਨਿੱਗਰ ਗਿਆ ਏਂ। ਰਾਤ ਨੂੰ ਦਰਵਾਜ਼ੇ ਅਗੇ ਪਹਿਰਾ ਨਹੀਂ ਰਿਹਾ ਹੋਵੇਗਾ ?"

"ਨਹੀਂ ਜਨਾਬ !" ਰਹਿਮਾਨ ਖ਼ਾਨ ਬੜਾ ਡਰਦਾ ਹੋਇਆ ਬੋਲਿਆ , "ਪਹਿਰਾ ਤਾਂ ਬੜਾ ਤਕੜਾ ਸੀ, ਪਰ ਪਤਾ ਨਹੀਂ ਕਿ ਉਹ ਕਿਵੇਂ ਨੱਸ ਗਈਆਂ ਨੇ। ਮੈਂ ਤਾਂ ਆਪ ਹੈਰਾਨ ਹਾਂ।"

"ਮੈਨੂੰ ਪਤਾ ਲੱਗ ਗਿਆ ਏ ਕਿ ਰਾਤ ਨੂੰ ਸਾਰੇ ਸਿਪਾਹੀ ਸ਼ਰਾਬ ਪੀ ਕੇ ਮੂਧੇ ਪਏ ਰਹੇ ਹਨ ਤੇ ਤੂੰ ਉਕਾ ਕੋਈ ਖ਼ਿਆਲ ਨਹੀਂ ਕੀਤਾ। ਤੇਰੀ ਅਣਗਹਿਲੀ ਕਾਰਨ ਹੀ ਇਹ ਕੁਝ ਹੋਇਆ ਏ। ਅੱਛਾ ਛੱਡ ਹੁਣ ਇਹਨਾਂ ਗੱਲਾਂ ਨੂੰ, ਇਹ ਦੱਸ ਕਿ ਕਿਤਨੀਆਂ ਚਲੀਆਂ ਗਈਆਂ ਹਨ ?" ਮੀਰ ਮੰਨੂ ਹੋਰ ਗੁੱਸੇ ਨਾਲ ਬੋਲਿਆ।

"ਦੋ ਜ਼ਨਾਨੀਆਂ ਤੇ ਦੋ ਉਹਨਾਂ ਦੇ ਬੱਚੇ ਗਏ ਹਨ।" ਰਹਿਮਾਨ ਖ਼ਾਨ ਨੇ ਦਸਿਆ।

"ਮਿਰਜ਼ਾ ਕਿਥੇ ਏ ?" ਮੀਰ ਮੰਨੂ ਨੇ ਪਿਛੇ ਮੁੜ ਕੇ ਦੇਖਦਿਆਂ ਕਿਹਾ।

"ਜੀ, ਮੈਂ ਹਾਜ਼ਰ ਹਾਂ।" ਮਿਰਜ਼ਾ ਇਕ ਆਦਮੀ ਦੇ ਪਿਛੇ ਖਲੋਤਾ ਕੁਝ ਸੋਚ ਰਿਹਾ ਸੀ ਤੇ ਜਦੋਂ ਮੀਰ ਮੰਨੂ ਨੇ ਆਵਾਜ਼ ਦਿੱਤੀ ਤਾਂ ਝਟ ਅਗੇ ਆ ਗਿਆ ਤੇ ਕਿਹਾ, "ਦੱਸੋ ਕੀ ਹੁਕਮ ਏ ?" ਦਿਲੋਂ ਮਿਰਜ਼ਾ ਬੜਾ ਖ਼ੁਸ਼ ਸੀ ਕਿ ਉਹਦੀ ਸਾਜ਼ਸ਼ ਸਫਲ ਹੋ ਗਈ ਏ। ਰਹਿਮਾਨ ਖ਼ਾਨ ਹੁਣ ਮੀਰ ਮੰਨੂ ਦੇ ਦਿਲੋਂ ਉਤਰ ਜਾਏਗਾ ਤੇ ਉਹਦੀ ਚੜ੍ਹ ਮਚ ਜਾਏਗੀ।

ਮੀਰ ਮੰਨੂ ਨੇ ਕਿਹਾ, "ਮਿਰਜ਼ਾ, ਤੁਸੀਂ ਇਥੇ ਰਹੇ ਹੋ, ਇਸ ਲਈ ਪੜਤਾਲ ਕਰ ਕੇ ਛੇਤੀ ਦੱਸੋ ਕਿ ਇਹ ਜ਼ਨਾਨੀਆਂ ਕਿਵੇਂ ਗਈਆਂ ਹਨ ਤੇ ਇਸ ਵਿਚ ਕਸੂਰਵਾਰ ਕਿਹੜਾ ਏ ? ਮੈਂ ਅਜਿਹੇ ਲਾ-ਪਰਵਾਹ ਆਦਮੀ ਨੂੰ ਸਖ਼ਤ ਸਜ਼ਾ ਦੇਣੀ ਚਾਹੁੰਦਾ ਹਾਂ। ਵੇਖੀਂ ਕਿਧਰੇ ਹੁੱਕਾ ਪੀਣ ਵਿਚ ਹੀ ਲੱਗਾ ਨਾ ਰਹੀਂ। ਮੈਨੂੰ ਸ਼ਾਮ ਤਕ ਪਤਾ ਲਗਣਾ ਚਾਹੀਦਾ ਹੈ ਕਿ ਕਿਵੇਂ ਗੱਲ ਹੋਈ ਏ।"

"ਬਹੁਤ ਹੱਛਾ ਜਨਾਬ!" ਮਿਰਜ਼ੇ ਨੇ ਕਿਹਾ, "ਮੈਂ ਹੁਣੇ ਪੁੱਛ ਪੜਤਾਲ ਸ਼ੁਰੂ ਕਰ ਦੇਂਦਾ ਹਾਂ।"

ਮੀਰ ਮੰਨੂ ਨੇ ਫਿਰ ਰਹਿਮਾਨ ਖ਼ਾਨ ਵੱਲ ਰੁਖ਼ ਕੀਤਾ ਤੇ ਉਹਨੂੰ ਪੁਛਿਆ, "ਦੱਸ ਫਿਰ ਤੇਰੀ ਕੋਸ਼ਿਸ਼ ਦਾ ਕੀ ਨਤੀਜਾ ਨਿਕਲਿਆ ਏ। ਮਨਾ ਲਿਆ ਈ ਕਿ ਨਹੀਂ ਜ਼ਨਾਨੀਆਂ ਨੂੰ ?"

"ਨਹੀਂ ਜੀ, ਉਹਨਾਂ ਨੂੰ ਕੱਲ੍ਹ ਸ਼ਾਮ ਨੂੰ ਤੰਗ ਕੀਤਾ ਸੀ, ਪਰ ਉਹ ਨਹੀਂ ਮੰਨੀਆਂ, ਅੱਜ ਸਵੇਰੇ ਕੋਸ਼ਿਸ਼ ਫਿਰ ਕਰਨੀ ਸੀ, ਪਰ ਸਵੇਰ ਦਾ ਹੀ ਮੈਂ ਜ਼ਨਾਨੀਆਂ ਦੀ ਭਾਲ ਵਲ ਲੱਗਾ ਹੋਇਆ ਹਾਂ। ਇਸ ਪਾਸੇ ਧਿਆਨ ਹੀ ਨਹੀਂ ਦੇ ਸਕਿਆ।" ਰਹਿਮਾਨ ਖ਼ਾਨ ਨੇ ਕਿਹਾ।

"ਜਿਹੜਾ ਤੁਸੀਂ ਭਾਲਦੇ ਹੋ, ਉਹ ਤੇਲ ਇਹਨਾਂ ਤਿਲਾਂ ਵਿਚ ਹੈ ਨਹੀਂ। ਇਸ ਲਈ ਹੁਣ ਗੱਲਾਂ-ਬਾਤਾਂ ਨਾਲ ਮਨਾਣ ਦਾ ਕੋਈ ਲਾਭ ਨਹੀਂ। ਕਰੋ ਉਹਨਾਂ ਸਾਰੀਆਂ ਜ਼ਨਾਨੀਆਂ ਨੂੰ ਇਕੱਠਿਆਂ ਤੇ ਅੱਜ ਮੁਕਾਈਏ ਇਹਨਾਂ ਦਾ ਪੁਆੜਾ ਵੀ।" ਮੀਰ ਮੰਨੂ ਨੇ ਕਿਹਾ।

ਉਸੇ ਵੇਲੇ ਸਾਰੀਆਂ ਜ਼ਨਾਨੀਆਂ ਨੂੰ ਖੁਲ੍ਹੇ ਵਿਹੜੇ ਵਿਚ ਇਕੱਠਾ ਕਰ ਲਿਆ ਗਿਆ। ਕਈ ਦਿਨਾਂ ਦੀ ਭੁੱਖ ਨਾਲ ਬਹੁਤ ਸਾਰੀਆਂ ਵਿਚ ਚਲਣ ਫਿਰਨ ਦੀ ਤਾਕਤ ਵੀ ਘੱਟ ਗਈ ਸੀ। ਉਪਰੋਂ ਕਰੜੀ ਮਿਹਨਤ ਅਤੇ ਚੱਕੀ ਪੀਹਣ ਤਕ ਦੇ ਕੰਮ ਨੇ ਉੱਕਾ ਹੀ ਜਾਨ ਖਿੱਚ ਲਈ ਸੀ। ਕਈਆਂ ਨੂੰ ਚੱਕਰ ਆਉਣ ਲੱਗ ਪਏ ਅਤੇ ਇਕ ਦੋ ਡਿੱਗ ਪਈਆਂ।

ਜਦ ਸਾਰੀਆਂ ਇਕੱਠੀਆਂ ਹੋ ਗਈਆਂ ਤਾਂ ਮੀਰ ਮੰਨੂ ਆ ਗਿਆ। ਉਸ ਆਉਂਦਿਆਂ ਬੜੀ ਉੱਚੀ ਆਵਾਜ਼ ਵਿਚ ਗਰਜ ਕੇ ਕਿਹਾ, "ਅੱਜ ਤੁਹਾਡੇ ਜੀਵਨ ਦਾ ਅੰਤਲਾ ਦਿਨ ਆ ਗਿਆ ਏ। ਮੈਂ ਨਹੀਂ ਚਾਹੁੰਦਾ ਕਿ ਤੁਸੀਂ ਇਸ ਤਰ੍ਹਾਂ ਅਜਾਈਂ ਮੌਤੇ ਮਾਰੀਆਂ ਜਾਓ, ਪਰ ਮੈਨੂੰ ਹੁਣ ਤੁਹਾਨੂੰ ਮਾਰ ਦੇਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਦਿੱਸ ਰਿਹਾ। ਤੁਸੀਂ ਨਿੱਕੀ ਜਿਹੀ ਗੱਲ 'ਤੇ ਇਤਨੀਆਂ ਅੜ ਗਈਆਂ ਹੋ ਕਿ ਰਤੀ ਵੀ ਝੁਕਣ ਲਈ ਤਿਆਰ ਨਹੀਂ.....।"

ਮੀਰ ਮੰਨੂ ਅਜੇ ਬੋਲ ਹੀ ਰਿਹਾ ਸੀ ਇਕ ਜ਼ਨਾਨੀ ਨੇ ਕਿਹਾ, "ਇਹ ਗੱਲ ਨਿੱਕੀ ਜਿਹੀ ਏ ? ਸਾਡੀ ਜ਼ਿੰਦਗੀ ਨਾਲੋਂ ਵੱਡੀ ਤੇ ਮਹਾਨ ਏਂ। ਤੁਸੀਂ ਸਾਡਾ ਧਰਮ ਖੋਹਣਾ ਚਾਹੁੰਦੇ ਹੋ, ਸਾਡੀ ਆਤਮਾ ਨੂੰ ਕੁਚਲਣਾ ਚਾਹੁੰਦੇ ਹੋ ਤੇ ਫਿਰ ਕਹਿੰਦੇ ਹੋ ਕੇ ਨਿੱਕੀ ਜਿਹੀ ਗੱਲ ਏ।"

"ਚੁੱਪ ਕਰ, ਨਹੀਂ ਤੇ ਹੁਣੇ ਤੈਨੂੰ ਪਹਿਲਾਂ ਮਾਰ ਦਿਆਂਗੇ।" ਰਹਿਮਾਨ ਖ਼ਾਨ ਨੇ ਉਹਨੂੰ ਧਮਕੀ ਦਿੱਤੀ।

"ਮਰਨ ਤੋਂ ਸਾਨੂੰ ਡਰ ਕੋਈ ਨਹੀਂ, ਇਸ ਲਈ ਇਹ ਲਾਲ ਅੱਖਾਂ ਕੱਢ ਕੇ ਕਿਸੇ ਹੋਰ ਨੂੰ ਦਿਖਾਈਂ।" ਜ਼ਨਾਨੀ ਨੇ ਬੜੀ ਦਲੇਰੀ ਨਾਲ ਕਿਹਾ।

"ਕੀ ਗੱਲ ਵੱਡੀ ਏ ?" ਮੀਰ ਮੰਨੂ ਨੇ ਉਹਨੂੰ ਕਿਹਾ, "ਅਸੀਂ ਕਹਿੰਦੇ ਹਾਂ ਕਿ ਤੁਸੀਂ ਮੁਸਲਮਾਨ ਬਣ ਕੇ ਵਧੇਰੇ ਫ਼ਾਇਦੇ ਵਿਚ ਰਹੋਗੀਆਂ।"

"ਸਾਨੂੰ ਪਤਾ ਏ ਕਿ ਫ਼ਾਇਦਾ ਕਿਥੇ ਏ। ਜੇ ਇਹ ਗੱਲ ਨਿੱਕੀ ਜਿਹੀ ਏ ਤਾਂ ਤੁਸੀਂ ਤੰਗ ਕਿਉਂ ਕਰ ਰਹੇ ਹੋ ? ਇਤਨਾ ਮਜਬੂਰ ਕਿਉਂ ਕਰ ਰਹੇ ਹੋ ? ਸਾਨੂੰ ਮੁਸਲਮਾਨ ਬਣਾ ਕੇ ਤੁਹਾਨੂੰ ਕੀ ਮਿਲੇਗਾ ? ਤੁਸੀਂ ਇਹਨੂੰ ਆਪ ਵੱਡੀ ਗੱਲ ਸਮਝਦੇ ਹੋ, ਇਸੇ ਲਈ ਇਸ ਹੱਦ ਤਕ ਗਏ ਹੋ ?" ਜ਼ਨਾਨੀ ਨੇ ਫਿਰ ਕੜਕ ਕੇ ਕਿਹਾ।

"ਛੱਡੋ ਜੀ, ਇਹਨਾਂ ਇਸ ਤਰ੍ਹਾਂ ਨਹੀਂ ਜੇ ਮੰਨਣਾ। ਐਵੇਂ ਵਕਤ ਜ਼ਾਇਆ ਕਰਨ ਵਾਲੀ ਗੱਲ ਏ", ਰਹਿਮਾਨ ਖ਼ਾਨ ਨੇ ਕਿਹਾ, "ਇਹਨਾਂ ਨੂੰ ਮਾਰਨਾ ਹੀ ਪਵੇਗਾ।" ਉਸ ਨੇ ਮੀਰ ਮੰਨੂ ਦੀ ਖ਼ੁਸ਼ੀ ਪ੍ਰਾਪਤ ਕਰਨ ਲਈ ਬੜੇ ਸਖ਼ਤ ਹਾਕਮਾਂ ਵਾਂਗ ਕਿਹਾ।

ਮੀਰ ਮੰਨੂ ਸਾਹਮਣੇ ਮੂਹੜਾ ਡਾਹ ਕੇ ਬੈਠ ਗਿਆ। ਉਹਦੇ ਲਈ ਤਿਆਰ ਕੀਤਾ ਵਿਸ਼ੇਸ਼ ਹੁੱਕਾ ਲੈ ਆਂਦਾ ਗਿਆ। ਉਹ ਭਾਵੇਂ ਮਿਰਜ਼ੇ ਨੂੰ ਹੁੱਕਾ ਪੀਣ 'ਤੇ ਗੁੱਸੇ ਹੁੰਦਾ ਸੀ, ਪਰ ਆਪ ਪੀ ਲਿਆ ਕਰਦਾ ਸੀ।

ਹੁੱਕੇ ਦਾ ਸੂਟਾ ਲਾਂਦਿਆਂ ਮੀਰ ਮੰਨੂ ਨੇ ਕਿਹਾ, "ਅੱਜ ਇਹਨਾਂ ਦੇ ਸਾਰੇ ਬੱਚੇ ਮਾਰ ਦਿਓ। ਚੰਗੀ ਤਰ੍ਹਾਂ ਤੜਫਾ ਤੜਫਾ ਕੇ ਇਹਨਾਂ ਸਾਹਮਣੇ ਮਾਰੋ।"

ਮੀਰ ਮੰਨੂ ਦੇ ਹੁਕਮ ਦੇਣ ਦੀ ਦੇਰ ਸੀ ਕਿ ਰਹਿਮਾਨ ਖ਼ਾਨ ਨੇ ਆਪਣੇ ਆਦਮੀਆਂ ਨੂੰ ਝਟ ਹੁਕਮ ਦਿੱਤਾ, "ਇਹਨਾਂ ਬੱਚਿਆਂ ਨੂੰ ਨੇਜ਼ਿਆਂ ਤੇ ਬਰਛੀਆਂ ਨਾਲ ਵਿੰਨ੍ਹ ਕੇ ਮਾਵਾਂ ਨੂੰ ਦਿਖਾਓ।"

ਝਟ ਉਹਦੇ ਸਿਪਾਹੀ ਅਗੇ ਵਧੇ ਤੇ ਬੱਚੇ ਮਾਵਾਂ ਤੋਂ ਖੋਹ ਲਏ। ਮਾਵਾਂ ਰੋਂਦਿਆਂ ਕੁਰਲਾਂਦੀਆਂ ਤੇ ਤਰਲੇ ਕਰਦੀਆਂ ਰਹੀਆਂ, ਪਰ ਉਹਨਾਂ ਨੂੰ ਇਕ 'ਤੇ ਵੀ ਤਰਸ ਨਾ ਆਇਆ।

ਇਕ ਸਿਪਾਹੀ ਨੇ ਇਕ ਮਾਂ ਦੀ ਗੋਦ ਵਿਚ ਪਏ ਇਕ ਬੱਚੇ ਨੂੰ ਜ਼ੋਰ ਨਾਲ

ਨੇਜ਼ਾ ਮਾਰਿਆ ਜੋ ਉਸ ਦੀ ਕੰਡ ਵਿਚੋਂ ਲੰਘ ਕੇ ਢਿੜ ਚੀਰਦਾ ਮਾਂ ਦੇ ਸਰੀਰ ਨੂੰ ਜਾ ਵੱਜਾ। ਬੱਚੇ ਦੀਆਂ ਚੀਕਾਂ ਨਿਕਲ ਗਈਆਂ ਤੇ ਲਹੂ ਦੀਆਂ ਧਾਰੀਆਂ ਵਗਣ ਲੱਗ ਪਈਆਂ। ਮਾਂ ਦੀ ਗਲਵਕੜੀ ਢਿੱਲੀ ਹੋ ਗਈ ਤੇ ਸਿਪਾਹੀ ਨੇ ਉਸੇ ਤਰ੍ਹਾਂ ਬੱਚੇ ਨੂੰ ਨੇਜ਼ੇ 'ਤੇ ਚੁੱਕ ਲਿਆ।

ਬੱਚਾ ਬੜਾ ਤੜਫਦਿਆ। ਉਸ ਬੜੇ ਹੱਥ ਪੈਰ ਮਾਰੇ, ਪਰ ਝਟ ਵਿਚ ਹੀ ਉਸ ਦਾ ਸਾਰਾ ਖ਼ੂਨ ਨਿਕਲ ਗਿਆ।

ਬੱਚੇ ਦੇ ਹੱਥ ਪੈਰ ਢਿਲੇ ਪੈ ਗਏ ਤੇ ਧੌਣ ਇਕ ਪਾਸੇ ਲਮਕ ਗਈ। ਇਸੇ ਤਰ੍ਹਾਂ ਹੋਰ ਸਿਪਾਹੀਆਂ ਨੇ ਵੀ ਮਾਵਾਂ ਤੋਂ ਬੱਚੇ ਲੈ ਕੇ ਨੇਜ਼ਿਆਂ ਅਤੇ ਬਰਛੀਆਂ 'ਤੇ ਟੰਗ ਕੇ ਸਾਹਮਣੇ ਤੜਫਾ ਤੜਫਾ ਕੇ ਮਾਰੇ।

ਜ਼ਨਾਨੀਆਂ ਤੋਂ ਇਹ ਦਰਦਨਾਕ ਦ੍ਰਿਸ਼ ਦੇਖਿਆ ਜਾਣਾ ਔਖਾ ਹੋ ਗਿਆ। ਸਾਰੀਆਂ ਬੇਵਸ ਸਨ, ਇਸ ਲਈ ਸਵਾਏ ਤੜਫਣ ਦੇ ਹੋਰ ਕੁਝ ਨਹੀਂ ਸਨ ਕਰ ਸਕਦੀਆਂ। ਸਾਰੀਆਂ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਤੇ ਪਾਠ ਸ਼ੁਰੂ ਕਰ ਦਿੱਤਾ। ਸਾਰੀਆਂ ਨੂੰ ਤਾਂ ਪਾਠ ਵੀ ਨਹੀਂ ਸੀ ਆਉਂਦਾ, ਕਿਉਂਕਿ ਕਈ ਤਾਂ ਅਜੇ ਹੁਣੇ ਸਿੰਘਾਂ ਦੇ ਘਰੀਂ ਆਈਆਂ ਸਨ। ਉਹਨਾਂ 'ਵਾਹਿਗੁਰੂ ਵਾਹਿਗੁਰੂ' ਦਾ ਜਾਪ ਹੀ ਸ਼ੁਰੂ ਕਰ ਦਿੱਤਾ।

ਜਦ ਇਸ ਤਰ੍ਹਾਂ ਬੱਚੇ ਮਾਰਨ ਨਾਲ ਵੀ ਜ਼ਨਾਨੀਆਂ ਨਾ ਡੋਲੀਆਂ ਤਾਂ ਫਿਰ ਮੀਰ ਮੰਨੂ ਨੇ ਕਿਹਾ, "ਇਸ ਤਰ੍ਹਾਂ ਕਰੋ ਕਿ ਬੱਚਿਆਂ ਦੇ ਟੋਟੇ ਕਰ ਕੇ ਮਾਵਾਂ ਦੀਆਂ ਝੋਲੀਆਂ ਵਿਚ ਪਾਓ।"

ਰਹਿਮਾਨ ਖ਼ਾਨ ਨੇ ਸਿਪਾਹੀਆਂ ਨੂੰ ਇਸ਼ਾਰਾ ਕੀਤਾ ਤਾਂ ਉਹਨਾਂ ਝਟਪਟ ਦੋ ਬੱਚਿਆਂ ਨੂੰ ਚੀਕਦਿਆਂ ਖੋਹ ਕੇ ਟੋਟੇ ਟੋਟੇ ਕਰ ਦਿੱਤਾ ਤੇ ਲਹੂ ਵਗਦੇ ਸਾਰੇ ਅੰਗ ਚੁਕ ਕੇ ਮਾਵਾਂ ਦੀਆਂ ਝੋਲੀਆਂ ਵਿਚ ਪਾ ਦਿੱਤੇ, ਪਰ ਉਹਨਾਂ ਅੱਖਾਂ ਖੋਲ੍ਹ ਕੇ ਵੀ ਇਸ ਪਾਸੇ ਨਾ ਦੇਖਿਆ ਤੇ 'ਵਾਹਿਗੁਰੂ ਵਾਹਿਗੁਰੂ' ਦਾ ਜਾਪ ਕਰਦੀਆਂ ਰਹੀਆਂ। ਮੀਰ ਮੰਨੂ ਹੈਰਾਨ ਸੀ ਕਿ ਮਾਂ ਦੀ ਝੋਲੀ ਵਿਚ ਉਹਦਾ ਬੱਚਾ ਟੋਟੇ ਕਰ ਕੇ ਪਾ ਦਿੱਤਾ ਜਾਏ ਤੇ ਉਹ ਫਿਰ ਵੀ ਨਾ ਬੋਲੇ, ਇਹ ਅਸੰਭਵ ਗੱਲ ਏ; ਪਰ ਇਥੇ ਤਾਂ ਇਹ ਵੀ ਸੰਭਵ ਹੋਈ ਪਈ ਏ।

ਉਸ ਦੇ ਹੁਕਮ ਨਾਲ ਫਿਰ ਬੱਚਿਆਂ ਦੇ ਟੋਟੇ ਕਰ ਕੇ ਦਿਲ ਕੱਢੇ ਗਏ ਤੇ ਉਹ ਮਾਵਾਂ ਦੇ ਮੂੰਹਾਂ ਵਿਚ ਜਬਰੀ ਦਿੱਤੇ ਗਏ।

ਇਹ ਖ਼ੂਨੀ ਸਾਕਾ ਕਈ ਘੰਟੇ ਹੁੰਦਾ ਰਿਹਾ ਤੇ ਅਖ਼ੀਰ ਬਾਕੀ ਕੰਮ ਨੂੰ ਦੂਜੇ ਦਿਨ 'ਤੇ ਮੁਲਤਵੀ ਕਰ ਕੇ ਮੀਰ ਮੰਨੂ ਚਲਿਆ ਗਿਆ।

# ੯

ਖਿਜ਼ਰ ਖ਼ਾਨ ਸਵੇਰੇ ਬੜਾ ਹੈਰਾਨ ਹੋਇਆ ਜਦੋਂ ਉਸ ਡਿਉਢੀ ਵਿਚ ਕੇਵਲ ਅੱਲਾ ਦਿੱਤਾ ਨੂੰ ਸੁੱਤਾ ਵੇਖਿਆ। ਦੂਜਾ ਮੰਜਾ ਖ਼ਾਲੀ ਪਿਆ ਸੀ। ਉਸ 'ਤੇ ਬੈਠ ਗਿਆ ਤੇ ਇਹ ਖ਼ਿਆਲ ਕੀਤਾ ਕਿ ਉਹ ਕਿਧਰੇ ਬਾਹਰ ਗਿਆ ਹੋਵੇ ਤੇ ਹੁਣੇ ਮੁੜ ਆਏਗਾ, ਜਦੋਂ ਝਟ ਤਕ ਵੀ ਨਾ ਆਇਆ ਤਾਂ ਇਧਰ-ਉਧਰ ਦੀਆਂ ਗੱਲਾਂ ਕਰਨ ਪਿਛੋਂ ਖਿਜ਼ਰ ਖ਼ਾਨ ਨੇ ਪੁਛਿਆ, "ਤੁਹਾਡੇ ਨਾਲ ਵਾਲਾ ਆਦਮੀ ਕਿੱਥੇ ਗਿਆ ਏ?"

"ਉਹ ਆਦਮੀ ਚਲਾ ਗਿਆ ਏ।" ਅੱਲਾ ਦਿੱਤਾ ਨੇ ਕਿਹਾ, "ਵਪਾਰੀ ਆਦਮੀ ਸੀ, ਉਹਨੂੰ ਸੁਤਿਆਂ ਪਿਆਂ ਕੁਝ ਯਾਦ ਆ ਗਿਆ ਤੇ ਸਵੇਰੇ ਤੜਕੇ ਹੀ ਉਹ ਚਲਾ ਗਿਆ ਏ।"

ਖਿਜ਼ਰ ਖ਼ਾਨ ਹੈਰਾਨੀ ਨਾਲ ਅੱਲਾ ਦਿੱਤਾ ਵੱਲ ਦੇਖ ਰਿਹਾ ਸੀ। ਉਹਦੀ ਤਕਣੀ ਤੋਂ ਮਹਿਸੂਸ ਹੋ ਰਿਹਾ ਸੀ ਕਿ ਉਹਦੀ ਤਸੱਲੀ ਨਹੀਂ ਹੋਈ। ਇਸ ਲਈ ਅੱਲਾ ਦਿੱਤਾ ਨੇ ਫਿਰ ਕਿਹਾ, "ਮੈਂ ਠੀਕ ਕਹਿ ਰਿਹਾ ਹਾਂ, ਉਹ ਕਿਸੇ ਜ਼ਰੂਰੀ ਕੰਮ ਚਲਾ ਗਿਆ ਏ। ਉਹਨੇ ਕਿਸੇ ਵਪਾਰੀ ਨੂੰ ਮਿਲਣਾ ਸੀ। ਰਾਤ ਨੂੰ ਉਹਨੂੰ ਯਾਦ ਆ ਗਿਆ ਤੇ ਉਸ ਮੇਰੇ ਨਾਲ ਸਲਾਹ ਕੀਤੀ ਕਿ ਜੇ ਹੁਣੇ ਨਾ ਗਏ ਤਾਂ ਹੋ ਸਕਦਾ ਏ ਕਿ ਉਹ ਤੜਕੇ ਕਿਧਰੇ ਚਲਾ ਜਾਏ, ਇਸ ਲਈ ਉਹ ਚਲਾ ਗਿਆ।" ਅੱਲਾ ਦਿੱਤਾ ਨੇ ਬਹੁਤਾ ਜ਼ੋਰ ਇਸੇ ਕਰਕੇ ਦਿੱਤਾ, ਕਿਉਂਕਿ ਉਹ ਸਮਝਦਾ ਸੀ ਕਿ ਜੇਕਰ ਇਹਦੀ ਛੇਤੀ ਤਸੱਲੀ ਨਾ ਹੋਈ ਤਾਂ ਇਸ ਨੇ ਪਿਛੇ ਪੈ ਜਾਣਾ ਏ। ਇਸ ਲਈ ਅੱਲਾ ਦਿੱਤਾ ਨੇ ਬੜੀ ਕਾਹਲੀ ਵਿਚ ਉਪਰੋਕਤ ਗੱਲਾਂ ਕਹੀਆਂ।

"ਉਹ ਮੈਨੂੰ ਮਿਲ ਕੇ ਤੇ ਜਾਂਦੇ। ਕਿਹੜੇ ਵਪਾਰੀ ਨਾਲ ਉਹਨਾਂ ਨੂੰ ਕੰਮ ਸੀ?" ਖਿਜ਼ਰ ਖ਼ਾਨ ਨੇ ਪੁਛਿਆ।

"ਮੈਨੂੰ ਤਾਂ ਇਹ ਪਤਾ ਨਹੀਂ।" ਅੱਲਾ ਦਿੱਤਾ ਨੇ ਕਿਹਾ, "ਮੈਂ ਪੁਛਣ ਦਾ ਯਤਨ ਹੀ ਨਹੀਂ ਕੀਤਾ। ਕਹਿੰਦੇ ਸੀ ਕਿ ਦੋ ਦਿਨਾਂ ਤਕ ਵੇਹਲੇ ਹੋ ਕੇ ਉਹ ਫਿਰ ਪਿੰਡ ਆ ਜਾਣਗੇ। ਬਾਕੀ ਰਹੀ ਤੁਹਾਨੂੰ ਮਿਲ ਕੇ ਜਾਣ ਦੀ ਗੱਲ, ਉਹ ਤਾਂ ਚਾਹੁੰਦੇ ਸਨ ਪਰ ਮੈਂ ਤੁਹਾਨੂੰ ਛੇਤੀ ਉਠਾਣਾ ਠੀਕ ਨਹੀਂ ਸਮਝਿਆ। ਅੱਗੇ ਹੀ ਰਾਤ ਨੂੰ ਗੱਪਾਂ ਮਾਰਦਿਆਂ ਤੁਸੀਂ ਬੜੀ ਦੇਰ ਨਾਲ ਸੁੱਤੇ ਸੀ।"

"ਮੈਨੂੰ ਇਤਬਾਰ ਨਹੀਂ ਆਇਆ," ਖਿਜ਼ਰ ਖ਼ਾਨ ਨੇ ਸਾਫ਼ ਕਹਿ ਦਿੱਤਾ, "ਇਹ ਦਾਲ ਵਿਚ ਜ਼ਰੂਰ ਕੁਝ ਕਾਲਾ ਏ। ਮੈਨੂੰ ਕੱਲ੍ਹ ਹੀ ਉਹਦੀ ਸ਼ਕਲ ਬਨਾਉਟੀ ਜਿਹੀ ਜਾਪਦੀ ਸੀ। ਸੱਚੋ-ਸੱਚ ਦੱਸੀਂ ਕਿ ਉਹ ਕੌਣ ਸੀ?"

"ਹੱਦ ਹੋ ਗਈ।" ਕੁਝ ਘਬਰਾਹਟ ਮਹਿਸੂਸ ਕਰਦਿਆਂ ਅੱਲਾ ਦਿੱਤਾ ਨੇ ਕਿਹਾ, "ਤੁਹਾਨੂੰ ਮੇਰੇ 'ਤੇ ਇਤਬਾਰ ਨਹੀਂ, ਮੈਂ ਉਹੀ ਅੱਲਾ ਦਿੱਤਾ ਹਾਂ ਜੋ ਕਦੇ ਕਿਸੇ ਨੂੰ ਧੋਖਾ ਨਹੀਂ ਸਾਂ ਦਿੰਦਾ।"

ਖਿਜ਼ਰ ਖ਼ਾਨ ਨੇ ਸਿਰ ਮਾਰਦਿਆਂ ਕਿਹਾ, "ਚਲੋ ਇਸੇ ਤਰ੍ਹਾਂ ਹੋਏਗਾ ਫਿਰ।"

"ਨਹੀਂ, ਤੁਹਾਡੀ ਤਸੱਲੀ ਹੋਈ ਨਹੀਂ, ਉਪਰੋਂ ਹੀ ਇਹ ਕਹਿ ਰਹੇ ਹੋ!" ਅੱਲਾ ਦਿੱਤਾ ਨੇ ਕਿਹਾ।

"ਚਲੋ ਛੱਡੋ ਇਹਨਾਂ ਗੱਲਾਂ ਨੂੰ। ਹੁਣ ਦੱਸੋ ਤੁਸੀਂ ਅੱਜ ਕਿਧਰ ਕਿਧਰ ਜਾਣਾ ਏ?" ਖਿਜ਼ਰ ਖ਼ਾਨ ਨੇ ਗੱਲ ਦਾ ਰੁਖ਼ ਮੋੜਦਿਆਂ ਕਿਹਾ।

"ਮੈਂ ਤਾਂ ਸੈਰ ਕਰਨੀ ਏ ਸ਼ਹਿਰ ਦੀ ਤੇ ਫਿਰ ਵਾਪਸ ਚਲੇ ਜਾਣਾ ਏ। ਮੈਨੂੰ ਇਥੋਂ ਦੀਆਂ ਦੇਖਣ ਵਾਲੀਆਂ ਚੀਜ਼ਾਂ ਵਿਖਾ ਦਿਓ।" ਅੱਲਾ ਦਿੱਤਾ ਨੇ ਕਿਹਾ। ਹੁਣ ਉਸ ਨੇ ਉਸ ਹਾਤੇ ਦਾ ਨਾਮ ਨਾ ਲਿਆ, ਜਿਥੇ ਸਿੱਖਾਂ ਦੀਆਂ ਜ਼ਨਾਨੀਆਂ ਡੱਕੀਆਂ ਹੋਈਆਂ ਸਨ, ਕਿਉਂਕਿ ਉਸ ਸੋਚਿਆ ਕਿ ਜੇਕਰ ਹੁਣ ਉਥੇ ਜਾਣ ਦਾ ਨਾਂ ਲਿਆ ਤਾਂ ਇਹਨੂੰ ਵਧੇਰੇ ਸ਼ੱਕ ਪੈ ਜਾਏਗਾ, ਇਸ ਲਈ ਉਹ ਚੁੱਪ ਰਿਹਾ। ਉਸ ਮਨ ਵਿਚ ਫ਼ੈਸਲਾ ਕੀਤਾ ਕਿ ਜਦ ਸ਼ਹਿਰ ਦਿਖਾਣ ਜਾਏਗਾ ਤਾਂ ਰਾਹ ਵਿਚ ਹੀ ਸੁਭਾਵਿਕ ਉਧਰ ਜਾਣ ਦੀ ਵੀ ਇੱਛਾ ਪ੍ਰਗਟ ਕਰ ਦਿਆਂਗਾ।

"ਸ਼ਹਿਰ ਵਿਚ ਦੇਖਣ ਵਾਲੀਆਂ ਬਹੁਤ ਸਾਰੀਆਂ ਥਾਵਾਂ ਨੇ। ਤੁਸੀਂ ਅੱਜ ਸ਼ਾਹੀ ਮਸਜਿਦ, ਸ਼ਾਲਾਮਾਰ ਬਾਗ਼ ਤੇ ਜਹਾਂਗੀਰ ਦਾ ਮਕਬਰਾ ਦੇਖ ਲਓ। ਮੈਨੂੰ ਕੁਝ ਕੰਮ ਏ, ਕਲ੍ਹ ਵੇਹਲਾ ਹੋ ਕੇ ਮੈਂ ਤੁਹਾਡੇ ਨਾਲ ਚਲਾਂਗਾ ਤੇ ਤੁਹਾਨੂੰ ਕਿਲ੍ਹਾ ਤੇ ਸ਼ਾਹੀ ਟਿਕਾਣੇ ਦਿਖਾ ਦਿਆਂਗਾ।" ਖਿਜ਼ਰ ਖ਼ਾਨ ਨੇ ਕਿਹਾ ਤੇ ਉਸ ਵੇਲੇ ਰੋਟੀ ਤਿਆਰ ਹੋ ਕੇ ਆ ਗਈ। ਦੋਹਾਂ ਨੇ ਰੋਟੀ ਖਾਧੀ ਤੇ ਖਿਜ਼ਰ ਖ਼ਾਨ ਇਹ ਕਹਿ ਕੇ ਚਲਾ ਗਿਆ, "ਜੇ ਤੁਹਾਨੂੰ ਲੋੜ ਪਈ ਤਾਂ ਮੁੰਡੇ ਨੂੰ ਲਈ ਜਾਇਆ ਜੇ ਨਾਲ। ਮੈਂ ਉਹਨੂੰ ਕਹਿ ਦਿੱਤਾ ਏ, ਉਹ ਤੁਹਾਨੂੰ ਜਾ ਕੇ ਸ਼ਹਿਰ ਵਿਖਾ ਦੇਵੇਗਾ।"

"ਮੈਨੂੰ ਮੁੰਡੇ ਦੀ ਲੋੜ ਨਹੀਂ, ਮੈਂ ਆਪ ਹੀ ਜਾ ਕੇ ਦੇਖ ਲਵਾਂਗਾ। ਤੁਸੀਂ ਸ਼ਾਮ ਨੂੰ ਛੇਤੀ ਆ ਜਾਇਆ ਜੇ।" ਅੱਲਾ ਦਿੱਤਾ ਨੇ ਕਿਹਾ।

ਅੱਲਾ ਦਿੱਤਾ ਉਸਦੇ ਜਾਣ ਪਿਛੋਂ ਬੜਾ ਪਛਤਾਇਆ ਕਿ ਉਹ ਇਕ ਮਿੱਤਰ ਨਾਲ ਵਿਸਾਹਘਾਤ ਕਰ ਰਿਹਾ ਹੈ। ਉਹਨੂੰ ਝੂਠ ਨਹੀਂ ਬੋਲਣਾ ਚਾਹੀਦਾ ਤੇ ਸੱਚ ਸੱਚ ਦੱਸ ਦੇਣਾ ਚਾਹੀਦਾ ਹੈ ਕਿ ਉਹ ਵਪਾਰੀ ਨਹੀਂ ਸਗੋਂ ਸਿਖ ਸੀ। ਹੁਣ ਕਿਹੜਾ ਇਹਨੂੰ ਦੱਸਣ ਨਾਲ ਗੁਲਾਬ ਸਿੰਘ ਫੜਿਆ ਜਾਣਾ ਏ। ਉਹ ਤਾਂ ਕਦੋਂ ਦਾ ਅੰਮ੍ਰਿਤਸਰ ਪੁੱਜ ਗਿਆ ਹੋਵੇਗਾ।

ਖਿਜ਼ਰ ਖ਼ਾਨ ਜਦ ਕੋਤਵਾਲੀ ਪੁੱਜਾ ਤਾਂ ਉਹਨੂੰ ਪਤਾ ਲੱਗਾ ਕਿ ਰਾਤ ਨੂੰ ਇਕ ਸਿਖ ਸ਼ਹਿਰ ਦੇ ਨੇੜੇ ਰਾਜਪੂਤ ਵਪਾਰੀ ਦੇ ਰੂਪ ਵਿਚ ਫੜਿਆ ਗਿਆ ਏ ਤੇ ਉਸਦਾ ਮੁਕਾਬਲਾ ਕਰਦੇ ਕਈ ਫ਼ੌਜੀ ਮਾਰੇ ਗਏ ਹਨ। ਉਹਦੀਆਂ ਅੱਖਾਂ ਦੇ ਸਾਹਮਣੇ ਝਟਪਟ ਅੱਲਾ ਦਿੱਤਾ ਨਾਲ ਆਏ ਵਪਾਰੀ ਦੀ ਸ਼ਕਲ ਆ ਗਈ, ਜਿਸ ਬਾਰੇ ਅੱਲਾ ਦਿੱਤਾ ਨੇ ਦਸਿਆ ਸੀ ਕਿ ਉਹ ਰਾਜਪੂਤਾਨੇ ਤੋਂ ਆਇਆ ਏ। ਫਿਰ ਉਹਨੂੰ ਇਹ ਵੀ ਪਤਾ ਸੀ ਕਿ ਉਹ ਅੱਜ ਤੜਕੇ ਹੀ ਉੱਠ ਕੇ ਚਲਾ ਗਿਆ ਸੀ। ਉਹਨੂੰ ਪੱਕਾ ਸ਼ੱਕ ਹੋ ਗਿਆ ਕਿ ਅੱਲਾ ਦਿੱਤਾ ਦਾ ਸਾਥੀ ਹੀ ਸਿਖ ਹੋਣਾ ਏਂ। ਉਹਦੀ ਸ਼ਕਲ ਬਨਾਉਟੀ ਸੀ ਤੇ ਉਹ ਸਿਖ ਹੋਣਾ ਏਂ। ਉਹਨੂੰ ਇਹ ਵੀ ਯਾਦ ਆ ਗਿਆ ਕਿ ਅੱਲਾ ਦਿੱਤਾ ਦਾ ਸਾਥੀ ਵਪਾਰੀ ਬੋਲਿਆ ਹੀ ਨਹੀਂ, ਇਸ ਲਈ ਉਸ ਗੱਲਾਂ ਸਮੇਂ ਕੋਈ ਹੁੰਗਾਰਾ ਨਾ ਭਰਿਆ ਤਾਕਿ ਕਿਧਰੇ ਪਛਾਣਿਆ ਨਾ ਜਾਏ।

ਕੋਤਵਾਲੀ ਦੇ ਪਿਛਲੇ ਪਾਸੇ ਜੇਲ੍ਹ ਵਾਂਗ ਸੀਖਾਂ ਵਾਲੇ ਕਮਰੇ ਸਨ ਜਿਨ੍ਹਾਂ ਵਿਚ ਆਮ ਕਰਕੇ ਕੈਦੀ ਡੱਕੇ ਜਾਂਦੇ ਸਨ। ਖਿਜ਼ਰ ਖ਼ਾਨ ਝਟ ਉਧਰ ਗਿਆ, ਤਾਕਿ ਦੇਖ ਸਕੇ ਕਿ ਰਾਤ ਨੂੰ ਵਪਾਰੀ ਦੇ ਭੇਸ ਵਿਚ ਫਿਰਦਾ ਕਿਹੜਾ ਸਿਖ ਫੜਿਆ ਗਿਆ ਏ। ਉਸ ਉਹ ਸਾਰੇ ਕਮਰੇ ਦੇਖੇ, ਪਰ ਉਥੇ ਉਹਨੂੰ ਕੋਈ ਸਿਖ ਨਜ਼ਰ ਨਾ ਆਇਆ।

ਮਨ ਵਿਚ ਤੌਖਲਾ ਵੱਧਦਾ ਜਾ ਰਿਹਾ ਸੀ, ਇਸ ਲਈ ਉਹ ਝਟ ਕੋਤਵਾਲੀ ਦੇ ਵੱਡੇ ਦਰਵਾਜ਼ੇ 'ਤੇ ਪੁੱਜਾ, ਉਥੇ ਖਲੋਤੇ ਇਕ ਸਿਪਾਹੀ ਨੂੰ ਪੁਛਿਆ, "ਸੁਣਿਆਂ ਏਂ ਕਿ ਰਾਤ ਨੂੰ ਇਕ ਸਿਖ ਵਪਾਰੀ ਦੇ ਭੇਸ ਵਿਚ ਫਿਰਦਾ ਫੜਿਆ ਗਿਆ ਏ? ਉਸ ਇਕੱਲੇ ਨੇ ਬੜਾ ਮੁਕਾਬਲਾ ਕੀਤਾ ਏ ਫ਼ੌਜ ਦਾ?"

"ਮਸਾਂ ਕਿਧਰੇ ਜਾ ਕੇ ਕਾਬੂ ਆਇਆ ਸੀ।" ਸਿਪਾਹੀ ਨੇ ਦਸਿਆ।

"ਉਹ ਹੁਣ ਕਿਥੇ ਏ?" ਖਿਜ਼ਰ ਖ਼ਾਨ ਨੇ ਉਸ 'ਤੇ ਸਵਾਲ ਕੀਤਾ।

"ਇਧਰ ਕੋਨੇ ਵਿਚ ਡਕਿਆ ਹੋਇਆ ਏ। ਕੋਤਵਾਲ ਸਾਹਿਬ ਉਸ ਤੋਂ ਕੁਝ ਪੁੱਛ ਰਹੇ ਸਨ, ਪਰ ਉਹ ਦਿੱਸਦਾ ਕੁਝ ਨਹੀਂ ਸੀ।" ਸਿਪਾਹੀ ਨੇ ਉਹਨੂੰ ਦਸਿਆ।

"ਹੁਣ ਵੀ ਉਥੇ ਹੀ ਏ?" ਖਿਜ਼ਰ ਖ਼ਾਨ ਨੇ ਫਿਰ ਪੁਛਿਆ।

"ਆਹੋ!"

"ਕੋਤਵਾਲ ਸਾਹਿਬ ਕਿਥੇ ਨੇ?"

"ਕਿਧਰੇ ਬਾਹਰ ਗਏ ਹੋਏ ਨੇ।" ਸਿਪਾਹੀ ਨੇ ਦਸਿਆ। ਖਿਜ਼ਰ ਖ਼ਾਨ ਅੰਦਰ ਚਲਾ ਗਿਆ। ਜਦ ਉਹ ਕਮਰੇ ਦੇ ਦਰਵਾਜ਼ੇ ਸਾਹਮਣੇ ਗਿਆ ਤਾਂ ਸੱਚਮੁੱਚ ਇਹ ਤਾਂ ਉਹੀ ਵਪਾਰੀ ਸੀ ਜੋ ਰਾਤ ਨੂੰ ਅੱਲਾ ਦਿੱਤਾ ਦੇ ਨਾਲ ਆਇਆ ਸੀ।

ਗੁਲਾਬ ਸਿੰਘ ਨੇ ਵੀ ਉਹਨੂੰ ਪਛਾਣ ਲਿਆ ਤੇ ਸ਼ਰਮ ਨਾਲ ਅੱਖਾਂ ਨੀਵੀਆਂ

ਕਰ ਲਈਆਂ। ਗੁਲਾਬ ਸਿੰਘ ਨੇ ਵੀ ਮਹਿਸੂਸ ਕਰ ਲਿਆ ਸੀ ਕਿ ਇਹ ਸਿੱਖਾਂ ਬਾਰੇ ਗ਼ਲਤ ਵਿਚਾਰ ਲਏਗਾ ਕਿ ਸਿਖ ਧੋਖੇਬਾਜ਼ ਹੁੰਦੇ ਹਨ। ਝਟ ਗਹੁ ਨਾਲ ਦੇਖਣ ਪਿਛੋਂ ਖਿਜ਼ਰ ਖ਼ਾਨ ਕੁਝ ਕਹਿਣ ਹੀ ਲੱਗਾ ਸੀ ਕਿ ਕੋਤਵਾਲ ਘੋੜਾ ਭਜਾਂਦਾ ਆ ਗਿਆ ਤੇ ਖਿਜ਼ਰ ਖ਼ਾਨ ਝਟਪਟ ਉਥੋਂ ਖਿਸਕ ਆਇਆ।

ਖਿਜ਼ਰ ਖ਼ਾਨ ਨੂੰ ਇਸ ਵੇਲੇ ਆਪਣੇ ਦੋਸਤ ਅੱਲਾ ਦਿੱਤਾ 'ਤੇ ਬੜਾ ਗੁੱਸਾ ਸੀ ਕਿ ਉਹ ਦੁਸ਼ਮਣਾਂ ਦਾ ਹੱਥ ਠੋਕਾ ਬਣ ਕੇ ਉਹਨੂੰ ਵੀ ਧੋਖੇ ਵਿਚ ਰੱਖਣ ਦਾ ਯਤਨ ਕਰ ਰਿਹਾ ਹੈ। ਖਿਜ਼ਰ ਖ਼ਾਨ ਤੋਂ ਹੁਣ ਕਿਧਰੇ ਹੋਰ ਜਾਣਾ ਔਖਾ ਹੋ ਗਿਆ, ਉਹਦੇ ਮਨ 'ਤੇ ਬੜਾ ਭਾਰ ਸੀ ਕਿ ਉਹ ਛੇਤੀ ਜਾ ਕੇ ਅੱਲਾ ਦਿੱਤਾ ਨੂੰ ਪੁਛੇ ਕਿ ਉਸ ਨੇ ਗ਼ਲਤ ਗੱਲ ਕਿਉਂ ਕਹੀ ਏ।

ਖਿਜ਼ਰ ਖ਼ਾਨ ਜਦ ਘਰ ਪੁੱਜਾ ਤਾਂ ਅੱਲਾ ਦਿੱਤਾ ਉਥੇ ਨਹੀਂ ਸੀ। ਉਹ ਬਾਹਰ ਬਾਜ਼ਾਰ ਵੱਲ ਨਿਕਲ ਗਿਆ ਸੀ। ਖਿਜ਼ਰ ਖ਼ਾਨ ਉਹਦੇ ਪਿਛੇ ਪਿਛੇ ਲੱਭਣ ਲਈ ਚੱਲ ਪਿਆ। ਉਸਨੂੰ ਹੋਰ ਸ਼ੱਕ ਪੈ ਗਿਆ ਕਿ ਅੱਲਾ ਦਿੱਤਾ ਜ਼ਰੂਰ ਸਿੱਖਾਂ ਦਾ ਜਾਸੂਸ ਏ, ਇਸ ਲਈ ਉਹ ਕਿਸੇ ਗੁਪਤ ਕਾਰਵਾਈ ਲਈ ਆਇਆ ਹੋਵੇਗਾ, ਉਸ ਨੂੰ ਇਹ ਵੀ ਡਰ ਸੀ ਜੇਕਰ ਕਿਧਰੇ ਅੱਲਾ ਦਿੱਤਾ ਫੜਿਆ ਗਿਆ ਤਾਂ ਇਹ ਪਤਾ ਲੱਗ ਜਾਏਗਾ ਕਿ ਉਹ ਮੇਰੇ ਘਰ ਰਿਹਾ ਏ ਤਾਂ ਮੈਂ ਵੀ ਫਸ ਜਾਵਾਂਗਾ। ਇਸ ਲਈ ਉਹ ਬੜੀ ਘਬਰਾਹਟ ਵਿਚ ਉਹਦਾ ਪਿੱਛਾ ਕਰਦਾ ਗਿਆ।

ਇਸ ਦਿਨ ਬਾਹਰੋਂ ਬਹੁਤ ਸਾਰੇ ਸਿਖ ਫੜ ਕੇ ਲਿਆਂਦੇ ਗਏ ਸਨ, ਜਿਨ੍ਹਾਂ ਨੂੰ ਕਤਲ ਕੀਤਾ ਜਾਣਾ ਸੀ। ਮੀਰ ਮੰਨੂ ਨੇ ਹੁਕਮ ਦੇ ਦਿੱਤਾ ਸੀ ਕਿ ਜੋ ਵੀ ਆਦਮੀ ਜੀਉਂਦੇ ਜਾਂ ਮੋਏ ਸਿਖ ਦਾ ਸਿਰ ਲਿਆਏਗਾ, ਉਹਨੂੰ ਸਰਕਾਰ ਵਲੋਂ ਇਨਾਮ ਦਿੱਤਾ ਜਾਵੇਗਾ। ਕਈ ਆਦਮੀ ਸਿੱਖਾਂ ਦੇ ਸਿਰ ਵੱਢ ਕੇ ਲਿਆ ਰਹੇ ਸਨ। ਕੁਝ ਸਿਖ ਜੀਉਂਦੇ ਫੜੇ ਗਏ ਸਨ, ਉਹਨਾਂ ਨੂੰ ਅੱਜ ਸਵੇਰੇ ਹੀ ਫ਼ੌਜੀ ਦਸਤੇ ਲਾਹੌਰ ਲਿਆਏ ਸਨ। ਮੀਰ ਮੰਨੂ ਨੇ ਸ਼ਹਿਰ ਵਿਚ ਮਨਾਦੀ ਕਰਾ ਦਿੱਤੀ ਸੀ ਕਿ ਅੱਜ ਦੁਪਹਿਰ ਨੂੰ ਇਹਨਾਂ ਸਿੱਖਾਂ ਨੂੰ ਕਤਲ ਕੀਤਾ ਜਾਏਗਾ। ਸ਼ਹਿਰ ਦੇ ਬਹੁਤ ਸਾਰੇ ਲੋਕੀਂ ਸਿੱਖਾਂ ਦਾ ਕਤਲੇ-ਆਮ ਦੇਖਣ ਲਈ ਉਸ ਮੈਦਾਨ ਵਿਚ ਜਾ ਰਹੇ ਸਨ, ਜਿਧਰ ਦਸਿਆ ਗਿਆ ਸੀ।

ਇਸ ਭੀੜ ਵਿਚ ਇਕ ਆਦਮੀ ਤੋਂ ਅੱਲਾ ਦਿੱਤਾ ਨੇ ਪੁਛਿਆ, "ਕਿਧਰ ਜਾ ਰਹੇ ਹਨ ਇਹ ਸਾਰੇ ਲੋਕੀਂ ?"

"ਤੈਨੂੰ ਨਹੀਂ ਪਤਾ, ਅੱਜ ਸਿੱਖਾਂ ਨੂੰ ਕਤਲ ਕੀਤਾ ਜਾਣਾ ਏ ? ਸ਼ਹਿਰ ਵਿਚ ਹੁਣੇ ਡੌਂਡੀ ਦਿੱਤੀ ਜਾ ਰਹੀ ਸੀ।" ਉਸ ਆਦਮੀ ਨੇ ਕਿਹਾ ਤੇ ਆਪ ਅੱਗੇ ਟੁਰ ਗਿਆ।

ਅੱਲਾ ਦਿੱਤਾ ਵੀ ਉਧਰ ਨੂੰ ਚੱਲ ਪਿਆ। ਜਦ ਉਹ ਮੈਦਾਨ ਵਿਚ ਪੁੱਜਾ ਤਾਂ

ਦੇਖ ਕੇ ਬੜਾ ਹੈਰਾਨ ਹੋਇਆ ਕਿ ਸਾਹਮਣੇ ਮੈਦਾਨ ਵਿਚ ਦੋ ਥੰਮ੍ਹੀਆਂ ਗੱਡੀਆਂ ਹੋਈਆਂ ਸਨ, ਜਿਨ੍ਹਾਂ ਉਪਰ ਇਕ ਵੱਡੀ ਗੇਲੀ ਪਈ ਹੈ। ਉਸ ਦੇ ਨੇੜੇ ਹੀ ਇਕ ਪਾਸੇ ਰੱਸਿਆਂ ਤੇ ਸੰਗਲਾਂ ਨਾਲ ਬੱਧੇ ਬਹੁਤ ਸਾਰੇ ਸਿਖ ਖੜੇ ਸਨ। ਇਹਨਾਂ ਵਿਚੋਂ ਬਹੁਤਿਆਂ ਦੇ ਕੱਪੜੇ ਪਾਟੇ ਹੋਏ ਤੇ ਉਮਰ ਦੇ ਪਖੋਂ ਕੋਈ ੫੦ ਤੋਂ ਘੱਟ ਨਹੀਂ ਸੀ। ਉਹਨਾਂ ਦੇ ਆਸੇ ਪਾਸੇ ਫ਼ੌਜੀ ਬੰਦੂਕਾਂ ਤੇ ਡਾਂਗਾਂ ਲਈ ਪਾਲਾਂ ਬੰਨ੍ਹੀ ਖਲੋਤੇ ਸਨ।

ਝਟ ਪਿਛੋਂ ਕੁਝ ਘੋੜ-ਸਵਾਰ ਆਏ, ਉਹਨਾਂ ਦੇ ਅੱਗੇ ਅੱਗੇ ਇਕ ਚਮਕੀਲੀ ਪੁਸ਼ਾਕ ਪਾਈ ਨਵਾਬ ਆ ਰਿਹਾ ਸੀ। ਉਹਦੇ ਘੋੜੇ ਤੋਂ ਉਤਰਦਿਆਂ ਹੀ ਦੋ ਸਿਪਾਹੀਆਂ ਨੇ ਅੱਗੇ ਵਧ ਕੇ ਘੋੜਾ ਫੜ ਲਿਆ ਤੇ ਉਹ ਲੋਕਾਂ ਦੀ ਭੀੜ ਤੋਂ ਅੱਗੇ ਲੰਘ ਕੇ ਸਿਖ ਕੈਦੀਆਂ ਦੇ ਨੇੜੇ ਚਲਾ ਗਿਆ। ਉਥੇ ਉਸ ਸਾਰਿਆਂ ਵੱਲ ਇਕ ਨਜ਼ਰ ਮਾਰੀ ਤੇ ਫਿਰ ਪਿਛੇ ਹੱਟ ਗਿਆ।

ਇਕ ਮੌਲਵੀ ਸਾਹਿਬ ਅੱਗੇ ਵਧੇ ਤਾਂ ਉਹਨਾਂ ਪੁਛਿਆ, "ਦੱਸੋ, ਹਜ਼ੂਰ ਕਿਸ ਤਰ੍ਹਾਂ ਕੀਤਾ ਜਾਏ ? ਇਹਨਾਂ ਵਿਚੋਂ ਕੋਈ ਵੀ ਇਸਲਾਮ ਕਬੂਲ ਨਹੀਂ ਕਰਦਾ। ਸਾਰਿਆਂ ਨੇ ਅੱਗੋਂ ਠੋਕ ਕੇ ਜਵਾਬ ਦੇ ਦਿੱਤਾ ਹੈ।"

"ਮੈਨੂੰ ਇਹ ਤਾਂ ਪਤਾ ਏ ਕਿ ਇਹਨਾਂ ਨਹੀਂ ਮੰਨਣਾ। ਇਹਨਾਂ ਦੀਆਂ ਜ਼ਨਾਨੀਆਂ ਵਿਚੋਂ ਇਕ ਨੇ ਵੀ ਹੁਣ ਤਕ ਮਾਫ਼ੀ ਨਹੀਂ ਮੰਗੀ, ਇਹ ਕਿਸ ਤਰ੍ਹਾਂ ਮੰਨ ਸਕਦੇ ਹਨ।" ਮੀਰ ਮੰਨੂ ਨੇ ਕਿਹਾ, "ਤੁਸੀਂ ਉਸੇ ਤਰ੍ਹਾਂ ਕਰੋ ਜਿਵੇਂ ਮੈਂ ਕਿਹਾ ਸੀ। ਇਹਨਾਂ ਨੂੰ ਲੋਕਾਂ ਸਾਹਮਣੇ ਕਤਲ ਕਰ ਦਿਓ, ਤਾਕਿ ਸਾਰੇ ਦੇਸ਼ ਵਿਚ ਪਤਾ ਲੱਗ ਜਾਏ ਕਿ ਇਹਨਾਂ ਬਾਗ਼ੀਆਂ ਦਾ ਅੰਤ ਕਿਸ ਤਰ੍ਹਾਂ ਹੁੰਦਾ ਹੈ।"

"ਬਹੁਤ ਅੱਛਾ!" ਕਹਿ ਕੇ ਮੌਲਵੀ ਸਾਹਿਬ ਪਿਛੇ ਹੱਟ ਗਏ। ਇਕ ਵਧੀਆ ਗੱਦੇਦਾਰ ਮੂਹੜਾ ਆ ਗਿਆ ਤੇ ਮੀਰ ਮੰਨੂ ਉਸ ਉਤੇ ਬੈਠ ਗਿਆ। ਹੁੱਕਾ ਵੀ ਲੈ ਆਂਦਾ ਗਿਆ ਤੇ ਉਹਦੀ ਨੜੀ ਮੀਰ ਮੰਨੂ ਫੜਾ ਦਿੱਤੀ ਗਈ।

ਤਿੰਨਾਂ ਸਿੱਖਾਂ ਨੂੰ ਅੱਗੇ ਲਿਆਂਦਾ ਗਿਆ। ਮੀਰ ਮੰਨੂ ਨੇ ਉਹਨਾਂ ਨੂੰ ਕਿਹਾ, "ਤੁਹਾਡੇ ਸਾਹਮਣੇ ਉਹ ਗੱਡੀਆਂ ਥੰਮ੍ਹੀਆਂ ਪਤਾ ਜੇ ਕਾਹਦੇ ਲਈ ਹਨ ? ਜੇ ਤੁਸੀਂ ਸਾਡੇ ਆਖੇ ਲੱਗਣ ਲਈ ਤਿਆਰ ਨਹੀਂ ਤਾਂ ਹੁਣੇ ਤੁਹਾਨੂੰ ਉਹਨਾਂ ਨਾਲ ਖੜਾ ਕਰਕੇ ਮਾਰ ਦਿੱਤਾ ਜਾਵੇਗਾ। ਇਕ ਪਾਸੇ ਜ਼ਿੰਦਗੀ ਤੇ ਇਕ ਪਾਸੇ ਮੌਤ ਜੇ। ਹੁਣ ਚੁਣ ਲਓ, ਜਿਸ ਨੂੰ ਚੁਣਨਾ ਚਾਹੁੰਦੇ ਹੋ।"

"ਅਸੀਂ ਰਾਹ ਚੁਣ ਚੁਕੇ ਹਾਂ, ਜਿਸ ਦਿਨ ਅੰਮ੍ਰਿਤਪਾਨ ਕੀਤਾ ਸੀ, ਉਸੇ ਦਿਨ ਅਸੀਂ ਆਪਣਾ ਸੀਸ ਸਤਿਗੁਰੂ ਨੂੰ ਭੇਟ ਕਰ ਚੁਕੇ ਹਾਂ। ਹੁਣ ਇਹ ਤਾਂ ਉਸਦੀ ਅਮਾਨਤ ਹੈ ਜੇ ਉਹ ਵਾਪਸ ਲੈਣਾ ਚਾਹੁੰਦੇ ਹਨ ਤਾਂ ਲੈ ਲੈਣ। ਅਸੀਂ ਤਾਂ ਸ਼ੁਕਰ ਕਰਾਂਗੇ ਕਿ

ਫ਼ਰਜ਼ ਪੂਰਾ ਹੋ ਗਿਆ ਹੈ!" ਇਕ ਸਿੰਘ ਨੇ ਬੜੀ ਗਰਜਵੀਂ ਆਵਾਜ਼ ਵਿਚ ਕਿਹਾ।

"ਲੈ ਜਾਓ ਇਹਨਾਂ ਨੂੰ ਕਤਲ ਕਰ ਦਿਓ ਹੁਣੇ।" ਮੀਰ ਮੰਨੂ ਨੇ ਬੜੇ ਗੁੱਸੇ ਨਾਲ ਕਿਹਾ। ਉਹਨਾਂ ਤਿੰਨਾਂ ਨੂੰ ਸਿਪਾਹੀ ਫੜ ਕੇ ਲੈ ਗਏ ਤੇ ਉਹਨਾਂ ਥੰਮ੍ਹੀਆਂ ਦੇ ਵਿਚਕਾਰ ਲਾਈ ਵੱਡੀ ਸਾਰੀ ਗੇਲੀ 'ਤੇ ਉਹਨਾਂ ਦੀਆਂ ਗਰਦਨਾਂ ਰੱਖ ਦਿੱਤੀਆਂ। ਮੌਲਵੀ ਦਾ ਖ਼ਿਆਲ ਸੀ ਕਿ ਜਦ ਉਹਨਾਂ ਨੂੰ ਇਸ ਤਰ੍ਹਾਂ ਕਤਲ ਵਾਲੇ ਟਿਕਾਣੇ 'ਤੇ ਰੱਖ ਦਿੱਤਾ ਜਾਏਗਾ ਤਾਂ ਉਹਨਾਂ ਦੇ ਮਨ ਡੋਲ ਜਾਣਗੇ ਤੇ ਉਹ ਹਰ ਸ਼ਰਤ ਮੰਨਣ ਲਈ ਤਿਆਰ ਹੋ ਜਾਣਗੇ, ਪਰ ਸਿੰਘਾਂ ਨੇ ਅੱਖਾਂ ਬੰਦ ਕਰ ਲਈਆਂ ਤੇ ਪਾਠ ਸ਼ੁਰੂ ਕਰ ਦਿੱਤਾ।

ਜੱਲਾਦ ਆ ਗਏ। ਇਕ ਨੇ ਆਉਂਦਿਆਂ ਜ਼ੋਰ ਨਾਲ ਟਕੂਏ ਵਰਗੇ ਹਥਿਆਰ ਨਾਲ ਵਾਰ ਕੀਤਾ ਤੇ ਇਕ ਸਿੰਘ ਦਾ ਸਿਰ ਧੜ ਤੋਂ ਵੱਖ ਹੋ ਗਿਆ। ਸੀਸ ਦੋ ਫੁਟ ਤੋਂ ਦੂਰ ਪਰੇ ਜਾ ਪਿਆ। ਖ਼ੂਨ ਦੀਆਂ ਧਾਰਾਂ ਦੂਰ ਦੂਰ ਤਕ ਗਈਆਂ। ਇਸੇ ਤਰ੍ਹਾਂ ਤਿੰਨੇ ਸਿੰਘ ਮਾਰ ਦਿਤੇ ਗਏ।

ਅੱਲਾ ਦਿੱਤਾ ਦਾ ਮਨ ਬੜਾ ਦੁਖੀ ਹੋਇਆ ਤੇ ਉਹਨੂੰ ਗੁੱਸਾ ਚੜ੍ਹ ਗਿਆ। ਉਹਦਾ ਜੀਅ ਕੀਤਾ ਕਿ ਉਹ ਉੱਠ ਕੇ ਹੁਣੇ ਕਹਿ ਦੇਵੇ ਕਿ ਇਸ ਤਰ੍ਹਾਂ ਦੀ ਕਰਤੂਤ ਨਾਲ ਕੋਈ ਮੁਸਲਮਾਨ ਸੁਆਬ ਨਹੀਂ ਪ੍ਰਾਪਤ ਕਰ ਸਕਦਾ। ਇਹ ਭੁਲੇਖਾ ਏ ਕਿ ਦੂਜਿਆਂ ਨੂੰ ਜਬਰੀ ਮੁਸਲਮਾਨ ਬਣਾਣਾ ਕੋਈ ਏ; ਚੰਗਾ ਕੰਮ ਏ। ਇਹ ਮਨੁੱਖਤਾ ਤੋਂ ਡਿੱਗਾ ਹੋਇਆ ਨੀਚਤਾ ਭਰਿਆ ਕੰਮ ਏ, ਪਰ ਉਹ ਚੁੱਪ ਰਿਹਾ, ਕਿਉਂਕਿ ਉਹ ਸਮਝਦਾ ਸੀ ਕਿ ਇਹ ਇਸ ਸਮੇਂ ਰਾਜ ਦੇ ਨਸ਼ੇ ਵਿਚ ਅੰਨ੍ਹੇ ਹੋਏ ਪਏ ਹਨ। ਇਨ੍ਹਾਂ ਨੂੰ ਕਿਸੇ ਦੀ ਮਤ ਦੀ ਗੱਲ ਵੀ ਕੌੜੀ ਲਗਦੀ ਏ।

ਹੋਰ ਤਿੰਨ ਸਿੰਘ ਅਗੇ ਲਿਆ ਕੇ ਪਹਿਲਾਂ ਵਾਂਗ ਹੀ ਖੜੇ ਕਰ ਕੇ ਮਾਰ ਦਿੱਤੇ ਗਏ। ਇਸ ਤਰ੍ਹਾਂ ਦੋ-ਦੋ, ਤਿੰਨ-ਤਿੰਨ ਲਿਆ ਕੇ ਕਈ ਜੋਟੀਆਂ ਮਾਰ ਦਿੱਤੀਆਂ ਗਈਆਂ। ਸਿੰਘਾਂ ਦੀਆਂ ਲਾਸ਼ਾਂ ਦੇ ਢੇਰ ਲੱਗ ਗਏ।

ਅੱਲਾ ਦਿੱਤਾ ਤੋਂ ਇਹ ਸਾਰਾ ਦ੍ਰਿਸ਼ ਦੇਖਿਆ ਨਾ ਜਾ ਸਕਿਆ ਤੇ ਉਹ ਉੱਠ ਕੇ ਪਿਛੇ ਹਟ ਗਿਆ। ਉਹਦਾ ਦਿਲ ਖ਼ਰਾਬ ਹੋਣ ਲੱਗ ਪਿਆ, ਜਿਸ ਕਾਰਨ ਉਹ ਬਾਜ਼ਾਰ ਵਲ ਚੱਲ ਪਿਆ।

ਅਜੇ ਉਹ ਲੋਕਾਂ ਦੀ ਭੀੜ ਵਿਚੋਂ ਪਿਛੇ ਹਟਿਆ ਹੀ ਸੀ ਕਿ ਉਹਨੂੰ ਲਭਦਾ ਲਭਦਾ ਖਿਜ਼ਰ ਖ਼ਾਨ ਉਥੇ ਆ ਗਿਆ। ਉਸ ਆਉਂਦਿਆਂ ਹੀ ਅੱਲਾ ਦਿੱਤਾ ਨੂੰ ਬਾਹੋਂ ਫੜ ਲਿਆ ਤੇ ਬੜੇ ਗੁੱਸੇ ਨਾਲ ਇਕ ਪਾਸੇ ਖਿਚਿਆ। ਅੱਲਾ ਦਿੱਤਾ ਹੈਰਾਨ ਹੋ ਗਿਆ ਕਿ ਖਿਜ਼ਰ ਖ਼ਾਨ ਨੂੰ ਕੀ ਹੋ ਗਿਆ ਏ। ਉਸ ਪੁਛਿਆ, "ਕੀ ਗੱਲ ਏ, ਅੱਜ ਤੂੰ ਨੌਕਰੀ 'ਤੇ ਨਹੀਂ ਗਿਆ? ਇਧਰ ਉਧਰ ਫਿਰਦਾ ਏਂ?"

"ਤੈਨੂੰ ਢੂੰਡਦਾ ਫਿਰਦਾ ਹਾਂ," ਖਿਜ਼ਰ ਖ਼ਾਨ ਨੇ ਗੁੱਸੇ ਨਾਲ ਕਿਹਾ, "ਕਿਉਂ ਮਰਵਾਉਣਾ ਏਂ ਮੈਨੂੰ ਭੀ ਨਾਲ ਆਪਣੇ!"

"ਕੀ ਗੱਲ ਹੋ ਗਈ ਏ?" ਅੱਲਾ ਦਿੱਤਾ ਨੇ ਝਟ ਕਿਹਾ, ਪਰ ਉਹਨੂੰ ਦਿਲੋਂ ਖੁੜਕ ਗਈ ਕਿ ਜ਼ਰੂਰ ਇਹਨੂੰ ਸਾਡਾ ਭੇਦ ਪਤਾ ਲੱਗ ਗਿਆ ਹੋਵੇਗਾ।

"ਦੱਸਾਂ ਕੀ, ਮੈਨੂੰ ਤੇਰੇ ਤੋਂ ਇਹ ਆਸ ਨਹੀਂ ਸੀ ਕਿ ਤੂੰ ਵੀ ਇਤਨਾ ਝੂਠਾ ਬਣ ਸਕਦਾ ਏਂ। ਕੱਲ੍ਹ ਤੇਰੇ ਨਾਲ ਜਿਹੜਾ ਵਪਾਰੀ ਆਇਆ ਸੀ ਉਹ ਕੌਣ ਸੀ?" ਖਿਜ਼ਰ ਖ਼ਾਨ ਨੇ ਪੁਛਿਆ।

ਅੱਲਾ ਦਿੱਤਾ ਨੂੰ ਹੁਣ ਪੱਕਾ ਪਤਾ ਲਗ ਗਿਆ ਕਿ ਖਿਜ਼ਰ ਖ਼ਾਨ ਨੂੰ ਜ਼ਰੂਰ ਪਤਾ ਲੱਗਾ ਗਿਆ ਏ, ਪਰ ਉਹ ਹੈਰਾਨ ਸੀ ਕਿ ਇਹ ਭੇਦ ਕਿਵੇਂ ਖੁਲ੍ਹ ਗਿਆ ਏ! ਅੱਲਾ ਦਿੱਤਾ ਨੇ ਸਿਰ ਨੀਵਾਂ ਕਰ ਲਿਆ ਤੇ ਉਹਦੀ ਗੱਲ ਦਾ ਕੋਈ ਉੱਤਰ ਨਾ ਦਿੱਤਾ। ਖਿਜ਼ਰ ਖ਼ਾਨ ਨੇ ਫਿਰ ਆਪ ਹੀ ਕਿਹਾ, "ਤੂੰ ਕਹਿੰਦਾ ਸੀ ਕਿ ਰਾਜਪੂਤਾਨੇ ਦਾ ਵਪਾਰੀ ਏ। ਮੈਂ ਵੀ ਹੈਰਾਨ ਸਾਂ ਕਿ ਉਥੋਂ ਦਾ ਵਪਾਰੀ ਇਸ ਦਾ ਕਿਵੇਂ ਮਿੱਤਰ ਏ। ਹੁਣ ਪਤਾ ਲੱਗਾ ਕਿ ਉਹ ਵਪਾਰੀ ਨਹੀਂ, ਸਗੋਂ ਸਿਖ ਸੀ।"

ਅੱਲਾ ਦਿੱਤਾ ਨੇ ਆਪਣੀ ਕਮਜ਼ੋਰੀ ਛੁਪਾਂਦਿਆਂ ਕਿਹਾ, "ਤੈਨੂੰ ਕਿਵੇਂ ਪਤਾ ਏ ਉਹ ਸਿਖ ਸੀ?"

"ਮੈਂ ਆਪ ਵੇਖਿਆ ਏ।" ਖ਼ਿਜਰ ਖ਼ਾਨ ਨੇ ਕਿਹਾ।

"ਕਿਥੇ?" ਬੜੀ ਹੈਰਾਨਗੀ ਨਾਲ ਅੱਲਾ ਦਿੱਤਾ ਨੇ ਪੁਛਿਆ।

"ਕੋਤਵਾਲੀ ਵਿਚ ਡੱਕਿਆ ਹੋਇਆ ਏ।" ਖਿਜ਼ਰ ਖ਼ਾਨ ਨੇ ਦਸਿਆ।

"ਨਹੀਂ, ਉਹ ਤਾਂ ਰਾਤ ਦਾ ਤੁਰ ਗਿਆ ਏ। ਇਸ ਵੇਲੇ ਤਾਂ ਉਹ ਲਾਹੌਰ ਤੋਂ ਦੂਰ ਕਿਧਰੇ ਜਾ ਚੁਕਿਆ ਹੋਵੇਗਾ।" ਅੱਲਾ ਦਿੱਤਾ ਨੇ ਕਿਹਾ।

"ਨਹੀਂ ਜੀ, ਉਹ ਰਾਤ ਨੂੰ ਹੀ ਕਾਬੂ ਆ ਗਿਆ ਸੀ। ਮੈਂ ਉਹਦੇ ਚੰਗੀ ਤਰ੍ਹਾਂ ਦਰਸ਼ਨ ਕਰ ਆਇਆ ਹਾਂ। ਹੁਣੇ ਉਹਨੂੰ ਤੇਰੇ ਸਾਹਮਣੇ ਲਿਆ ਕੇ ਮਾਰ ਦਿਤਾ ਜਾਏਗਾ। ਦੇਖ ਲਈਂ ਆਪਣੀ ਅੱਖੀਂ ਉਹਨੂੰ।" ਖਿਜ਼ਰ ਖ਼ਾਨ ਨੇ ਇਹ ਗੱਲ ਇਸ ਲਈ ਕਹੀ ਤਾਕਿ ਪਤਾ ਲਗ ਜਾਏ ਕਿ ਅੱਲਾ ਦਿੱਤਾ ਤੇ ਉਸ ਦਾ ਕਿਤਨਾ ਕੁ ਪਿਆਰ ਏ ਤੇ ਕੀ ਕਾਰਨ ਇਹਨਾਂ ਦੀ ਮਿੱਤਰਤਾ ਦਾ?"

"ਹੈਂ, ਉਹਨੂੰ ਮਾਰ ਦੇਣਗੇ!" ਅੱਲਾ ਦਿੱਤਾ ਨੇ ਕਿਹਾ।

"ਜੀ ਆਂ!" ਖਿਜ਼ਰ ਖ਼ਾਨ ਨੇ ਕਿਹਾ, "ਮੈਨੂੰ ਇਹ ਦੱਸ ਕਿ ਤੂੰ ਇਹਨਾਂ ਕਾਫ਼ਰਾਂ ਦਾ ਯਾਰ ਕਦੋਂ ਦਾ ਬਣ ਗਿਆ ਏਂ?"

"ਕਿਨ੍ਹਾਂ ਕਾਫ਼ਰਾਂ ਦਾ?"

"ਸਿੱਖਾਂ ਦਾ।"

"ਮੈਂ ਸਿੱਖਾਂ ਦਾ ਕੋਈ ਯਾਰ ਨਹੀਂ, ਮੈਂ ਤਾਂ ਮਨੁੱਖਤਾ ਦਾ ਯਾਰ ਹਾਂ। ਮਨੁੱਖ ਭਾਵੇਂ ਕਿਸੇ ਮਜ਼ਹਬ ਦਾ ਹੋਵੇ, ਫਿਰ ਇਸ ਗੁਲਾਬ ਸਿੰਘ ਦੀ ਤਾਂ ਗੱਲ ਈ ਹੋਰ ਏ। ਇਸ ਦਾ ਮੇਰੇ ਸਿਰ ਇਤਨਾ ਵੱਡਾ ਅਹਿਸਾਨ ਏ ਕਿ ਮੈਂ ਸਾਰੀ ਉਮਰ ਲਾਹ ਨਹੀਂ ਸਕਦਾ। ਇਹ ਨਾ ਹੁੰਦਾ ਤਾਂ ਅੱਜ ਤੂੰ ਮੈਨੂੰ ਮਿਲ ਨਾ ਸਕਦਾ, ਮੈਂ ਕਦੋਂ ਦਾ ਮਰ ਗਿਆ ਹੁੰਦਾ। ਇਸ ਤਰ੍ਹਾਂ ਦੇ ਯਾਰ ਤਾਂ ਰੱਬ ਸਾਰਿਆਂ ਨੂੰ ਦੇਵੇ। ਤੂੰ ਇਸ ਤਰ੍ਹਾਂ ਕਿਉਂ ਸੋਚਦਾ ਏਂ ਕਿ ਇਹ ਸਿਖ ਏ। ਸਾਰੇ ਸਿਖ ਮਾੜੇ ਨਹੀਂ ਹੁੰਦੇ।" ਅੱਲਾ ਦਿੱਤਾ ਨੇ ਇਸ ਤਰ੍ਹਾਂ ਦੀਆਂ ਫ਼ਰਜ਼ੀ ਗੱਲਾਂ ਘੜ ਕੇ ਖਿਜ਼ਰ ਖ਼ਾਨ ਨੂੰ ਸੁਣਾਈਆਂ ਕਿ ਉਹਦੇ ਮਨ ਵਿਚ ਗੁਲਾਬ ਸਿੰਘ ਲਈ ਹਮਦਰਦੀ ਜਾਗ ਪਈ। ਉਹ ਝਟ ਕੁ ਪਹਿਲਾਂ ਇਹ ਸੋਚਦਾ ਸੀ ਕਿ ਉਹ ਅੱਲਾ ਦਿੱਤਾ ਨੂੰ ਵੀ ਘਰੋਂ ਕੱਢ ਦੇਵੇਗਾ। ਅਜਿਹੇ ਭੈੜੇ ਆਦਮੀ ਨੂੰ ਘਰ ਰਖਣਾ ਠੀਕ ਨਹੀਂ, ਪਰ ਜਦ ਅੱਲਾ ਦਿੱਤਾ ਤੋਂ ਗੁਲਾਬ ਸਿੰਘ ਦੇ ਪਰਉਪਕਾਰਾਂ ਦੀਆਂ ਗੱਲਾਂ ਸੁਣੀਆਂ ਤਾਂ ਉਹ ਠੰਢਾ ਹੋ ਗਿਆ।

"ਚੱਲ ਘਰ ਚੱਲੀਏ", ਖਿਜ਼ਰ ਖ਼ਾਨ ਨੇ ਕਿਹਾ। ਘਰ ਆ ਕੇ ਡਿਉਢੀ ਦਾ ਦਰਵਾਜ਼ਾ ਬੰਦ ਕਰ ਲਿਆ ਤੇ ਅੱਲਾ ਦਿੱਤਾ ਨੂੰ ਸਾਹਮਣੇ ਮੰਜੇ 'ਤੇ ਬਿਠਾ ਕੇ ਖਿਜ਼ਰ ਖ਼ਾਨ ਨੇ ਕਿਹਾ, "ਦੱਸੋ ਮੈਨੂੰ ਪਹਿਲਾਂ ਤੁਸੀਂ ਆਏ ਕਿਧਰ ਸੀ?"

"ਸੱਚੀ ਗੱਲ ਤੇਰੇ ਤੋਂ ਹੁਣ ਨਹੀਂ ਛੁਪਾ ਸਕਦਾ। ਮੈਂ ਤੇ ਗੁਲਾਬ ਸਿੰਘ ਇਥੇ ਉਹਦੇ ਟੱਬਰ ਦਾ ਪਤਾ ਕਰਨ ਆਏ ਸਾਂ। ਫ਼ੌਜ ਉਹਦਾ ਟੱਬਰ ਫੜ ਲਿਆਈ ਏ ਤੇ ਉਸ ਦਾ ਪਤਾ ਕਰਨ ਹੀ ਅਸੀਂ ਆਏ ਸਾਂ।" ਅੱਲਾ ਦਿੱਤਾ ਨੇ ਦਸਿਆ।

"ਹੂੰ, ਹੁਣ ਤਾਂ ਟੱਬਰ ਲਭਦਾ ਉਹ ਆਪ ਫਸ ਗਿਆ ਏ।" ਖਿਜ਼ਰ ਖ਼ਾਨ ਨੇ ਕਿਹਾ।

"ਯਾਰੀ ਦਾ ਸਵਾਦ ਤਾਂ ਏਂ, ਜੇਕਰ ਉਹਨੂੰ ਛੁਡਾ ਦੇਵੇਂ। ਉਹ ਨਾ ਬਚਿਆ ਤਾਂ ਮੈਂ ਵੀ ਪਿੰਡ ਨਹੀਂ ਜਾ ਸਕਾਂਗਾ। ਪਿੰਡ ਵਿਚ ਇਤਨਾ ਵੈਰ ਵਧ ਗਿਆ ਏ ਕਿ ਮੇਰੀ ਕਿਸੇ ਨੇ ਹੱਡੀ ਨਹੀਂ ਛਡਣੀ। ਗੁਲਾਬ ਸਿੰਘ ਬਚ ਜਾਏ ਤਾਂ ਮੇਰੀ ਵਾ ਵਲ ਵੀ ਕੋਈ ਨਹੀਂ ਦੇਖ ਸਕਦਾ।" ਅੱਲਾ ਦਿੱਤਾ ਨੇ ਕਿਹਾ।

"ਮੈਂ ਕੋਸ਼ਿਸ਼ ਕਰਕੇ ਦੇਖ ਲੈਂਦਾ ਹਾਂ, ਪਰ ਮੈਨੂੰ ਆਸ ਨਹੀਂ ਕਿ ਗੁਲਾਬ ਸਿੰਘ ਬਚ ਸਕੇ। ਇਹ ਤਾਂ ਮੈਨੂੰ ਪਤਾ ਏ ਕਿ ਉਹਨੂੰ ਅੱਜ ਨਹੀਂ ਮਾਰਿਆ ਜਾ ਰਿਹਾ।" ਖਿਜ਼ਰ ਖ਼ਾਨ ਨੇ ਕਿਹਾ।

"ਪਹਿਲਾਂ ਤਾਂ ਤੂੰ ਕਿਹਾ ਸੀ ਕਿ ਅੱਜ ਹੀ ਉਹਨੂੰ ਮਾਰ ਦਿੱਤਾ ਜਾਏਗਾ, ਪਰ ਹੁਣ ਕੁਝ ਹੋਰ ਦੱਸੀ ਜਾਂਦਾ ਏਂ।" ਅੱਲਾ ਦਿੱਤਾ ਨੇ ਹੈਰਾਨੀ ਨਾਲ ਕਿਹਾ।

"ਉਹ ਤਾਂ ਮੈਂ ਤੇਰੇ ਤੋਂ ਸਾਰੀ ਗੱਲ ਸਮਝਣ ਲਈ ਕਿਹਾ ਸੀ। ਮੈਂ ਸਵੇਰ ਦਾ ਬੜਾ ਪ੍ਰੇਸ਼ਾਨ ਸਾਂ ਕਿ ਗੱਲ ਕੀ ਏ। ਜੇ ਤੂੰ ਮੈਨੂੰ ਪਹਿਲਾਂ ਹੀ ਦੱਸ ਦੇਂਦਾ ਤਾਂ ਗੱਲ ਇਥੋਂ ਤਕ ਨਹੀਂ ਸੀ ਜਾਣੀ।" ਖਿਜ਼ਰ ਖ਼ਾਨ ਨੇ ਕਿਹਾ।

"ਮੈਂ ਇਸੇ ਖ਼ਿਆਲ ਨਾਲ ਗੱਲ ਨਹੀਂ ਸੀ ਦੱਸੀ ਕਿ ਤੂੰ ਸਰਕਾਰੀ ਨੌਕਰ ਏਂ ਤੇ ਉਂਝ ਵੀ ਸਿੱਖਾਂ ਬਾਰੇ ਤੇਰੇ ਮਨ ਵਿਚ ਮਾੜੇ ਵਿਚਾਰ ਨੇ, ਇਸ ਲਈ ਡਰ ਗਿਆ ਸਾਂ।" ਅੱਲਾ ਦਿੱਤਾ ਨੇ ਸਾਫ਼ ਕਿਹਾ।

"ਗੱਲ ਤਾਂ ਤੇਰੀ ਠੀਕ ਏ," ਖਿਜ਼ਰ ਖ਼ਾਨ ਨੇ ਕਿਹਾ, "ਮੈਂ ਸਿੱਖਾਂ ਨੂੰ ਕਾਫ਼ਰ ਸਮਝਦਾ ਹਾਂ, ਪਰ ਇਹ ਤਾਂ ਤੇਰੀ ਗੱਲ ਸੀ। ਤੇਰਾ ਯਾਰ ਮੇਰਾ ਵੀ ਯਾਰ ਏ। ਜਿਸ ਤੇਰੀ ਮਦਦ ਕੀਤੀ ਏ, ਉਸਦੀ ਮਦਦ ਕਰਨਾ ਤੇਰੇ ਹਰ ਯਾਰ ਦਾ ਕੰਮ ਏਂ।"

"ਬਹੁਤ ਅੱਛਾ!" ਅੱਲਾ ਦਿੱਤਾ ਨੇ ਕਹਿੰਦਿਆਂ ਉਹਨੂੰ ਗਲਵਕੜੀ ਪਾ ਲਈ।

"ਅੱਜ ਸ਼ਾਮ ਨੂੰ ਮੇਰੇ ਨਾਲ ਚੱਲੀਂ ਤੇ ਅਸੀਂ ਯਤਨ ਕਰਾਂਗੇ ਕਿ ਉਹਨੂੰ ਛੁਡਾ ਲਈਏ।" ਖਿਜ਼ਰ ਖ਼ਾਨ ਨੇ ਕਿਹਾ ਤੇ ਆਪ ਉੱਠ ਕੇ ਬਾਹਰ ਚਲਾ ਗਿਆ। ਸਵੇਰ ਦਾ ਉਹ ਅਜੇ ਤਕ ਕੰਮ 'ਤੇ ਨਹੀਂ ਸੀ ਗਿਆ, ਇਸ ਲਈ ਓਧਰ ਚਲਾ ਗਿਆ, ਤਾਕਿ ਕਿਧਰੇ ਅੱਜ ਦੀ ਗੈਰ-ਹਾਜ਼ਰੀ ਨਾ ਲੱਗ ਜਾਏ।

## ੧੦

ਖਿਜ਼ਰ ਖ਼ਾਨ ਸਿੱਧਾ ਜਾ ਕੇ ਰਹਿਮਾਨ ਖਾਨ ਨੂੰ ਮਿਲਿਆ। ਇਹਨੂੰ ਪਤਾ ਸੀ ਕਿ ਰਹਿਮਾਨ ਖ਼ਾਨ ਦਾ ਅਪਮਾਨ ਮਿਰਜ਼ਾ ਸਾਹਿਬ ਨੇ ਕਰਵਾਇਆ ਹੈ ਤੇ ਉਸ ਦਿਨ ਜਿਹੜੀਆਂ ਸਿਖ ਜ਼ਨਾਨੀਆਂ ਨੱਸੀਆਂ ਸਨ, ਉਹਨਾਂ ਨੂੰ ਨਸਾਣ ਵਿਚ ਮਿਰਜ਼ੇ ਦੇ ਆਦਮੀ ਤਰਸੇਮ ਦਾ ਹੱਥ ਹੈ। ਇਹਨੂੰ ਵੀ ਇਕ ਸਿਪਾਹੀ ਨੇ ਦਸਿਆ ਸੀ ਕਿ ਆਪਸ ਵਿਚ ਇਕ ਦੂਜੇ ਤੋਂ ਬਦਲਾ ਲੈਣ ਲਈ ਇਹ ਵੱਡੇ ਚੌਧਰੀ ਕੀ ਕਰ ਰਹੇ ਹਨ।

ਖਿਜ਼ਰ ਖ਼ਾਨ ਨੇ ਜਾਂਦਿਆਂ ਕਿਹਾ, "ਮੈਂ ਜਨਾਬ ਨੂੰ ਕੁਝ ਭੇਦ ਵਾਲੀ ਗੱਲ ਦੱਸਣ ਆਇਆਂ ਹਾਂ, ਜੇਕਰ ਵੱਖਰੇ ਹੋ ਕੇ ਮੇਰੀ ਗੱਲ ਸੁਣ ਲਓ ਤਾਂ ਚੰਗਾ ਰਹੇਗਾ।"

ਰਹਿਮਾਨ ਖ਼ਾਨ ਹੈਰਾਨ ਹੋ ਗਿਆ ਕਿ ਇਸ ਨੇ ਭੇਦ ਵਾਲੀ ਗੱਲ ਦੱਸਣੀ ਏਂ,

ਪਰ ਖਿਜ਼ਰ ਖ਼ਾਨ ਚੰਗੀ ਉਮਰ ਦਾ ਸਿਆਣਾ ਸੀ, ਇਸ ਲਈ ਝਟ ਹੀ ਰਹਿਮਾਨ ਖ਼ਾਨ ਉਠਿਆ ਤੇ ਬਾਹਰ ਇਕ ਪਾਸੇ ਲਿਜਾ ਕੇ ਪੁਛਿਆ, "ਦੱਸ ਕੀ ਗੱਲ ਏ ?"

"ਮੈਨੂੰ ਉਸ ਦਿਨ ਦੀਆਂ ਜ਼ਨਾਨੀਆਂ ਦੇ ਇਥੋਂ ਦੌੜ ਜਾਣ ਦੀ ਸਾਜ਼ਸ਼ ਦਾ ਪਤਾ ਲੱਗਾ ਸੀ ਤੇ ਸੋਚਿਆ ਕਿ ਚਲੋ ਚੱਲ ਕੇ ਤੁਹਾਨੂੰ ਹੀ ਦੱਸ ਆਵਾਂ।" ਖਿਜ਼ਰ ਖ਼ਾਨ ਨੇ ਬੜੇ ਗੰਭੀਰ ਹੋ ਕੇ ਕਿਹਾ।

"ਕੀ ਪਤਾ ਲੱਗਾ ਏ ?" ਰਹਿਮਾਨ ਖ਼ਾਨ ਨੇ ਬੜੇ ਧਿਆਨ ਨਾ ਉਹਦੇ ਵੱਲ ਦੇਖਦਿਆਂ ਪੁਛਿਆ।

"ਉਹ ਜ਼ਨਾਨੀਆਂ ਭਜਾਣ ਦੀ ਸਾਜ਼ਸ਼ ਮਿਰਜ਼ਾ ਸਾਹਿਬ ਨੇ ਕੀਤੀ ਸੀ ਤੇ ਉਹਨਾਂ ਦੀ ਸਲਾਹ ਨਾਲ ਹੀ ਸਾਰਾ ਕੁਝ ਹੋਇਆ ਏ। ਉਹ ਤੁਹਾਡੀ ਇੱਜ਼ਤ ਵਧਦੀ ਵੇਖ ਕੇ ਸਹਾਰ ਨਹੀਂ ਸਕੇ ਤੇ ਉਹਨਾਂ ਨੂੰ ਡਰ ਪੈ ਗਿਆ ਸੀ ਜੇਕਰ ਮੀਰ ਸਾਹਿਬ ਦੇ ਦਿਲੋਂ ਤੁਸੀਂ ਨਾ ਲਹਿੰਦੇ ਤਾਂ ਕੋਤਵਾਲ ਬਣ ਸਕਦੇ ਸੀ।" ਖਿਜ਼ਰ ਖ਼ਾਨ ਨੇ ਇਸ ਤਰ੍ਹਾਂ ਜਦ ਕਿਹਾ ਤਾਂ ਰਹਿਮਾਨ ਖ਼ਾਨ ਨੂੰ ਯਕੀਨ ਆ ਗਿਆ। ਉਹਦੇ ਦਿਮਾਗ਼ ਵਿਚ ਹੁਣ ਤਕ ਇਹ ਸ਼ੱਕ ਨਹੀਂ ਸੀ ਆਇਆ ਪਰ ਹੁਣ ਖਿਜ਼ਰ ਖ਼ਾਨ ਦੇ ਕਹਿਣ ਪਿਛੋਂ ਉਹਨੂੰ ਵੀ ਇਹੀ ਜਾਪਿਆ ਕਿ ਮਿਰਜ਼ੇ ਤੋਂ ਬਿਨਾਂ ਹੋਰ ਕੋਈ ਨਹੀਂ ਹੋ ਸਕਦਾ। ਉਹਨੂੰ ਇਹ ਵੀ ਯਾਦ ਸੀ ਕਿ ਮਿਰਜ਼ੇ ਤੋਂ ਹੀ ਖੋਹ ਕੇ ਇਹ ਕੰਮ ਮੈਨੂੰ ਸੌਂਪਿਆ ਗਿਆ ਸੀ, ਇਸ ਲਈ ਮਿਰਜ਼ਾ ਕਿਸ ਤਰ੍ਹਾਂ ਸਹਾਰ ਸਕਦਾ ਸੀ ਕਿ ਮੈਂ ਇਥੇ ਕਾਮਯਾਬ ਹੋ ਜਾਵਾਂ। ਉਸ ਨੇ ਪੁਛਿਆ, "ਇਹ ਤਾਂ ਮੇਰਾ ਵੀ ਦਿਲ ਮੰਨਦਾ ਏ ਕਿ ਮਿਰਜ਼ੇ ਨੇ ਇਹ ਸ਼ਰਾਰਤ ਕਰਵਾਈ ਹੋਣੀ ਏਂ, ਪਰ ਸਵਾਲ ਤਾਂ ਇਹ ਉੱਠਦਾ ਏ ਕਿ ਉਹ ਕੰਮ ਮਿਰਜ਼ੇ ਨੇ ਆਪ ਤਾਂ ਕੀਤਾ ਨਹੀਂ, ਹੋਇਆ ਕਿਸ ਦੇ ਰਾਹੀਂ ਏ ?"

"ਤਰਸੇਮ ਰਾਹੀਂ ਸਾਰਾ ਕੁਝ ਹੋਇਆ ਏ, ਹੋਰ ਕੌਣ ਕਰ ਸਕਦਾ ਏ ?" ਖਿਜ਼ਰ ਖ਼ਾਨ ਨੇ ਕਿਹਾ, "ਉਸ ਰਾਤ ਉਹ ਪਹਿਰੇ 'ਤੇ ਸੀ ਤੇ ਉਸੇ ਸਾਰਾ ਕੁਝ ਕੀਤਾ ਏ।"

"ਇਹ ਤਰਸੇਮ ਮਿਰਜ਼ੇ ਦਾ ਬੰਦਾ ਏ ?" ਹੈਰਾਨ ਹੋ ਕੇ ਰਹਿਮਾਨ ਖ਼ਾਨ ਨੇ ਪੁਛਿਆ।

"ਬਿਲਕੁਲ ਪੱਕਾ ਮਿਰਜ਼ੇ ਦਾ ਬੰਦਾ ਏ। ਤੁਹਾਨੂੰ ਨਹੀਂ ਪਤਾ ਇਹ ਮਿਰਜ਼ੇ ਦੇ ਪਿੰਡ ਦਾ ਏ ਤੇ ਮਿਰਜ਼ੇ ਨੇ ਹੀ ਇਸ ਨੂੰ ਨੌਕਰ ਕਰਵਾਇਆ ਸੀ।" ਖਿਜ਼ਰ ਖ਼ਾਨ ਨੇ ਦਸਿਆ।

"ਪਰ ਇਸ ਗੱਲ ਦਾ ਸਬੂਤ ਕੀ ਏ ? ਤੈਨੂੰ ਇਹ ਕਿਸ ਤਰ੍ਹਾਂ ਪਤਾ ਲੱਗਾ ਏ ?" ਰਹਿਮਾਨ ਖ਼ਾਨ ਨੇ ਪੁਛਿਆ।

"ਇਹ ਮੈਂ ਨਹੀਂ ਦੱਸ ਸਕਦਾ। ਜਿਸ ਮੈਨੂੰ ਦਸਿਆ ਏ ਇਹ ਉਸ ਨਾਲ

ਵਿਸਾਹਘਾਤ ਹੋਵੇਗਾ, ਜੇਕਰ ਮੈਂ ਉਸ ਦਾ ਨਾਮ ਲੈ ਦਿਆਂ। ਇਸ ਨਾਲ ਤੁਹਾਨੂੰ ਕੀ ਭਾਵੇਂ ਕੋਈ ਹੋਵੇ, ਤੁਸੀਂ ਤਸੱਲੀ ਕਰ ਲਓ ਕਿ ਇਹ ਗੱਲ ਠੀਕ ਏ ਕਿ ਨਹੀਂ।" ਖਿਜ਼ਰ ਖ਼ਾਨ ਨੇ ਇਹ ਕਹਿ ਕੇ ਗੱਲ ਮੁਕਾ ਦਿੱਤੀ।

"ਤਸੱਲੀ ਤਾਂ ਮੇਰੀ ਪਹਿਲਾਂ ਹੀ ਹੋ ਗਈ ਏ। ਮੈਂ ਸਿਰਫ਼ ਇਸ ਲਈ ਪੁਛ ਰਿਹਾ ਸਾਂ ਕਿ ਜੇਕਰ ਕੋਈ ਠੋਸ ਸਬੂਤ ਮਿਲ ਜਾਂਦਾ ਤਾਂ ਮੈਂ ਮੀਰ ਸਾਹਿਬ ਨੂੰ ਦੱਸ ਕੇ ਮਿਰਜ਼ੇ ਵਾਲਾ ਕੰਡਾ ਪੁਟ ਸਕਦਾ ਸਾਂ।" ਰਹਿਮਾਨ ਖ਼ਾਨ ਨੇ ਕਿਹਾ, "ਆਖ਼ਰ ਦਸਿਆ ਤਾਂ ਤੈਨੂੰ ਕਿਸੇ ਸਿਪਾਹੀ ਨੇ ਹੀ ਹੋਣਾ ਏ। ਹੋਰ ਕਿਸ ਨੂੰ ਪਤਾ ਹੋ ਸਕਦਾ ਏ।"

"ਦਸਿਆ ਤਾਂ ਕਿਸੇ ਸਿਪਾਹੀ ਨੇ ਏ, ਪਰ ਮੀਰ ਸਾਹਿਬ ਦੇ ਮੂੰਹ 'ਤੇ ਮੰਨਣ ਲਈ ਕੋਈ ਤਿਆਰ ਨਹੀਂ ਹੋਵੇਗਾ। ਸਾਰਿਆਂ ਨੂੰ ਪਤਾ ਏ ਮਿਰਜ਼ੇ ਦੀਆਂ ਬਾਹਵਾਂ ਬੜੀਆਂ ਲੰਮੀਆਂ ਨੇ ਤੇ ਜੇ ਉਸ ਨੂੰ ਪਤਾ ਲੱਗ ਗਿਆ ਤਾਂ ਉਹ ਰਗੜ ਸੁਟੇਗਾ। ਕੋਈ ਵੀ ਗਰੀਬ ਆਦਮੀ ਮਿਰਜ਼ੇ ਵਿਰੁਧ ਗਵਾਹੀ ਦੇ ਕੇ ਮੌਤ ਸਹੇੜਨ ਲਈ ਤਿਆਰ ਨਹੀਂ।"

"ਜੇ ਮੈਂ ਤੇਰਾ ਨਾਂ ਲੈ ਦਿਆਂ।" ਰਹਿਮਾਨ ਨੇ ਸ਼ਰਾਰਤ ਭਰੀ ਮੁਸਕਰਾਹਟ ਨਾਲ ਕਿਹਾ।

"ਮੇਰਾ ਨਾਂ ਲੈਣ ਦਾ ਵੀ ਕੋਈ ਲਾਭ ਨਹੀਂ। ਮੈਂ ਕਿਹੜਾ ਮੌਕੇ 'ਤੇ ਮੌਜੂਦ ਸਾਂ। ਨਾਲੇ ਮੇਰਾ ਬਿਆਨ ਤਾਂ ਇਹ ਕਹਿ ਕੇ ਮਿਰਜ਼ਾ ਰੱਦ ਕਰਾ ਦੇਵੇਗਾ ਕਿ ਮੈਂ ਰਹਿਮਾਨ ਖ਼ਾਨ ਦਾ ਆਦਮੀ ਹਾਂ ਤੇ ਉਹਨੂੰ ਫਸਾਣ ਲਈ ਗਲਤ ਕਹਿ ਰਿਹਾ ਹਾਂ।" ਖਿਜ਼ਰ ਖ਼ਾਨ ਨੇ ਕਿਹਾ।

"ਫਿਰ ਮੀਰ ਸਾਹਿਬ ਪਾਸ ਤਾਂ ਗੱਲ ਨਹੀਂ ਪਹੁੰਚ ਸਕਦੀ। ਇਹਦਾ ਮਤਲਬ ਇਹ ਹੈ ਕਿ ਸਾਨੂੰ ਆਪ ਹੀ ਨਿਬੜਨਾ ਪਵੇਗਾ।" ਰਹਿਮਾਨ ਖ਼ਾਨ ਨੇ ਕਿਹਾ।

"ਹਾਂ, ਤੁਹਾਨੂੰ ਆਪ ਹੀ ਨਿਬੜਨਾ ਪਵੇਗਾ। ਮੇਰਾ ਕਹਿਣ ਦਾ ਮਤਲਬ ਤਾਂ ਇਹ ਸੀ ਕਿ ਤੁਸੀਂ ਇਕ ਤਾਂ ਅਗੋਂ ਆਪ ਸੁਚੇਤ ਹੋ ਜਾਉ ਤੇ ਮਿਰਜ਼ਾ ਸਾਹਿਬ ਦੇ ਸਾਰੇ ਆਦਮੀ ਆਪਣੇ ਨਾਲੋਂ ਵੱਖ ਕਰ ਦਿਓ। ਉਹਨਾਂ ਦੀ ਥਾਂ ਆਪਣੇ ਇਤਬਾਰੀ ਆਦਮੀ ਲਾ ਦਿਉ।" ਖਿਜ਼ਰ ਖ਼ਾਨ ਨੇ ਕਿਹਾ। ਉਹ ਦਿਲੋਂ ਬੜਾ ਖ਼ੁਸ਼ ਸੀ ਕਿ ਉਹਦੀ ਵਿਉਂਤ ਸਿਰੇ ਚੜ੍ਹ ਰਹੀ ਹੈ। ਉਹ ਰਹਿਮਾਨ ਖ਼ਾਨ ਨੂੰ ਜਿਸ ਪਾਸੇ ਲਿਆਉਣਾ ਚਾਹੁੰਦਾ ਸੀ ਉਸ ਪਾਸੇ ਉਹ ਆ ਰਿਹਾ ਹੈ। ਹੁਣ ਇਕ ਵਾਰ ਤਾਂ ਉਹਦਾ ਜੀਅ ਕੀਤਾ ਕਿ ਉਹ ਉਹਨੂੰ ਆਪਣੀ ਬਣਾ ਕੇ ਲਿਆਂਦੀ ਤਜਵੀਜ਼ ਦੱਸ ਦੇਵੇ, ਪਰ ਫਿਰ ਇਹ ਖ਼ਿਆਲ ਕਰਕੇ ਚੁਪ ਹੋ ਗਿਆ ਕਿ ਇਸ ਆਪ ਹੀ ਹੁਣੇ ਇਸ ਪਾਸੇ ਆ ਜਾਣਾ ਏ। ਉਹੀ ਗੱਲ ਹੋਈ। ਰਹਿਮਾਨ ਖ਼ਾਨ ਨੇ ਕਿਹਾ, "ਇਸ ਤਰ੍ਹਾਂ ਅੱਗੋਂ ਦਾ ਪ੍ਰਬੰਧ ਤਾਂ ਕਰ ਲਵਾਂਗੇ,

ਪਰ ਸੁਆਲ ਇਹ ਹੈ ਕਿ ਮਿਰਜ਼ੇ ਨੂੰ ਕੀਤੇ ਦੀ ਸਜ਼ਾ ਕਿਵੇਂ ਦਿੱਤੀ ਜਾਏ। ਉਹਨੂੰ ਸੁੱਕਾ ਛੱਡ ਦੇਣਾ ਤਾਂ ਠੀਕ ਨਹੀਂ। ਉਸ ਨੂੰ ਪਤਾ ਕਿਵੇਂ ਲੱਗੇ ਕਿ ਉਸ ਕਿਸੇ ਜੱਟ ਨਾਲ ਮੱਥਾ ਲਾਇਆ ਸੀ।"

"ਇਹ ਤਾਂ ਠੀਕ ਏ।" ਖਿਜ਼ਰ ਖ਼ਾਨ ਨੇ ਕਿਹਾ, "ਮਿਰਜ਼ਾ ਸਾਹਿਬ ਨੂੰ ਪਤਾ ਤਾਂ ਲਗਣਾ ਚਾਹੀਦਾ ਹੈ।"

"ਫਿਰ ਕਿਵੇਂ ਕਰੀਏ ?" ਰਹਿਮਾਨ ਖਾਨ ਨੇ ਕਿਹਾ।

"ਸੋਚ ਲਵੋ, ਜਿਵੇਂ ਠੀਕ ਸਮਝੋ।" ਖਿਜ਼ਰ ਖ਼ਾਨ ਨੇ ਕਿਹਾ, "ਮੈਨੂੰ ਆਗਿਆ ਦਿਓ ਤੇ ਮੈਂ ਜਾਵਾਂ। ਮੈਨੂੰ ਅੱਜ ਕੋਤਵਾਲੀ ਕੰਮ ਏ।"

"ਕਿਹੜਾ ਇਤਨਾ ਜ਼ਰੂਰੀ ਕੰਮ ਏ।" ਰਹਿਮਾਨ ਖ਼ਾਨ ਨੇ ਕਿਹਾ, "ਇਹਦਾ ਕੋਈ ਇਲਾਜ ਵੀ ਦੱਸ ਕੇ ਜਾਹ ਕਿ ਐਵੇਂ ਮੈਨੂੰ ਸੋਚਾਂ ਵਿਚ ਪਾ ਕੇ ਨੱਸ ਚਲਿਆਂ ਏਂ।"

"ਲਉ ਜੀ, ਜਿਹੜਾ ਬੋਲੇ ਉਹੀ ਕੁੰਡਾ ਖੋਲ੍ਹੇ। ਮੈਂ ਤਾਂ ਤੁਹਾਨੂੰ ਦੱਸਣ ਆਇਆ ਸਾਂ, ਵੇਖ ਲਉ ਜਿਵੇਂ ਮੁਨਾਸਬ ਸਮਝੋ।" ਖਿਜ਼ਰ ਖ਼ਾਨ ਬੜਾ ਖ਼ੁਸ਼ ਸੀ ਕਿ ਰਹਿਮਾਨ ਖ਼ਾਨ ਹੁਣ ਉਹਦੇ ਅੱਗੇ ਲੱਗਣ ਲੱਗ ਪਿਆ ਹੈ ਤੇ ਇਹ ਜ਼ਰੂਰ ਗੁਲਾਬ ਸਿੰਘ ਨੂੰ ਬਚਾਉਣ ਦਾ ਰਾਹ ਹੁਣ ਲੱਭ ਲਵੇਗਾ।

"ਇੰਜ ਕਰੀਂ ਕਿ ਦੁਪਹਿਰੀਂ ਮੈਨੂੰ ਫਿਰ ਵਕਤ ਕੱਢ ਕੇ ਮਿਲੀਂ। ਮੈਂ ਵੀ ਸੋਚਾਂਗਾ। ਆਪਾਂ ਮਿਰਜ਼ੇ ਨੂੰ ਸੱਟ ਮਾਰਨੀ ਏਂ।" ਰਹਿਮਾਨ ਖ਼ਾਨ ਨੇ ਕਿਹਾ ਤੇ ਕਮਰੇ ਵਿਚ ਚਲਾ ਗਿਆ।

ਰਹਿਮਾਨ ਖ਼ਾਨ ਨੇ ਬੜਾ ਸੋਚਿਆ ਕਿ ਉਹ ਕਿਸ ਤਰ੍ਹਾਂ ਮਿਰਜ਼ੇ ਤੋਂ ਬਦਲਾ ਲੈ ਸਕਦਾ ਹੈ, ਪਰ ਉਹਨੂੰ ਕੁਝ ਨਾ ਸੁਝਿਆ। ਦੁਪਹਿਰ ਤਕ ਉਸ ਕੋਈ ਹੋਰ ਕੰਮ ਨਾ ਕੀਤਾ ਤੇ ਨਾ ਹੀ ਅੱਜ ਜ਼ਨਾਨੀਆਂ ਨੂੰ ਮਾਰਨ ਤੇ ਤਸੀਹੇ ਦੇਣ ਦੀ ਕੋਈ ਕਾਰਵਾਈ ਕੀਤੀ। ਉਹਦੇ ਇਕ ਦੋ ਬੰਦਿਆਂ ਨੇ ਆ ਕੇ ਪੁਛਿਆ ਵੀ ਕਿ ਅੱਜ ਕਿਸ ਤਰ੍ਹਾਂ ਕਰਨਾ ਏਂ, ਪਰ ਉਹ ਇਹੀ ਕਹਿ ਕੇ ਟਾਲ ਦੇਂਦਾ ਰਿਹਾ ਕਿ ਹੁਣੇ ਮੈਂ ਦੱਸਾਂਗਾ ਕਿ ਕੀ ਕਰਨਾ ਏਂ।

ਦੁਪਹਿਰ ਨੂੰ ਉਸ ਉਚੇਚਾ ਆਦਮੀ ਭੇਜ ਕੇ ਖਿਜ਼ਰ ਖ਼ਾਨ ਨੂੰ ਕੋਤਵਾਲੀ ਤੋਂ ਬੁਲਾ ਲਿਆ। ਉਹ ਜਾਣ ਬੁਝ ਕੇ ਢਿਲ ਕਰਕੇ ਆਇਆ ਤਾਕਿ ਰਹਿਮਾਨ ਖ਼ਾਨ ਦੇ ਮਨ ਦੀ ਅਵਸਥਾ ਅਜਿਹੀ ਹੋ ਜਾਏ ਕਿ ਉਹ ਝਟਪਟ ਇਹਦਾ ਸੁਝਾਓ ਮੰਨ ਲਵੇ।

ਆਉਂਦਿਆਂ ਹੀ ਖਿਜ਼ਰ ਖ਼ਾਨ ਨੇ ਪੁਛਿਆ, "ਜਨਾਬ ਨੇ ਕਿਵੇਂ ਯਾਦ ਕੀਤਾ ਏ ?"

"ਪਤਾ ਤੇ ਹੈ ਤੈਨੂੰ ਕਾਹਦੇ ਲਈ ਸੱਦਿਆ ਏ," ਰਹਿਮਾਨ ਖ਼ਾਨ ਨੇ ਕਿਹਾ, "ਕੁਝ ਸੋਚਿਆ ਈ ਕਿ ਨਹੀਂ ?"

"ਜਨਾਬ ਨੇ ਕੀ ਸੋਚਿਆ ਏ ?" ਉਸ ਨਿਮਰਤਾ ਨਾਲ ਕਿਹਾ।

"ਕੁਝ ਵੀ ਨਹੀਂ।"

"ਫਿਰ ਮੈਂ ਸੋਚਿਆ ਜੇ।"

"ਕੀ ?"

"ਮਿਰਜ਼ਾ ਸਾਹਿਬ ਨੂੰ ਬਾਹਰੋਂ ਫੜ ਕੇ ਲਿਆਂਦੇ ਜਾ ਰਹੇ ਸਿੱਖਾਂ ਦਾ ਕੰਮ ਸੌਂਪਿਆ ਗਿਆ ਹੈ। ਕੋਤਵਾਲੀ ਵਿਚ ਕੁਝ ਸਿਖ ਬੰਦ ਹਨ, ਉਹਨਾਂ ਵਿਚੋਂ ਜੇਕਰ ਇਕ ਸਿਖ ਨੂੰ ਭਜਾ ਦੇਈਏ ਤਾਂ ਮਿਰਜ਼ਾ ਸਾਹਿਬ ਦੀ ਕੋਈ ਥਾਂ ਨਹੀਂ ਰਹੇਗੀ।" ਖਿਜ਼ਰ ਖ਼ਾਨ ਨੇ ਕਿਹਾ।

"ਇਹ ਕੀ ਗੱਲ ਹੋਈ। ਇਕ ਸਿਖ ਨੂੰ ਭਜਾ ਦੇਣ ਨਾਲ ਕੀ ਬਣੇਗਾ ? ਮੀਰ ਸਾਹਿਬ ਨੇ ਇਸ ਤਰ੍ਹਾਂ ਕੁਝ ਨਹੀਂ ਕਰਨਾ।" ਰਹਿਮਾਨ ਖ਼ਾਨ ਨੇ ਕਿਹਾ।

"ਨਹੀਂ ਜੀ, ਤੁਹਾਨੂੰ ਨਹੀਂ ਪਤਾ, ਉਥੇ ਕਈ ਬੜੇ ਖ਼ਤਰਨਾਕ ਬੰਦੇ ਡੱਕੇ ਹੋਏ ਨੇ, ਜਿਨ੍ਹਾਂ ਕਈ ਕਈ ਖ਼ੂਨ ਕੀਤੇ ਹੋਏ ਨੇ ਅਤੇ ਕਈਆਂ ਬਾਰੇ ਮੀਰ ਸਾਹਿਬ ਨੂੰ ਵੀ ਚੰਗੀ ਤਰ੍ਹਾਂ ਪਤਾ ਏ, ਜੇਕਰ ਉਹਨਾਂ ਵਿਚੋਂ ਕੋਈ ਭਜਾ ਦਿੱਤਾ ਗਿਆ ਤਾਂ ਮੀਰ ਸਾਹਿਬ ਨੇ ਬਰਦਾਸ਼ਤ ਨਹੀਂ ਕਰਨਾ।" ਖਿਜ਼ਰ ਖ਼ਾਨ ਨੇ ਕਿਹਾ।

"ਉਹਨੂੰ ਭਜਾਈਏ ਕਿਵੇਂ ?" ਰਹਿਮਾਨ ਖ਼ਾਨ ਨੇ ਕਿਹਾ, "ਫਿਰ ਮੀਰ ਸਾਹਿਬ ਨੂੰ ਕਿਵੇਂ ਇਤਲਾਹ ਦਿੱਤੀ ਜਾਏ ?"

"ਇਹ ਕੰਮ ਬੜਾ ਹੀ ਸੌਖਾ ਏ," ਖਿਜ਼ਰ ਖ਼ਾਨ ਨੇ ਕਿਹਾ, "ਕੋਤਵਾਲੀ ਦੇ ਬਾਹਰ ਕਿਸੇ ਆਪਣੇ ਬੰਦੇ ਦਾ ਪਹਿਰਾ ਲਵਾ ਦਿਓ ਜੋ ਥੋੜ੍ਹਾ ਜਿਹਾ ਦਲੇਰ ਹੋਵੇ। ਰਾਤ ਨੂੰ ਉਹ ਪਹਿਲੇ ਕਮਰੇ ਵਾਲੇ ਸਿਖ ਨੂੰ ਕਢ ਦੇਵੇ। ਸਵੇਰੇ ਤੁਸੀਂ ਆਪਣੇ ਬੰਦਿਆਂ ਰਾਹੀਂ ਚਰਚਾ ਛੇੜ ਦਿਓ। ਜਦ ਉਸ ਪਹਿਰੇਦਾਰ ਤੋਂ ਪੁਛ ਹੋਵੇ ਤਾਂ ਉਹ ਇਹ ਕਹਿ ਦੇਵੇ ਕਿ ਮਿਰਜ਼ਾ ਸਾਹਿਬ ਲੈ ਗਏ ਹਨ। ਫਿਰ ਮਿਰਜ਼ਾ ਭਾਵੇਂ ਲੱਖ ਸਫ਼ਾਈਆਂ ਪਿਆ ਦੇਵੇ, ਮੀਰ ਸਾਹਿਬ ਨੇ ਇਕ ਨਹੀਂ ਸੁਣਨੀ।"

"ਜ਼ਿੰਮੇਵਾਰੀ ਕੋਤਵਾਲ ਦੀ ਹੋਵੇਗੀ, ਮਿਰਜ਼ੇ ਨੂੰ ਕਿਸ ਜਾਣਨਾ ਏ।" ਰਹਿਮਾਨ ਖ਼ਾਨ ਨੇ ਕਿਹਾ।

"ਨਹੀਂ ਕੋਤਵਾਲ ਅੱਜ ਬੀਮਾਰ ਏ ਤੇ ਉਹ ਨਹੀਂ ਆਇਆ। ਮਿਰਜ਼ਾ ਸਾਹਿਬ ਹੀ ਉਥੇ ਚੌਧਰੀ ਨੇ।" ਖਿਜ਼ਰ ਖ਼ਾਨ ਨੇ ਕਿਹਾ।

ਰਹਿਮਾਨ ਖ਼ਾਨ ਨੇ ਪਤਾ ਕੀਤਾ ਕਿ ਅੱਧੀ ਰਾਤ ਨੂੰ ਪਹਿਰੇ 'ਤੇ ਕੌਣ ਹੋਵੇਗਾ। ਪਹਿਰੇ ਵਾਲਾ ਆਦਮੀ ਕੋਈ ਨਵਾਂ ਹੀ ਸੀ ਜਿਸ ਨੂੰ ਰਹਿਮਾਨ ਖ਼ਾਨ ਨਹੀਂ ਸੀ ਜਾਣਦਾ, ਪਰ ਖਿਜ਼ਰ ਖ਼ਾਨ ਰਾਹੀਂ ਹੀ ਉਸ ਨੇ ਬਹੁਤ ਵੱਡੀ ਰਿਸ਼ਵਤ ਦੇ ਕੇ ਉਹਨੂੰ ਮਨਾ ਲਿਆ

ਕਿ ਉਹ ਪਹਿਲੇ ਕਮਰੇ ਵਾਲੇ ਸਿਖ ਨੂੰ ਰਾਤੀਂ ਭਜਾ ਦੇਵੇਗਾ। ਖਿਜ਼ਰ ਖ਼ਾਨ ਨੇ ਉਹਨੂੰ ਰਹਿਮਾਨ ਖ਼ਾਨ ਦੇ ਸਾਹਮਣੇ ਵੀ ਕਰ ਦਿੱਤਾ। ਰਹਿਮਾਨ ਖ਼ਾਨ ਨੇ ਉਹਨੂੰ ਯਕੀਨ ਦਿਵਾਇਆ ਕਿ ਮਿਰਜ਼ਾ ਉਹਦਾ ਵਾਲ ਵੀ ਵਿੰਗਾ ਨਹੀਂ ਕਰ ਸਕੇਗਾ ਤੇ ਇਹ ਉਹਨੂੰ ਹਰ ਕੀਮਤ 'ਤੇ ਬਚਾ ਲਵੇਗਾ।

ਅੱਧੀ ਰਾਤ ਹੋ ਗਈ ਤਾਂ ਹਰ ਪਾਸੇ ਚੁਪ-ਚਾਂ ਹੋ ਗਈ। ਪਹਿਰੇਦਾਰ ਨੇ ਦਲੇਰੀ ਕੀਤੀ ਤੇ ਰੁਪੈ ਦੇ ਲਾਲਚ ਵਿਚ ਆ ਕੇ ਗੁਲਾਬ ਸਿੰਘ ਨੂੰ ਕਮਰੇ ਤੋਂ ਬਾਹਰ ਕੱਢ ਦਿੱਤਾ। ਇਸ ਸਮੇਂ ਉਹਨੇ ਇਕ ਬਹੁਤ ਵੱਡੀ ਸਿਆਣਪ ਵਰਤੀ। ਰਾਤ ਨੂੰ ਸਾਰੇ ਕਮਰਿਆਂ ਦੀਆਂ ਚਾਬੀਆਂ ਉਸ ਮਿਰਜ਼ੇ ਦੇ ਹਵਾਲੇ ਕਰ ਦਿੱਤੀਆਂ ਤੇ ਮਿਰਜ਼ਾ ਸਾਹਿਬ ਜਦ ਸ਼ਰਾਬ ਬਹੁਤ ਜ਼ਿਆਦਾ ਪੀ ਕੇ ਮੂਧੇ ਹੋ ਗਏ ਤਾਂ ਇਸ ਚਾਬੀਆਂ ਕੱਢ ਲਈਆਂ ਤੇ ਗੁਲਾਬ ਸਿੰਘ ਨੂੰ ਕਮਰੇ ਤੋਂ ਕੱਢ ਕੇ ਕਿਹਾ, "ਦੌੜ ਜਾਹ ਹੁਣ, ਖ਼ਿਆਲ ਰੱਖੀਂ ਕਿਧਰੇ ਕਾਬੂ ਨਾ ਆ ਜਾਈਂ। ਮੈਨੂੰ ਤੇਰੇ 'ਤੇ ਤਰਸ ਆ ਗਿਆ ਏ ਤੇ ਛੱਡ ਰਿਹਾ ਆਂ। ਜੇ ਫੜਿਆ ਵੀ ਜਾਏਂ ਤਾਂ ਮੇਰਾ ਨਾਂ ਨਾ ਲਈਂ, ਨਹੀਂ ਤੇ ਮੈਂ ਗ਼ਰੀਬ ਮਾਰਿਆ ਜਾਵਾਂਗਾ।"

"ਤੇਰਾ ਨਾਂ ਲੈਣ ਦੀ ਮੈਨੂੰ ਕੀ ਲੋੜ ਏ।" ਗੁਲਾਬ ਸਿੰਘ ਨੇ ਉਹਨੂੰ ਕਿਹਾ ਤੇ ਕੋਤਵਾਲੀ ਦੇ ਵੱਡੇ ਦਰਵਾਜ਼ੇ ਤੋਂ ਬਾਹਰ ਆ ਗਿਆ। ਗੁਲਾਬ ਸਿੰਘ ਬੜਾ ਹੈਰਾਨ ਹੋਇਆ ਕਿ ਇਸ ਨੇ ਮੈਨੂੰ ਛੱਡਣ ਦੀ ਦਲੇਰੀ ਕਿਵੇਂ ਕਰ ਲਈ ਏ। ਫਿਰ ਇਹ ਸੋਚ ਕੇ ਟੁਰ ਪਿਆ, ਹੋ ਸਕਦਾ ਏ ਕਿ ਇਹਦੇ ਮਨ ਵਿਚ ਤਰਸ ਆ ਗਿਆ ਹੋਵੇ। ਸਾਰੇ ਮੁਸਲਮਾਨ ਤਾਂ ਮਾੜੇ ਨਹੀਂ ਹੋ ਸਕਦੇ। ਅੱਲਾ ਦਿੱਤੇ ਵਰਗੇ ਹਮਦਰਦ ਤੇ ਮਨੁੱਖਤਾ ਦੇ ਪਿਆਰੇ ਵੀ ਹੋ ਸਕਦੇ ਹਨ।

ਪਹਿਰੇਦਾਰ ਨੇ ਫਿਰ ਜੰਦਰਾ ਮਾਰ ਕੇ ਚਾਬੀਆਂ ਦਾ ਗੁੱਛਾ ਉਸੇ ਤਰ੍ਹਾਂ ਮਿਰਜ਼ੇ ਦੀ ਜੇਬ ਵਿਚ ਪਾ ਦਿੱਤਾ।

ਸਵੇਰੇ ਦਿਨ ਚੜ੍ਹਦੇ ਤਕ ਰਹਿਮਾਨ ਖ਼ਾਨ ਦੇ ਆਦਮੀਆਂ ਨੇ ਇਹ ਗੱਲ ਸਾਰੇ ਸ਼ਹਿਰ ਵਿਚ ਧੁਮਾ ਦਿੱਤੀ ਕਿ ਰਾਤ ਨੂੰ ਮਿਰਜ਼ਾ ਸਾਹਿਬ ਨੇ ਸ਼ਰਾਬ ਪੀ ਕੇ ਸਿੱਖਾਂ ਨੂੰ ਛੱਡ ਦਿੱਤਾ ਏ। ਨਾਲ ਹੀ ਹਰ ਇਕ ਨੂੰ ਦੱਸ ਦਿੱਤਾ ਕਿ ਪਰਸੋਂ ਜਿਹੜਾ ਸਿਖ ਫ਼ੌਜ ਦਾ ਮੁਕਾਬਲਾ ਕਰਦਾ ਫੜਿਆ ਸੀ, ਉਹ ਵੀ ਛੱਡ ਦਿੱਤਾ ਗਿਆ ਹੈ।

ਕੋਤਵਾਲੀ ਵਿਚ ਕਿਸੇ ਨੂੰ ਇਸ ਗੱਲ ਦਾ ਪਤਾ ਨਹੀਂ ਸੀ। ਮਿਰਜ਼ਾ ਸਾਹਿਬ ਸਵੇਰੇ ਉਠੇ, ਪਰ ਸ਼ਰਾਬ ਦੇ ਨਸ਼ੇ ਦੀ ਤੋਟ ਨੇ ਭੰਨ ਸੁਟਿਆ ਸੀ, ਇਸ ਲਈ ਉਹ ਉੱਠਣ ਜੋਗੇ ਨਹੀਂ ਸਨ। ਸਾਰਾ ਸਰੀਰ ਇਉਂ ਹੋਇਆ ਪਿਆ ਸੀ, ਜਿਵੇਂ ਉਸ ਵਿਚ ਉੱਕਾ ਹੀ ਸਾਹ ਸਤ ਨਹੀਂ ਰਿਹਾ। ਅਖ਼ੀਰ ਮਿਰਜ਼ਾ ਸਾਹਿਬ ਨੇ ਆਵਾਜ਼ ਦਿੱਤੀ, "ਹੈ ਕੋਈ

ਸਿਪਾਹੀ ਬਾਹਰ ?"

"ਆਇਆ ਜੀ !" ਉਹੀ ਸਿਪਾਹੀ ਬਰਾਂਡੇ ਵਿਚ ਲੇਟਿਆ ਹੋਇਆ ਸੀ, ਜਿਸ ਨੇ ਰਾਤ ਗੁਲਾਬ ਸਿੰਘ ਨੂੰ ਇਥੋਂ ਭਜਾਇਆ ਸੀ।

"ਓਏ ਲਿਆ ਓਏ ਪਊਆ ਹੋਰ ਉਥੋਂ, ਮੇਰਾ ਸਾਰਾ ਪਿੰਡਾ ਭਜਦਾ ਏ।" ਮਿਰਜ਼ੇ ਨੇ ਹੁਕਮ ਦਿੱਤਾ।

ਉਹ ਜਾ ਕੇ ਪੂਰੀ ਬੋਤਲ ਹੋਰ ਲੈ ਆਇਆ। ਕੋਤਵਾਲੀ ਦੇ ਮੁੱਖੀ ਚੌਧਰੀਆਂ ਲਈ ਉਚੇਚਾ ਪ੍ਰਬੰਧ ਸੀ ਤੇ ਜਦੋਂ ਵੀ ਇਹਨਾਂ ਨੂੰ ਵਿਹਲ ਮਿਲਦਾ, ਇਹ ਪੀਣ ਵਿਚ ਕਸਰ ਨਾ ਛੱਡਦੇ। ਖ਼ਾਸ ਕਰਕੇ ਜਦੋਂ ਸਿੱਖਾਂ ਨੂੰ ਮਾਰ ਕੇ ਆਉਂਦੇ ਜਾਂ ਫੜ ਕੇ ਮੀਰ ਮੰਨੂ ਦੇ ਪੇਸ਼ ਕਰਕੇ ਇਨਾਮ ਪ੍ਰਾਪਤ ਕਰਦੇ ਤਾਂ ਸਿਪਾਹੀਆਂ ਤਕ ਸ਼ਰਾਬ ਦੇ ਖੁਲ੍ਹੇ ਦੌਰ ਚਲਦੇ।

ਮਿਰਜ਼ੇ ਨੇ ਹੌਲੀ ਹੌਲੀ ਕਰਕੇ ਸ਼ਰਾਬ ਦੀ ਸਾਰੀ ਬੋਤਲ ਪੀ ਲਈ। ਰਹਿਮਾਨ ਖ਼ਾਨ ਨੂੰ ਪਤਾ ਸੀ ਕਿ ਮੀਰ ਮੰਨੂ ਨੂੰ ਮਿਰਜ਼ੇ ਦੇ ਹੁੱਕਾ ਪੀਣ ਤੋਂ ਬੜੀ ਖਿਝ ਏ, ਇਸ ਲਈ ਉਹਨੇ ਇਸ ਪਹਿਰੇਦਾਰ ਨੂੰ ਇਹ ਵੀ ਪੱਕੀ ਕੀਤੀ ਹੋਈ ਸੀ ਕਿ ਜਿਥੇ ਮਿਰਜ਼ਾ ਸਾਹਿਬ ਨੂੰ ਦਬਾ ਕੇ ਸ਼ਰਾਬ ਪਿਆ ਦਈਂ, ਉਥੇ ਹੁੱਕਾ ਵੀ ਉਨ੍ਹਾਂ ਦੇ ਨੇੜੇ ਰੱਖ ਦਈਂ। ਉਸੇ ਤਰ੍ਹਾਂ ਕੀਤਾ ਗਿਆ ਤੇ ਜਦ ਫਿਰ ਸਰਾਬ ਪੀ ਕੇ ਮਿਰਜ਼ਾ ਸਾਹਿਬ ਲੇਟ ਗਏ ਤਾਂ ਹੁੱਕਾ ਲਿਆ ਕੇ ਉਹਨਾਂ ਦੇ ਨੇੜੇ ਰੱਖ ਦਿੱਤਾ ਗਿਆ।

ਜਦ ਬਾਹਰ ਬਹੁਤ ਚਰਚਾ ਹੋਣ ਲੱਗ ਪਈ ਤਾਂ ਇਹ ਗੱਲ ਮੀਰ ਮੰਨੂ ਤਕ ਵੀ ਜਾ ਪੁੱਜੀ। ਉਹ ਅਗੇ ਹੀ ਬਹੁਤ ਖਿਝਿਆ ਹੋਇਆ ਸੀ। ਰੋਜ਼ਾਨਾ ਸੈਂਕੜੇ ਆਦਮੀਆਂ ਨੂੰ ਮਾਰ ਕੇ ਉਹਦੀ ਮਾਨਸਿਕ ਹਾਲਤ ਵਿਗੜ ਚੁੱਕੀ ਸੀ। ਭਾਵੇਂ ਪ੍ਰਗਟ ਤੌਰ 'ਤੇ ਉਹ ਸਿੱਖਾਂ ਨੂੰ ਮਾਰ ਕੇ ਖ਼ੁਸ਼ ਹੋ ਰਿਹਾ ਸੀ, ਪਰ ਇਤਨੇ ਕਤਲ ਰੋਜ਼ ਕਰਨ ਨਾਲ ਉਸ ਦੀ ਮਾਨਸਿਕ ਹਾਲਤ 'ਤੇ ਅਸਰ ਪੈ ਰਿਹਾ ਸੀ। ਉਸ ਨੇ ਉਸੇ ਵੇਲੇ ਕੋਤਵਾਲੀ ਜਾਣ ਦਾ ਵਿਚਾਰ ਬਣਾ ਲਿਆ।

ਮੀਰ ਮੰਨੂ ਨੇ ਆਪਣੀ ਰਖਵਾਲੀ ਵਾਲੀ ਫ਼ੌਜ ਨੂੰ ਤਿਆਰ ਹੋਣ ਦਾ ਹੁਕਮ ਦੇ ਦਿੱਤਾ। ਝਟ ਵਿਚ ਉਹਦਾ ਘੋੜਾ ਵੀ ਲੈ ਆਂਦਾ ਗਿਆ। ਮੀਰ ਮੰਨੂ ਨੇ ਉਸੇ ਵੇਲੇ ਘੋੜੇ 'ਤੇ ਸਵਾਰ ਹੋ ਕੇ ਅੱਡੀ ਲਾਈ ਤੇ ਬੜੀ ਤੇਜ਼ ਕੋਤਵਾਲੀ ਪੁੱਜਾ ਤੇ ਆਉਂਦਿਆਂ ਉਸ ਗੁੱਸੇ ਨਾਲ ਕਿਹਾ, "ਕੋਤਵਾਲ ਕਿੱਥੇ ਏ ?"

"ਜੀ, ਉਹ ਤਾਂ ਬੀਮਾਰ ਹਨ।" ਪਹਿਰੇਦਾਰ ਨੇ ਸਲਾਮ ਕਰਕੇ ਝੁਕਦਿਆਂ ਕਿਹਾ।

"ਰਾਤ ਇਥੇ ਕੌਣ ਜ਼ਿੰਮੇਵਾਰ ਸੀ ?" ਉਸ ਕਾਹਲੀ ਨਾਲ ਪਹਿਰੇਦਾਰਾਂ ਤੋਂ ਪੁਛਿਆ।

"ਜਨਾਬ ਮਿਰਜ਼ਾ ਸਾਹਿਬ ਅੰਦਰ ਆਰਾਮ ਕਰ ਰਹੇ ਹਨ, ਉਹੀ ਇਥੇ ਸਨ।"

ਪਹਿਰੇਦਾਰ ਨੇ ਕਿਹਾ।

"ਹੈਂ! ਮਿਰਜ਼ਾ ਆਰਾਮ ਕਰ ਰਿਹਾ ਏ, ਵੱਡਾ ਨਵਾਬ ਦਾ ਪੁੱਤਰ ਨਾ ਹੋਵੇ ਤੇ। ਇਹ ਵੇਲਾ ਆਰਾਮ ਕਰਨ ਦਾ ਏ।" ਮੀਰ ਮੰਨੂ ਨੇ ਕਿਹਾ ਤੇ ਘੋੜੇ ਤੋਂ ਉਤਰ ਕੇ ਘੋੜਾ ਪਹਿਰੇਦਾਰ ਨੂੰ ਫੜਾ ਦਿੱਤਾ ਤੇ ਆਪ ਅੰਦਰ ਲੰਘ ਗਿਆ।

ਮਿਰਜ਼ਾ ਸਾਹਿਬ ਇਸ ਵੇਲੇ ਸ਼ਰਾਬ ਦੇ ਨਸ਼ੇ ਵਿਚ ਪੂਰੀ ਤਰ੍ਹਾਂ ਲੋਰ 'ਚ ਗਾ ਰਹੇ ਸਨ—"ਮੁਝੇ ਔਰ ਪਿਲਾ ਸਾਕੀ।"

"ਪਿਆਉਂਦੇ ਹਾਂ ਤੈਨੂੰ ਹੋਰ।" ਮੀਰ ਮੰਨੂ ਨੇ ਗੁੱਸੇ ਨਾਲ ਗਰਜਵੀਂ ਆਵਾਜ਼ ਵਿਚ ਕਿਹਾ।

ਮਿਰਜ਼ੇ ਨੇ ਜਦ ਮੀਰ ਮੰਨੂ ਦੀ ਆਵਾਜ਼ ਸੁਣੀ ਤਾਂ ਉਹ ਘਬਰਾ ਗਿਆ। ਸ਼ਰਾਬ ਦਾ ਨਸ਼ਾ ਇਕਦਮ ਉਤਰਦਾ ਜਾਪਿਆ। ਮੀਰ ਮੰਨੂ ਨੇ ਗੁੱਸੇ ਨਾਲ ਹੁੱਕੇ ਨੂੰ ਜ਼ੋਰ ਦਾ ਠੁੱਡਾ ਮਾਰਿਆ। ਉਸ ਦੀ ਟੋਪੀ ਉਤਰ ਕੇ ਮਿਰਜ਼ੇ ਦੇ ਸਿਰ 'ਤੇ ਜਾ ਪਈ। ਹੁੱਕੇ ਵਿਚ ਸਵਾਹ ਪਈ ਸੀ, ਉਸ ਨਾਲ ਮਿਰਜ਼ੇ ਦਾ ਮੂੰਹ ਭਰ ਗਿਆ।

"ਰਾਤ ਨੂੰ ਬੰਦੇ ਕਿਉਂ ਨਾ ਭਜ ਜਾਣ, ਇਹ ਚੌੜ ਚਾਨਣ ਜੋ ਜ਼ਿੰਮੇਵਾਰ ਸਨ।" ਮੀਰ ਮੰਨੂ ਨੇ ਕਿਹਾ।

"ਹੈਂ, ਰਾਤ ਨੂੰ ਬੰਦੇ ਭੱਜ ਗਏ ਨੇ!" ਮਿਰਜ਼ੇ ਨੇ ਹੈਰਾਨਗੀ ਨਾਲ ਕਿਹਾ ਤੇ ਉੱਠ ਕੇ ਬੈਠ ਗਿਆ।

"ਅੱਛਾ ਤੈਨੂੰ ਪਤਾ ਹੀ ਨਹੀਂ ?" ਮੀਰ ਮੰਨੂ ਨੇ ਗੁੱਸੇ ਨਾਲ ਅੱਖਾਂ ਲਾਲ ਕਰਕੇ ਕਿਹਾ। ਇਸ ਸਮੇਂ ਮੀਰ ਮੰਨੂ ਦੇ ਦਬਕਿਆਂ ਤੇ ਇਕ ਵਾਰ ਚੰਗੀ ਤਰ੍ਹਾਂ ਝੰਜੋੜਨ ਨਾਲ ਮਿਰਜ਼ਾ ਸਾਹਿਬ ਦਾ ਸਾਰਾ ਨਸ਼ਾ ਉਤਰ ਗਿਆ।

"ਰਾਤ ਨੂੰ ਪਹਿਰੇ 'ਤੇ ਕੌਣ ਸੀ ?" ਮੀਰ ਮੰਨੂ ਨੇ ਪੁਛਿਆ।

"ਜੀ ਇਕ ਤਾਂ ਮੈਂ ਸਾਂ।" ਉਹੀ ਸਿਪਾਹੀ ਬੋਲਿਆ, ਜਿਸ ਨੇ ਰਾਤ ਗੁਲਾਬ ਸਿੰਘ ਨੂੰ ਛਡਿਆ ਸੀ।

"ਸਿਖ ਕਿਹੜੇ ਵੇਲੇ ਭੱਜੇ ਨੇ ?" ਮੀਰ ਮੰਨੂ ਨੇ ਉਹਨੂੰ ਪੁਛਿਆ।

"ਜੀ, ਭੱਜੇ ਤਾਂ ਕੋਈ ਨਹੀਂ। ਸਿਰਫ਼ ਇਕ ਆਦਮੀ ਛਡਿਆ ਏ, ਮਿਰਜ਼ਾ ਸਾਹਿਬ ਨੇ।" ਉਸ ਉੱਤਰ ਦਿੱਤਾ।

"ਹੈਂ, ਮੈਂ ਛਡਿਆ ਏ, ਇਹ ਕੀ ਪਿਆ ਬਕਦਾ ਏਂ ?" ਮਿਰਜ਼ੇ ਨੇ ਕਿਹਾ। ਰਹਿਮਾਨ ਖ਼ਾਨ ਵੀ ਬਹਾਨੇ ਨਾਲ ਕੋਤਵਾਲੀ ਆ ਗਿਆ ਸੀ ਤਾਕਿ ਉਹ ਸਿਪਾਹੀ ਨੂੰ ਬਚਾ ਸਕੇ।

"ਜਨਾਬ ਕੋਲ ਸਾਰੇ ਕਮਰਿਆਂ ਦੀਆਂ ਚਾਬੀਆਂ ਸਨ। ਅੱਧੀ ਰਾਤ ਵੇਲੇ ਆਪ

ਨੇ ਦਰਵਾਜ਼ਾ ਖੋਲ੍ਹ ਕੇ ਇਕ ਸਿਖ ਨੂੰ ਛੱਡ ਦਿੱਤਾ ਤੇ ਜਾਂਦਿਆਂ ਉਹਨੂੰ ਧੱਕਾ ਦੇ ਕੇ ਆਖਿਆ ਸੀ ਕਿ ਦਫ਼ਾ ਹੋ ਜਾ, ਫਿਰ ਨਾ ਲਾਹੌਰ ਵੱਲ ਆਈਂ।" ਸਿਪਾਹੀ ਨੇ ਇਸ ਤਰ੍ਹਾਂ ਕਹਾਣੀ ਬਣਾ ਕੇ ਦੱਸ ਦਿੱਤੀ।

"ਪਰ ਉਲੂ ਦੇ ਪੱਠੇ ਤੂੰ ਕਿਉਂ ਸਿਖ ਨੂੰ ਜਾਣ ਦਿੱਤਾ?" ਮੀਰ ਮੰਨੂ ਨੇ ਗੁੱਸੇ ਨਾਲ ਸਿਪਾਹੀ ਤੋਂ ਪੁਛਿਆ। ਸਿਪਾਹੀ ਚੁੱਪ ਹੋ ਗਿਆ। ਉਹਨੂੰ ਚੁੱਪ ਵੇਖ ਕੇ ਰਹਿਮਾਨ ਖ਼ਾਨ ਬੋਲ ਪਿਆ, "ਜਨਾਬ! ਜੇ ਮਿਰਜ਼ਾ ਸਾਹਿਬ ਕਿਸੇ ਨੂੰ ਛੱਡ ਰਹੇ ਹੋਣ ਤਾਂ ਇਕ ਸਿਪਾਹੀ ਦੀ ਕੀ ਮਜ਼ਾਲ ਏ ਕਿ ਉਹ ਰੋਕ ਲਵੇ।"

"ਕਿਉਂ ਉਏ ਬੁਢੇ ਚੋਰਿਆ, ਤੂੰ ਕਿਉਂ ਛਡਿਆ?" ਮੀਰ ਮੰਨੂ ਨੇ ਗੁੱਸੇ ਨਾਲ ਮਿਰਜ਼ੇ ਨੂੰ ਉਹ ਸ਼ਬਦ ਕਹਿ ਦਿੱਤੇ ਜੋ ਉਸ ਕਦੇ ਵੀ ਕਿਸੇ ਮੁਖੀ ਨੂੰ ਸਿਪਾਹੀਆਂ ਸਾਹਮਣੇ ਨਹੀਂ ਸਨ ਕਹੇ।

"ਮੈਨੂੰ ਤਾਂ ਪਤਾ ਨਹੀਂ।", ਮਿਰਜ਼ੇ ਨੇ ਕਿਹਾ, "ਮੈਂ ਨਹੀਂ ਛਡਿਆ ਕੋਈ ਵੀ।"

"ਚਾਬੀਆਂ ਕਿਸ ਪਾਸ ਸਨ?" ਰਹਿਮਾਨ ਖ਼ਾਨ ਨੇ ਕਿਹਾ, "ਹੁਣੇ ਪਤਾ ਲੱਗ ਜਾਂਦਾ ਏ ਕਿ ਕਿਸ ਛਡਿਆ ਏ ਸਿੱਖਾਂ ਨੂੰ?"

"ਚਾਬੀਆਂ ਤਾਂ ਮੇਰੇ ਪਾਸ ਨੇ।" ਮਿਰਜ਼ੇ ਨੇ ਆਪਣੀ ਜੇਬ ਵਿਚ ਹੱਥ ਪਾ ਕੇ ਚਾਬੀਆਂ ਕੱਢ ਕੇ ਸਾਹਮਣੇ ਰੱਖ ਦਿੱਤੀਆਂ।

"ਸ਼ਰਾਬ ਪੀ ਕੇ ਅੰਨ੍ਹਾ ਹੋ ਗਿਆ ਸੀ ਤੇ ਇਹਨੂੰ ਕੀ ਪਤਾ ਏ ਕੀ ਕਰਦਾ ਰਿਹਾ ਏ?" ਮੀਰ ਮੰਨੂ ਨੇ ਗੁੱਸੇ ਨਾਲ ਕਿਹਾ, "ਲੈ ਲਉ ਇਹਦੇ ਕੋਲੋਂ ਚਾਬੀਆਂ ਤੇ ਕਰ ਦਿਓ ਇਹਨੂੰ ਵੇਹਲਾ ਨੌਕਰੀ ਤੋਂ, ਮੈਨੂੰ ਅਜਿਹੇ ਬੰਦਿਆਂ ਦੀ ਲੋੜ ਨਹੀਂ।"

"ਨਹੀਂ ਜਨਾਬ ਮੇਰਾ ਕਸੂਰ ਨਹੀਂ।" ਮਿਰਜ਼ੇ ਨੇ ਤਰਲੇ ਨਾਲ ਕਿਹਾ।

"ਹੋਰ ਮੇਰਾ ਕਸੂਰ ਏ।" ਮੀਰ ਮੰਨੂ ਨੇ ਕਿਹਾ, "ਤੈਨੂੰ ਕਈ ਵਾਰ ਕਿਹਾ ਏ ਕਿ ਹੁੱਕਾ ਘੱਟ ਪੀਤਾ ਕਰ, ਪਰ ਤੂੰ ਹੁੱਕੇ ਦੇ ਨਾਲ ਸ਼ਰਾਬ ਦੇ ਦੌਰ ਵੀ ਤੇਜ਼ ਕਰ ਦਿੱਤੇ ਨੇ, ਮੈਨੂੰ ਤੇਰੇ ਵਰਗੇ ਬੰਦਿਆਂ ਦੀ ਲੋੜ ਨਹੀਂ।"

ਮੀਰ ਮੰਨੂ ਨੇ ਉਸੇ ਵੇਲੇ ਮਿਰਜ਼ੇ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ ਤੇ ਪ੍ਰਬੰਧ ਹੋਰ ਆਦਮੀ ਦੇ ਹਵਾਲੇ ਕਰ ਕੇ ਟੁਰ ਗਿਆ।

# ੧੧

ਗੁਲਾਬ ਸਿੰਘ ਕੋਤਵਾਲੀ ਤੋਂ ਨਿਕਲ ਕੇ ਟੁਰ ਪਿਆ। ਸਾਹਮਣੇ ਦੂਰ ਤਕ ਬਾਜ਼ਾਰ ਵਿਚ ਕੋਈ ਆਦਮੀ ਨਹੀਂ ਸੀ ਨਜ਼ਰ ਆ ਰਿਹਾ। ਉਸ ਸਿੱਧਾ ਜਾਣਾ ਠੀਕ ਨਾ ਸਮਝਿਆ, ਕਿਉਂਕਿ ਦੂਰ ਤੋਂ ਹੀ ਦੇਖਿਆ ਜਾ ਸਕਦਾ ਸੀ। ਉਹ ਝਟ ਹੀ ਇਕ ਗਲੀ ਦਾ ਮੋੜ ਮੁੜ ਕੇ ਮਹੱਲੇ ਵਿਚ ਵੜ ਗਿਆ। ਅੱਗੇ ਗਲੀ ਵਿਚ ਬਹੁਤ ਸਾਰੇ ਕੁੱਤੇ ਖੜੇ ਸਨ। ਉਹਨਾਂ ਜਦ ਪਰਦੇਸੀ ਨੂੰ ਹੋਰ ਹੀ ਤਰ੍ਹਾਂ ਦੇ ਕਪੜਿਆਂ ਵਿਚ ਦੇਖਿਆ ਤਾਂ ਉਹ ਭੌਂਕਣ ਲੱਗ ਪਏ। ਗੁਲਾਬ ਸਿੰਘ ਨੇ ਇਸ ਤੋਂ ਅੱਗੇ ਜਾਣਾ ਖ਼ਤਰਨਾਕ ਸਮਝਿਆ ਤੇ ਪਿਛੇ ਨੂੰ ਪਰਤ ਪਿਆ।

ਬਾਜ਼ਾਰ ਵਿਚ ਆ ਕੇ ਉਹ ਕੁਝ ਕਦਮ ਟੁਰਣ ਪਿਛੋਂ ਫਿਰ ਇਕ ਹੋਰ ਬਾਜ਼ਾਰ ਵਿਚ ਪਰਤ ਗਿਆ। ਦੂਰ ਸਾਹਮਣੇ ਘੋੜੇ 'ਤੇ ਆਉਂਦੇ ਕੁਝ ਆਦਮੀ ਦਿਸੇ। ਗੁਲਾਬ ਸਿੰਘ ਘਬਰਾ ਗਿਆ। ਉਸ ਸਮੇਂ ਉਸ ਪਾਸ ਨਾ ਤਾਂ ਕੋਈ ਬੰਦੂਕ ਸੀ ਤੇ ਨਾ ਹੀ ਆਪਣੀ ਵੱਡੀ ਕਿਰਪਾਨ, ਇਹ ਸਾਰੇ ਹਥਿਆਰ ਤਾਂ ਗ੍ਰਿਫ਼ਤਾਰੀ ਸਮੇਂ ਖੋਹ ਲਏ ਗਏ ਸਨ; ਇਸ ਲਈ ਗੁਲਾਬ ਸਿੰਘ ਦੌੜ ਪਿਆ ਤਾਂ ਉਹਨਾਂ ਨੂੰ ਸ਼ਕ ਪੈ ਗਿਆ ਕਿ ਇਹ ਜ਼ਰੂਰ ਕੋਈ ਚੋਰ ਹੈ।

ਉਹਨਾਂ ਇਹਦੇ ਪਿਛੇ ਘੋੜੇ ਭਜਾ ਦਿੱਤੇ। ਬਾਜ਼ਾਰ ਵਿਚ ਸਿੱਧਾ ਦੌੜਨ ਨਾਲ ਤਾਂ ਉਹਨਾਂ ਦਸ ਕਦਮ ਵੀ ਨਹੀਂ ਸੀ ਪੁਟਣ ਦੇਣੇ, ਇਸ ਲਈ ਗੁਲਾਬ ਸਿੰਘ ਇਕ ਤੰਗ ਗਲੀ ਵਿਚ ਵੜ ਗਿਆ। ਘੋੜ-ਸਵਾਰ ਗਲੀ ਦੇ ਸਿਰੇ 'ਤੇ ਆ ਕੇ ਖੜੇ ਹੋ ਗਏ। ਅੱਗੇ ਘੋੜਿਆਂ ਦਾ ਜਾਣਾ ਔਖਾ ਸੀ। ਇਥੇ ਕੁਝ ਆਦਮੀ ਖੜੇ ਹੋ ਗਏ ਤੇ ਕੁਝ ਉਹਦੇ ਪਿਛੇ ਭੱਜ ਪਏ। ਉਹਨਾਂ ਦੇ ਘੋੜਿਆਂ ਤੋਂ ਉਤਰਦਿਆਂ ਤੇ ਦੂਜਿਆਂ ਨੂੰ ਫੜਾਣ ਤਕ ਗੁਲਾਬ ਸਿੰਘ ਗਲੀ ਲੰਘ ਕੇ ਦੂਜੀ ਗਲੀ ਵਿਚ ਚਲਾ ਗਿਆ।

ਰਾਤ ਦੇ ਹਨੇਰੇ ਵਿਚ ਚਾਰੇ ਪਾਸੇ ਖ਼ਾਮੋਸ਼ੀ ਹੋਣ ਕਾਰਨ ਪੈਰਾਂ ਦਾ ਮਾਮੂਲੀ ਜਿਹਾ ਖੜਾਕ ਵੀ ਦੂਰ ਤਕ ਸੁਣਾਈ ਦੇਂਦਾ ਸੀ। ਜਦ ਤਕ ਗੁਲਾਬ ਸਿੰਘ ਨੂੰ ਫ਼ੌਜੀਆਂ ਦੇ ਪੈਰਾਂ ਦਾ ਖੜਾਕ ਆਉਂਦਾ ਰਿਹਾ, ਉਹ ਨੱਸਦਾ ਗਿਆ। ਮਨ ਵਿਚ ਉਹ ਸੋਚ ਰਿਹਾ ਸੀ ਕਿ ਅਜੀਬ ਬਿਪਤਾ ਵਿਚ ਪੈ ਗਿਆ ਹਾਂ। ਜ਼ਨਾਨੀਆਂ ਛੁਡਾਣ ਦੇ ਉਪਰਾਲੇ ਕਰਦਾ ਹੋਇਆ ਆਪਣੀ ਜਾਨ ਵੀ ਬਚਾਣੀ ਔਖੀ ਹੋ ਗਈ ਹੈ। ਤਿੰਨ ਡੰਗ ਤੋਂ ਰੋਟੀ ਨਹੀਂ ਸੀ ਲੱਭੀ ਤੇ ਭੁੱਖਾ ਹੀ ਗੁਲਾਬ ਸਿੰਘ ਕੋਤਵਾਲੀ ਤੋਂ ਨਸਿਆ ਸੀ, ਇਸ ਲਈ ਛੇਤੀ ਹੀ ਸਾਹ ਚੜ੍ਹ ਗਿਆ ਤੇ ਉਹਦੇ ਲਈ ਹੋਰ ਨੱਸਣਾ ਔਖਾ ਹੋ ਗਿਆ।

ਫ਼ੌਜ ਸਾਰੇ ਇਲਾਕੇ ਵਿਚ ਖਿਲਰ ਗਈ। ਪਿਛਲੇ ਕੁਝ ਦਿਨਾਂ ਤੋਂ ਲਾਹੌਰ ਵਿਚ

ਬਹੁਤ ਚੋਰੀਆਂ ਹੋਣ ਲੱਗ ਪਈਆਂ ਸਨ ਤੇ ਫ਼ੌਜ ਨੂੰ ਇਸ ਕੰਮ 'ਤੇ ਉਚੇਚੇ ਤੌਰ 'ਤੇ ਲਾਇਆ ਗਿਆ ਸੀ ਤਾਂਕਿ ਚੋਰਾਂ ਦਾ ਸਫਾਇਆ ਕੀਤਾ ਜਾ ਸਕੇ। ਫ਼ੌਜ ਦੇ ਹਰ ਪਾਸੇ ਦੌੜਨ ਦੀਆਂ ਆਵਾਜ਼ਾਂ ਨਾਲ ਗੁਲਾਬ ਸਿੰਘ ਲਈ ਹੋਰ ਗਲੀਆਂ ਵਿਚ ਜਾਣਾ ਮੁਸ਼ਕਲ ਸੀ। ਇਕ ਗਲੀ ਦੇ ਸਿਰੇ 'ਤੇ ਜਾ ਕੇ ਉਹ ਖੜਾ ਹੋ ਗਿਆ, ਕਿਉਂਕਿ ਅਗੋਂ ਬਾਜ਼ਾਰ ਲੰਘਣਾ ਪੈਣਾ ਸੀ ਤੇ ਬਾਜ਼ਾਰ ਵਿਚ ਫ਼ੌਜੀ ਫਿਰ ਰਹੇ ਸਨ।

ਇਕ ਫ਼ੌਜੀ ਉਹਨੂੰ ਆਪਣੇ ਵੱਲ ਆਉਂਦਾ ਦਿੱਸਿਆ। ਗੁਲਾਬ ਸਿੰਘ ਪਿਛੇ ਮੁੜ ਪਿਆ, ਪਰ ਫ਼ੌਜੀ ਗਲੀ ਦੇ ਬਹੁਤ ਨੇੜੇ ਸੀ, ਇਹ ਤੇ ਭੱਜ ਕੇ ਕਿਧਰੇ ਜਾ ਨਹੀਂ ਸੀ ਸਕਦਾ। ਗਲੀ ਵਿਚ ਇਕ ਮਕਾਨ ਦੀ ਡਿਉਢੀ ਦਾ ਬਾਹਰਲਾ ਦਰਵਾਜ਼ਾ ਖੁਲ੍ਹਾ ਸੀ। ਡਿਉਢੀ ਵਿਚ ਮੰਜਾ ਪਿਆ ਸੀ ਜਿਸ 'ਤੇ ਕੋਈ ਸੁੱਤਾ ਹੋਇਆ ਸੀ। ਗੁਲਾਬ ਸਿੰਘ ਉਸ ਅੰਦਰ ਚਲਾ ਗਿਆ ਤੇ ਦਰਵਾਜ਼ੇ ਪਿਛੇ ਲੁਕ ਕੇ ਖੜਾ ਹੋ ਗਿਆ। ਫ਼ੌਜੀ ਨੇ ਗਲੀ ਵਿਚ ਦੂਰ ਤਕ ਝਾਤ ਮਾਰ ਕੇ ਦੇਖਿਆ, ਕੋਈ ਆਦਮੀ ਨਹੀਂ ਸੀ। ਅਸਲ ਵਿਚ ਫ਼ੌਜੀ ਨੂੰ ਇਹ ਪਹਿਲਾਂ ਹੀ ਨਜ਼ਰ ਨਹੀਂ ਸੀ ਪਿਆ। ਉਹ ਤਾਂ ਉਂਝ ਹੀ ਦੂਜੇ ਬਾਜ਼ਾਰਾਂ ਵਿਚੋਂ ਫ਼ੌਜ ਦੀ ਦੌੜ ਸੁਣ ਕੇ ਫਿਰ ਰਿਹਾ ਸੀ।

ਗੁਲਾਬ ਸਿੰਘ ਜਦ ਡਿਉਢੀ ਵਿਚ ਦਰਵਾਜ਼ੇ ਪਿਛੇ ਹੋਇਆ ਤਾਂ ਸੁੱਤੇ ਪਏ ਆਦਮੀ ਦੀ ਜਾਗ ਖੁਲ੍ਹ ਗਈ। ਉਸ ਮੂੰਹ ਤੋਂ ਕਪੜਾ ਲਾਹ ਕੇ ਕਿਹਾ, "ਕੌਣ ਏਂ ?"

"ਮੈਂ ਹਾਂ ਰੱਬ ਦਾ ਬੰਦਾ", ਗੁਲਾਬ ਸਿੰਘ ਨੇ ਕਿਹਾ। ਸੁੱਤਾ ਪਿਆ ਆਦਮੀ ਝਟ ਉੱਠ ਕੇ ਬੈਠ ਗਿਆ।

"ਹੈਂ, ਰੱਬ ਦਾ ਬੰਦਾ!" ਅੱਖਾਂ ਮਲਦਿਆਂ ਉਸ ਕਿਹਾ। "ਹੈਣ ਤਾਂ ਸਾਰੇ ਹੀ ਰੱਬ ਦੇ ਬੰਦੇ, ਪਰ ਤੂੰ ਕੋਈ ਵੱਖਰੀ ਕਿਸਮ ਦਾ ਏਂ। ਸਾਹਮਣੇ ਹੋਏਂ ਨਾ ਕੌਣ ਏਂ ?"

ਗੁਲਾਬ ਸਿੰਘ ਡਰ ਗਿਆ। ਉਹਨੂੰ ਬੰਦੇ ਦੀ ਆਵਾਜ਼ ਤਾਂ ਕੁਝ ਜਾਣੀ ਪਛਾਣੀ ਲੱਗੀ, ਪਰ ਉਹ ਪਛਾਣ ਨਾ ਸਕਿਆ ਕਿ ਇਹ ਕੌਣ ਏ। ਡਰਦੇ ਮਾਰੇ ਉਹ ਸਾਹਮਣੇ ਨਹੀਂ ਸੀ ਆਉਂਦਾ, ਪਰ ਉਹਨੂੰ ਇਹ ਵੀ ਖ਼ਤਰਾ ਸੀ ਕਿ ਹੁਣੇ ਚੋਰ ਚੋਰ ਕਰਕੇ ਮੁਲਖ ਇਕੱਠਾ ਕਰ ਲੈਣਾ ਏਂ, ਇਸ ਲਈ ਉਹ ਸਾਹਮਣੇ ਆ ਗਿਆ।

ਮੰਜੇ ਤੋਂ ਉਤਰ ਕੇ ਆਦਮੀ ਨੇ ਗੁਲਾਬ ਸਿੰਘ ਨੂੰ ਧੌਣ ਤੋਂ ਫੜ ਲਿਆ ਤੇ ਚੰਨ ਦੀ ਚਾਨਣੀ ਵਿਚ ਕਰਨ ਲਈ ਦਰਵਾਜ਼ੇ ਦੇ ਨੇੜੇ ਲੈ ਆਇਆ।

ਗੁਲਾਬ ਸਿੰਘ ਨੇ ਉਸਦੀ ਮਰਜ਼ੀ ਜਾਣਨ ਲਈ ਅੱਖਾਂ ਉੱਚੀਆਂ ਕਰਕੇ ਦੇਖਿਆ। ਉਸ ਸੋਚਿਆ ਕਿ ਜੇ ਇਹ ਮੈਨੂੰ ਮਾਰਨਾ ਚਾਹੁੰਦਾ ਹੋਵੇ ਤਾਂ ਮੈਂ ਪਹਿਲਾਂ ਹੀ ਇਸ ਨੂੰ ਢਾਹ ਲਵਾਂ ਤੇ ਇਹਦੇ ਵਾਰ ਕਰਨ ਤੋਂ ਪਹਿਲਾਂ ਸਫ਼ਾਇਆ ਕਰ ਦਿਆਂ! ਜਦ ਗੁਲਾਬ ਸਿੰਘ ਨੇ ਗਹੁ ਨਾਲ ਦੇਖਿਆ ਤਾਂ ਇਕਦਮ ਬੋਲਿਆ, "ਹੈਂ! ਤੂੰ ਪੋਖਰ ਏਂ ?"

ਹੁਣ ਪੋਖਰ ਨੇ ਵੀ ਪਛਾਣ ਲਿਆ। ਗੁਲਾਬ ਸਿੰਘ ਦਾ ਹੁਲੀਆ ਹੋਰ ਹੀ ਤਰ੍ਹਾਂ ਬਣਿਆ ਹੋਇਆ ਸੀ ਜਿਸ ਕਰਕੇ ਉਹਨੂੰ ਪਤਾ ਹੀ ਨਾ ਲੱਗ ਸਕਿਆ।

"ਮੈਨੂੰ ਆਵਾਜ਼ ਤੋਂ ਹੀ ਜਾਪਦਾ ਸੀ ਜਿਵੇਂ ਪਹਿਲਾਂ ਵੀ ਸੁਣੀ ਹੁੰਦੀ ਏ, ਪਰ ਇਹ ਤਾਂ ਮੇਰੇ ਸੁਪਨੇ ਵਿਚ ਖ਼ਿਆਲ ਨਹੀਂ ਸੀ ਕਿ ਤੁਸੀਂ ਮਿਲ ਜਾਉਗੇ।" ਉਸ ਕਿਹਾ।

ਪੋਖਰ ਨੇ ਗੁਲਾਬ ਸਿੰਘ ਨੂੰ ਜੱਫਾ ਪਾ ਲਿਆ ਤੇ ਪੁਛਿਆ, "ਤੁਸੀਂ ਕਿਥੇ ਰਹੇ ਹੋ ? ਮੈਂ ਤਾਂ ਢੂੰਡ ਢੂੰਡ ਕੇ ਫਾਵਾ ਹੋ ਗਿਆ ਸਾਂ।"

"ਇਸ ਗਲੀ ਵਿਚ ਖੜੇ ਰਹਿਣਾ ਖ਼ਤਰਨਾਕ ਏ, ਇਸ ਲਈ ਅੰਦਰ ਚੱਲ ਕੇ ਤੈਨੂੰ ਦੱਸਦਾ ਹਾਂ ਕਿ ਮੇਰੇ ਨਾਲ ਕੀ ਬੀਤੀ ਏ।"

ਦੋਵੇਂ ਅੰਦਰ ਚਲੇ ਗਏ। ਗੁਲਾਬ ਸਿੰਘ ਨੇ ਕਿਹਾ, "ਤੂੰ ਇਥੇ ਕਿਵੇਂ ਵੇ ?"

ਮੈਂ ਤੁਹਾਨੂੰ ਦਸਿਆ ਸੀ ਕਿ ਮੇਰਾ ਮਾਮਾ ਇਥੇ ਰਹਿੰਦਾ ਏ। ਉਹਦੇ ਘਰ ਪਹਿਲੀ ਵਾਰ ਆ ਕੇ ਟਿਕਿਆ ਸਾਂ ਤੇ ਹੁਣ ਵੀ ਜਦੋਂ ਦਾ ਆਇਆ ਹਾਂ, ਇਥੇ ਹੀ ਰਹਿ ਰਿਹਾ ਹਾਂ।" ਪੋਖਰ ਨੇ ਦਸਿਆ।

"ਫਿਰ ਤਾਂ ਚੰਗੀ ਗੱਲ ਏ। ਅੱਛਾ, ਪਹਿਲਾਂ ਡਿਉਢੀ ਦਾ ਬਾਹਰਲਾ ਦਰਵਾਜ਼ਾ ਬੰਦ ਕਰ ਦੇ, ਫਿਰ ਗੱਲਾਂ ਕਰਾਂਗੇ।" ਗੁਲਾਬ ਸਿੰਘ ਨੇ ਕਿਹਾ।

"ਰੇਸ਼ਮਾ ਹੋਰਾਂ ਦਾ ਪਤਾ ਕੀਤਾ ਈ ਕਿ ਨਹੀਂ ?"

"ਮੈਨੂੰ ਏਥੇ ਆਇਆਂ ਦੋ ਦਿਨ ਹੋ ਗਏ ਹਨ। ਮੈਂ ਪਤਾ ਕਰ ਲਿਆ ਹੈ। ਬੀਬੀ ਜੀ ਤੇ ਦਲੀਪ ਦਾ ਪਤਾ ਨਹੀਂ ਕਿਸ ਤਰ੍ਹਾਂ ਬੱਚ ਕੇ ਨਿਕਲ ਗਏ ਹਨ। ਅਜੇ ਤਕ ਫ਼ੌਜ ਨੂੰ ਇਹ ਪਤਾ ਨਹੀਂ ਲੱਗਾ ਕਿ ਉਹ ਕਿਸ ਤਰ੍ਹਾਂ ਭੱਜੇ ਹਨ। ਮੈਨੂੰ ਅੱਜ ਸ਼ਾਮ ਨੂੰ ਹੀ ਇਸ ਬਾਰੇ ਪਤਾ ਲੱਗਾ ਸੀ, ਪਰ ਉਹਨਾਂ ਨੂੰ ਨੱਸਿਆਂ ਤਾਂ ਦੋ ਦਿਨ ਹੋ ਗਏ ਹਨ, ਇਸ ਲਈ ਮੈਨੂੰ ਉਹਨਾਂ ਬਾਰੇ ਹੋਰ ਕੋਈ ਸੂਹ ਨਹੀਂ ਮਿਲ ਸਕੀ।" ਪੋਖਰ ਨੇ ਦਸਿਆ।

ਇਸ ਤਰ੍ਹਾਂ ਬਾਕੀ ਸਾਰੀ ਰਾਤ ਗੁਲਾਬ ਸਿੰਘ ਤੇ ਪੋਖਰ ਗੱਲਾਂ ਕਰਦੇ ਰਹੇ। ਗੁਲਾਬ ਸਿੰਘ ਨੇ ਉਹਨੂੰ ਆਪਣੇ ਨਾਲ ਬੀਤੀ ਸਾਰੀ ਗੱਲ ਦੱਸੀ। ਤੜਕੇ ਹੀ ਗੁਲਾਬ ਸਿੰਘ ਨੇ ਕਿਹਾ, "ਸਾਨੂੰ ਹੁਣ ਇਥੋਂ ਭੱਜ ਜਾਣਾ ਚਾਹੀਦਾ ਹੈ। ਇਥੇ ਰਹਿਣਾ ਸਾਡੇ ਲਈ ਖ਼ਤਰਨਾਕ ਹੈ, ਨਾਲੇ ਪਤਾ ਨਹੀਂ ਤੇਰੇ ਮਾਮੇ ਦੇ ਕੀ ਖ਼ਿਆਲ ਨੇ।"

"ਨਹੀਂ, ਹੁਣੇ ਅਸੀਂ ਨਹੀਂ ਜਾ ਸਕਦੇ। ਦਿਹਾੜੀ ਤੁਸੀਂ ਇਥੇ ਹੀ ਰਹੋ।" ਪੋਖਰ ਨੇ ਕਿਹਾ।

ਜਦ ਪੋਖਰ ਦਰਵਾਜ਼ਾ ਬੰਦ ਕਰਕੇ ਆਇਆ ਤਾਂ ਗੁਲਾਬ ਸਿੰਘ ਨੇ ਪੁਛਿਆ, "ਤੈਨੂੰ ਇਥੇ ਆਇਆਂ ਕਿਤਨੇ ਦਿਨ ਹੋ ਗਏ ਹਨ ਅਤੇ ਅਸੀਂ ਇਥੋਂ ਭੱਜ ਕੇ ਕਿਥੇ

ਜਾ ਸਕਦੇ ਹਾਂ?"

ਅਜੇ ਇਹ ਗੱਲਾਂ ਹੀ ਕਰ ਰਹੇ ਸਨ ਕਿ ਪੋਖਰ ਦਾ ਮਾਮਾ ਜਵਾਏ ਸ਼ਾਹ ਜਾਗ ਪਿਆ ਅਤੇ ਡਿਊਢੀ ਵਿਚ ਗੱਲਾਂ ਦੀ ਆਵਾਜ਼ ਸੁਣ ਕੇ ਝਟ ਇਧਰ ਆ ਗਿਆ। ਪੋਖਰ ਨੇ ਉਹਨੂੰ ਆਉਂਦਿਆਂ ਹੀ ਦਸਿਆ, "ਮਾਮਾ ਜੀ, ਇਹ ਜੇ ਗੁਲਾਬ ਸਿੰਘ ਹੋਰੀਂ, ਜਿਨ੍ਹਾਂ ਕੋਲ ਮੈਂ ਕੰਮ ਕਰਦਾ ਹਾਂ। ਇਹਨਾਂ ਦੇ ਟੱਬਰ ਦਾ ਪਤਾ ਕਰਨ ਲਈ ਹੀ ਮੈਂ ਇਥੇ ਆਇਆ ਹਾਂ।"

ਜਵਾਏ ਸ਼ਾਹ ਨੇ ਬੜੇ ਧਿਆਨ ਨਾਲ ਗੁਲਾਬ ਸਿੰਘ ਵੱਲ ਵੇਖਿਆ। ਗੁਲਾਬ ਸਿੰਘ ਦਾ ਹੁਲੀਆ ਕੁਝ ਇਸ ਤਰ੍ਹਾਂ ਦਾ ਬਣਿਆ ਹੋਇਆ ਸੀ ਕਿ ਉਹ ਸਿਖ ਨਹੀਂ, ਸਗੋਂ ਰਾਜਪੂਤਾਨੇ ਦਾ ਰਾਜਪੂਤ ਜਾਪਦਾ ਸੀ। ਪੋਖਰ ਦੀ ਗੱਲ ਸੁਣਦਿਆਂ ਹੀ ਜਵਾਏ ਸ਼ਾਹ ਨੇ ਕਿਹਾ, "ਬੜੀ ਖੁਸ਼ੀ ਦੀ ਗੱਲ ਹੈ ਕਿ ਇਹ ਆ ਗਏ ਨੇ। ਇਹ ਇਹਨਾਂ ਦਾ ਆਪਣਾ ਘਰ ਹੈ। ਅਸੀਂ ਤਾਂ ਕਹਿੰਨੇ ਹਾਂ ਕਿ ਪਰਮਾਤਮਾ ਕਰੇ ਝਟਪਟ ਇਹਨਾਂ ਦਾ ਸਾਰਾ ਟੱਬਰ ਮਿਲ ਜਾਏ।" ਜਵਾਏ ਸ਼ਾਹ ਨੇ ਆਪਣੇ ਹੱਥ ਜੋੜ ਲਏ ਤੇ ਬੜੀ ਨਿਮਰਤਾ ਨਾਲ ਸਤਿਕਾਰ ਪ੍ਰਗਟ ਕੀਤਾ। ਗੁਲਾਬ ਸਿੰਘ ਨੇ ਵੀ ਉਸੇ ਤਰ੍ਹਾਂ ਹੱਥ ਜੋੜੇ ਤੇ ਜਵਾਏ ਸ਼ਾਹ ਦਾ ਧੰਨਵਾਦ ਕਰਦਿਆਂ ਕਿਹਾ, "ਸ਼ਾਹ ਜੀ, ਤੁਹਾਡੀ ਬੜੀ ਮੇਹਰਬਾਨੀ ਹੈ, ਅਸਲ ਸੱਜਣ ਉਹ ਹੀ ਹੁੰਦਾ ਹੈ ਜੋ ਔਖੇ ਵੇਲੇ ਕੰਮ ਆਵੇ। ਇਹ ਸਾਡੇ ਚੰਗੇ ਭਾਗ ਹਨ ਕਿ ਤੁਸੀਂ ਲਾਹੌਰ ਵਿਚ ਬੈਠੇ ਹੋ ਤੇ ਸਾਨੂੰ ਸਿਰ ਲੁਕਾਉਣ ਲਈ ਥਾਂ ਮਿਲ ਗਈ ਏ।"

"ਰਾਮ, ਰਾਮ, ਰਾਮ ਇਹ ਤੁਸੀਂ ਕੀ ਕਹਿੰਦੇ ਹੋ। ਸਾਰਾ ਕੁਝ ਤੁਹਾਡਾ ਹੀ ਏ। ਤੁਹਾਨੂੰ ਮੇਰੇ ਕੋਲ ਠਹਿਰ ਕੇ ਕੋਈ ਔਕੜ ਨਹੀਂ ਹੋਵੇਗੀ। ਬਾਕੀ ਉਹ ਤਾਂ ਤੁਹਾਨੂੰ ਪੋਖਰ ਨੇ ਦੱਸ ਹੀ ਦਿੱਤਾ ਹੋਵੇਗਾ ਕਿ ਤੁਹਾਡਾ ਟੱਬਰ ਪਤਾ ਨਹੀਂ ਕਿਧਰ ਚਲਿਆ ਗਿਆ ਏ। ਮੈਂ ਤਾਂ ਕਹਿਨਾਂ ਇਹ ਚੰਗਾ ਹੀ ਹੋਇਆ, ਨਹੀਂ ਤਾਂ ਮੀਰ ਮੰਨੂ ਨੇ ਤਾਂ ਮਾਰ ਸੁਟਣਾ ਸੀ। ਉਹ ਰੋਜ਼ ਹੀ ਖ਼ੂਨ ਦੀਆਂ ਨਦੀਆਂ ਵਗਾਂਦਾ ਏ," ਜਵਾਏ ਸ਼ਾਹ ਨੇ ਕਿਹਾ ਤੇ ਫੇਰ ਪੋਖਰ ਵੱਲ ਮੂੰਹ ਕਰਕੇ ਬੋਲਿਆ, "ਉੱਠ ਬਈ ਪੋਖਰ, ਸਰਦਾਰ ਜੀ ਲਈ ਕੁਝ ਖਾਣ ਪੀਣ ਨੂੰ ਲਿਆ। ਮਾਮੀ ਤੇਰੀ ਨੇ ਹੁਣੇ ਮਧਾਣੀ ਪਾਈ ਏ। ਲੱਸੀ ਲਿਆ ਕੇ ਪਿਆ।"

ਪੋਖਰ ਉਸੇ ਵੇਲੇ ਉਠਿਆ ਤੇ ਅੰਦਰ ਚਲਾ ਗਿਆ। ਜਵਾਏ ਸ਼ਾਹ ਗੁਲਾਬ ਸਿੰਘ ਦੇ ਕੋਲ ਹੀ ਮੰਜੇ 'ਤੇ ਬਹਿ ਗਿਆ ਅਤੇ ਹੌਲੀ ਜਿਹੀ ਕਿਹਾ, "ਤੁਸੀਂ ਅੱਜ ਬਾਹਰ ਨਾ ਨਿਕਲਣਾ। ਸ਼ਹਿਰ ਵਿਚ ਸਾਰਾ ਦਿਨ ਸਰਕਾਰ ਦੇ ਸੂਹੀਏ ਫਿਰਦੇ ਰਹਿੰਦੇ ਹਨ। ਕੋਈ ਦਿਨ ਖ਼ਾਲੀ ਨਹੀਂ ਜਾਂਦਾ ਜਦੋਂ ਉਹ ਸ਼ਹਿਰ ਵਿਚੋਂ ਜਾਂ ਆਲੇ-ਦੁਆਲੇ ਵਿਚੋਂ ਲੰਘਦੇ ਦੋ ਚਾਰ ਸਿੱਖਾਂ ਨੂੰ ਫੜ ਨਹੀਂ ਲਿਆਉਂਦੇ। ਤੁਸਾਂ ਸੁਣਿਆ ਹੋਣਾ ਹੈ ਕਿ ਅਜੇ

ਕੱਲ੍ਹ ਹੀ ਦਰਜਨਾਂ ਸਿੱਖਾਂ ਨੂੰ ਹਜ਼ਾਰਾਂ ਲੋਕਾਂ ਸਾਹਮਣੇ ਮਾਰਿਆ ਗਿਆ ਹੈ। ਮੈਂ ਆਪ ਵੇਖਿਆ ਹੈ ਕਿ ਬਾਹਰੋਂ ਸਿੱਖਾਂ ਦੇ ਸਿਰ ਵੱਢ ਕੇ ਨੇਜ਼ਿਆਂ 'ਤੇ ਟੰਗੀ ਲੋਕੀਂ ਲੈ ਆਉਂਦੇ ਨੇ ਅਤੇ ਸਰਕਾਰ ਵਲੋਂ ਸਾਰਿਆਂ ਨੂੰ ਇਨਾਮ ਮਿਲਦੇ ਹਨ।"

ਜਵਾਏ ਸ਼ਾਹ ਦੀਆਂ ਗੱਲਾਂ ਸੁਣ ਕੇ ਗੁਲਾਬ ਸਿੰਘ ਦਾ ਖ਼ੂਨ ਖੌਲਣ ਲੱਗ ਪਿਆ। ਉਸ ਕਿਹਾ, "ਸ਼ਾਹ ਜੀ, ਮੈਨੂੰ ਝਟਪਟ ਲਾਹੌਰ 'ਚੋਂ ਕਢੋ ਤੇ ਮੈਂ ਸਿੰਘਾਂ ਦੇ ਸਾਰੇ ਜਥੇ ਇਕੱਠੇ ਕਰ ਕੇ ਲਾਹੌਰ 'ਤੇ ਚਾੜ੍ਹ ਲਿਆਉਂਦਾ ਹਾਂ, ਫਿਰ ਵੇਖੀ ਜਾਏਗੀ ਜੋ ਕੁਝ ਬੀਤੇਗੀ। ਜਾਂ ਤੇ ਸਾਡਾ ਇਹ ਹਮਲਾ ਜ਼ਾਲਮ ਮੀਰ ਮੰਨੂ ਨੂੰ ਖ਼ਤਮ ਕਰ ਦੇਵੇਗਾ ਤੇ ਜਾਂ ਅਸੀਂ ਮਰ ਜਾਵਾਂਗੇ। ਗੱਲ ਇਕ ਬੰਨੇ ਤਾਂ ਲਗੇਗੀ। ਮੈਂ ਇਕ ਬੜੀ ਵੱਡੀ ਗ਼ਲਤੀ ਕਰ ਬੈਠਾ ਹਾਂ, ਜਿਹੜਾ ਸ਼ਹਿਰ ਆ ਗਿਆ ਹਾਂ। ਮੈਨੂੰ ਇਧਰ ਨਹੀਂ ਸੀ ਆਉਣਾ ਚਾਹੀਦਾ। ਜੇ ਮੈਂ ਬਾਹਰ ਹੁੰਦਾ ਤਾਂ ਹੁਣ ਤਕ ਕਦੋਂ ਦਾ ਦੋ-ਟੁਕ ਫ਼ੈਸਲਾ ਕਰ ਲਿਆ ਹੁੰਦਾ। ਖ਼ੈਰ ਕੋਈ ਨਹੀਂ, ਸਿੰਘਾਂ ਨੂੰ ਪਤਾ ਤਾਂ ਹਰ ਥਾਂ ਲੱਗ ਗਿਆ ਹੋਣਾ ਏਂ। ਅਜਿਹੀ ਗੱਲ ਗੁਝੀ ਛਿਪੀ ਰਹਿ ਨਹੀਂ ਸਕਦੀ। ਤੁਸੀ ਵੇਖਿਆ ਜੇ, ਅਸੀਂ ਹੇਠਲੀ ਉਤੇ ਕਿਵੇਂ ਕਰਦੇ ਹਾਂ।"

ਝਟ ਹੀ ਪੋਖਰ ਲੱਸੀ ਲੈ ਆਇਆ ਤੇ ਗੁਲਾਬ ਸਿੰਘ ਨੇ ਉਹ ਪੀ ਲਈ। ਕੁਝ ਦੇਰ ਹੋਰ ਗੱਲਾਂ ਚਲਦੀਆਂ ਰਹੀਆਂ। ਜਦ ਚੰਗਾ ਦਿਨ ਚੜ੍ਹ ਪਿਆ ਤਾਂ ਜਵਾਏ ਸ਼ਾਹ ਨੇ ਕਿਹਾ, "ਸਰਦਾਰ ਜੀ ਤੁਸੀਂ ਪਿਛਲੇ ਅੰਦਰ ਲੰਘ ਚਲੋ। ਹੁਣ ਕਈਆਂ ਨੇ ਸਾਡੇ ਘਰ ਆ ਜਾਣਾ ਏ। ਇਸ ਤਰ੍ਹਾਂ ਡਰ ਹੈ ਕਿ ਕਿਤੇ ਬਾਹਰ ਨਾ ਪਤਾ ਲੱਗ ਜਾਏ।"

ਸਰਦਾਰ ਗੁਲਾਬ ਸਿੰਘ ਉਠਿਆ ਤੇ ਸ਼ਾਹ ਦੇ ਪਿਛਲੇ ਅੰਦਰ ਲੰਘ ਗਿਆ।

ਜਵਾਏ ਸ਼ਾਹ ਹੱਟੀ 'ਤੇ ਚਲਾ ਗਿਆ ਤੇ ਪੋਖਰ ਸ਼ਹਿਰ ਵਿਚ ਸੂਹ ਕੱਢਣ ਲਈ ਕੋਤਵਾਲੀ ਵੱਲ ਚੱਲ ਪਿਆ।

ਜਵਾਏ ਸ਼ਾਹ ਨੇ ਅਜੇ ਹੱਟੀ ਖੋਲ੍ਹੀ ਸੀ ਕਿ ਇਕ ਮੁਸਲਮਾਨ ਆਇਆ ਤੇ ਉਸ ਆਉਂਦਿਆਂ ਹੀ ਕਿਹਾ, "ਪੰਜ ਸੇਰ ਬਦਾਮ, ਪੰਜ ਸੇਰ ਗੁੜ ਤੇ ਹੋਰ ਤੇਰੇ ਕੋਲ ਖਾਣ ਪੀਣ ਲਈ ਜੋ ਕੁਝ ਏ ਉਹ ਕੱਢ ਦੇ।"

"ਕੀ ਗੱਲ ਹੈ ਖ਼ਾਨ ਸਾਹਿਬ ਅੱਜ ਤਾਂ ਬੜੇ ਖ਼ੁਸ਼ ਦਿੱਸਦੇ ਹੋ ? ਸਾਨੂੰ ਵੀ ਚਾਅ ਦੱਸੋ ਖ਼ੁਸ਼ੀ ਦੀ ਗੱਲ। ਤੁਹਾਨੂੰ ਵਧਾਈਆਂ ਦੇਈਏ।" ਜਵਾਏ ਸ਼ਾਹ ਨੇ ਪੁਛਿਆ।

"ਕੋਈ ਖ਼ਾਸ ਗੱਲ ਨਹੀਂ," ਖ਼ਾਨ ਬੋਲਿਆ, "ਅੱਜ ਤਿੰਨ ਸਿੱਖਾਂ ਦੇ ਸਿਰ ਆਂਦੇ ਸਨ ਤੇ ਝੋਲੀ ਭਰ ਕੇ ਰੁਪਿਆਂ ਦੀ ਮਿਲੀ ਏ। ਫਿਰ ਅੱਲਾ ਦੀ ਮੇਹਰ ਵੇਖ ਕਿ ਉਹਨਾਂ ਵਿਚੋਂ ਇਕ ਸਿੱਖਾਂ ਦਾ ਮੰਨਿਆ ਲੀਡਰ ਸੀ। ਉਹਦੇ ਸਿਰ ਦਾ ਮੁੱਲ ਤਾਂ ਬਹੁਤ ਹੀ ਮਿਲਿਆ ਏ। ਅਜੇ ਜੇ ਕਿਤੇ ਜੀਉਂਦੇ ਮੇਰੇ ਹੱਥ ਆ ਜਾਂਦੇ ਤਾਂ ਫਿਰ ਕੀ ਸੀ, ਆਪਣੀਆਂ

ਮੌਜਾਂ ਹੋ ਜਾਣੀਆਂ ਸਨ।"

"ਕਿਉਂ ਜੀਉਂਦੇ ਦਾ ਬਹੁਤਾ ਮੁੱਲ ਏ ?" ਜਵਾਏ ਸ਼ਾਹ ਨੇ ਪੁਛਿਆ।

"ਸ਼ਾਹ ਤੂੰ ਪੁੱਛ ਕੁਝ ਨਾ। ਪੈਸੇ ਹੀ ਪੈਸੇ ਨੇ। ਜੀਉਂਦਾ ਫੜ ਲਓ ਜਾਂ ਮੋਇਆ।" ਖ਼ਾਨ ਨੇ ਕਿਹਾ ਤੇ ਸੌਦਾ ਲੈ ਕੇ ਜੇਬ ਵਿਚੋਂ ਮੁਠ ਭਰ ਕੇ ਰੁਪਏ ਕੱਢੇ ਤੇ ਹਿਸਾਬ ਨਾਲ ਬਣਦੇ ਰੁਪਏ ਦੇ ਕੇ ਟੁਰ ਗਿਆ।

ਜਵਾਏ ਸ਼ਾਹ ਉਸ ਪਾਸ ਬਹੁਤ ਰੁਪਏ ਵੇਖ ਕੇ ਹੈਰਾਨ ਹੋ ਗਿਆ। ਉਹਦੇ ਜਾਣ ਪਿਛੋਂ ਉਹ ਸੋਚਣ ਲੱਗ ਪਿਆ ਕਿ ਇਕ ਸਿਖ ਤਾਂ ਮੇਰੇ ਘਰ ਵਿਚ ਵੀ ਆਇਆ ਬੈਠਾ ਏ, ਜੇਕਰ ਉਹਨੂੰ ਫੜਾ ਦਿਆਂ ਤਾਂ ਬਹੁਤ ਸਾਰੀ ਰਕਮ ਮਿਲ ਸਕਦੀ ਏ। ਜੇਕਰ ਇਹ ਸਾਬਤ ਕਰ ਦਿਆਂ ਕਿ ਇਹ ਬਹੁਤ ਵੱਡਾ ਆਗੂ ਏ ਤਾਂ ਸ਼ਾਇਦ ਇਸ ਤੋਂ ਵੱਧ ਇਨਾਮ ਮਿਲ ਜਾਏ। ਇਸ ਤਰ੍ਹਾਂ ਉਹ ਹੱਟੀ 'ਤੇ ਬੈਠਾ ਸੋਚਦਾ ਰਿਹਾ।

ਉਹਦੀ ਦੁਕਾਨ ਅੱਗੋਂ ਹੋਰ ਵੀ ਕਈ ਬੰਦੇ ਲੰਘੇ, ਜਿਨ੍ਹਾਂ ਸਿੱਖਾਂ ਦੇ ਸਿਰ ਨੇਜ਼ਿਆਂ 'ਤੇ ਟੰਗੇ ਹੋਏ ਸਨ ਤੇ ਇਨਾਮ ਪ੍ਰਾਪਤ ਕਰਨ ਲਈ ਜਾ ਰਹੇ ਸਨ। ਜਿਉਂ ਜਿਉਂ ਇਹ ਉਹਨਾਂ ਵੱਲ ਧਿਆਨ ਦੇਂਦਾ, ਇਹਦਾ ਮਨ ਵੀ ਛੇਤੀ ਗੁਲਾਬ ਸਿੰਘ ਨੂੰ ਕਾਬੂ ਕਰਨ ਲਈ ਕਰਦਾ। ਉਹਨੂੰ ਇਹ ਵੀ ਪਤਾ ਸੀ ਕਿ ਜੇ ਗੁਲਾਬ ਸਿੰਘ ਨੂੰ ਫੜਾਇਆ ਤਾਂ ਪੋਖਰ ਬਹੁਤ ਔਖਾ ਹੋਏਗਾ, ਉਹ ਤਾਂ ਗੁਲਾਬ ਸਿੰਘ ਦਾ ਵਫ਼ਾਦਾਰ ਸਾਥੀ ਏ। ਇਸ ਲਈ ਅਜਿਹਾ ਰਾਹ ਲੱਭਦਾ ਰਿਹਾ, ਜਿਸ ਨਾਲ ਸੱਪ ਵੀ ਮਰ ਜਾਏ ਤੇ ਲਾਠੀ ਵੀ ਬੱਚ ਜਾਏ।

ਸ਼ਾਮ ਵੇਲੇ ਉਹ ਛੇਤੀ ਹੀ ਹੱਟੀ ਤੋਂ ਉੱਠ ਬੈਠਾ ਤੇ ਨੌਕਰ ਨੂੰ ਸਾਰਾ ਕੰਮ ਸੌਂਪ ਕੇ ਸਿੱਧਾ ਕੋਤਵਾਲੀ ਚਲਾ ਗਿਆ। ਕੋਤਵਾਲ ਕਿਧਰੇ ਗਿਆ ਹੋਇਆ ਸੀ, ਇਸ ਲਈ ਉਡੀਕਣ ਲੱਗ ਪਿਆ। ਇਥੇ ਉਹਦੇ ਬੈਠਿਆਂ ਹੀ ਕਈ ਸਿੱਖਾਂ ਦੇ ਸਿਰ ਲੈ ਕੇ ਆਏ ਤੇ ਉਹਨਾਂ ਨੂੰ ਇਨਾਮ ਮਿਲਦੇ ਰਹੇ।

ਝਟ ਪਿਛੋਂ ਕੋਤਵਾਲ ਆ ਗਿਆ। ਉਹਨੂੰ ਇਕ ਪਾਸੇ ਲਿਜਾ ਕੇ ਜਵਾਏ ਸ਼ਾਹ ਨੇ ਦਸਿਆ, "ਮੇਰੇ ਘਰ ਇਕ ਸਿਖ ਆਇਆ ਬੈਠਾ ਏ। ਉਹ ਸਿੱਖਾਂ ਦੇ ਖ਼ਤਰਨਾਕ ਟੋਲੇ ਦਾ ਆਗੂ ਏ, ਚਲੋ ਚੱਲ ਕੇ ਤੁਹਾਨੂੰ ਉਹ ਫੜਾ ਦਿਆਂ।"

"ਤੁਹਾਡੇ ਘਰ ਉਹ ਕਿਵੇਂ ਆ ਗਿਆ ਏ ?" ਕੋਤਵਾਲ ਨੇ ਕਿਹਾ। ਇਹਦਾ ਹੁਣ ਜਵਾਏ ਸ਼ਾਹ ਪਾਸ ਕੋਈ ਉੱਤਰ ਨਹੀਂ ਸੀ। ਉਸ ਇਸ ਬਾਰੇ ਸੋਚਿਆ ਹੀ ਨਹੀਂ ਸੀ ਕਿ ਇਹ ਵੀ ਪੁੱਛ ਲਿਆ ਜਾਏਗਾ, ਇਸ ਲਈ ਉਹ ਘਬਰਾ ਗਿਆ। ਉਹਦੇ ਚਿਹਰੇ ਦੇ ਉਡਦੇ ਰੰਗ ਤੋਂ ਹੀ ਕੋਤਵਾਲ ਨੂੰ ਹੋਰ ਸ਼ੱਕ ਵੱਧ ਗਿਆ। ਉਸ ਫਿਰ ਕਿਹਾ, "ਬੋਲਦਾ ਨਹੀਂ, ਤੇਰੇ ਘਰ ਕਿਵੇਂ ਆ ਗਿਆ ਏ ?"

"ਐਵੇਂ ਹੀ।" ਜਵਾਏ ਸ਼ਾਹ ਨੇ ਕਿਹਾ।

"ਐਵੇਂ ਕਿਵੇਂ ?"

"ਇਹ ਤਾਂ ਪਤਾ ਨਹੀਂ।" ਖਿੜਕਵੀਂ ਆਵਾਜ਼ ਵਿਚ ਜਵਾਏ ਸ਼ਾਹ ਨੇ ਕਿਹਾ। ਕੋਤਵਾਲ ਦੇ ਦਬਕੇ ਨਾਲ ਉਹ ਥਰ ਥਰ ਕੰਬਣ ਲੱਗ ਪਿਆ।

"ਦੇਖ ਸ਼ਾਹ, ਮੈਨੂੰ ਤੇਰੀ ਸ਼ਕਲ ਹੀ ਪਈ ਦਿੱਸਦੀ ਏ ਕਿ ਤੂੰ ਮੇਰੇ ਤੋਂ ਕੁਝ ਛੁਪਾ ਰਿਹਾ ਏਂ," ਕੋਤਵਾਲ ਨੇ ਅੱਖਾਂ ਲਾਲ ਕਰਕੇ ਕਿਹਾ, "ਸੱਚੋ ਸੱਚ ਦੱਸ ਤੇਰੇ ਪਾਸ ਉਹ ਕਿਸ ਤਰ੍ਹਾਂ ਆਇਆ ਏ। ਸਾਰਾ ਸ਼ਹਿਰ ਲੰਘ ਕੇ ਉਹ ਤੇਰੇ ਘਰ ਕਿਵੇਂ ਪਹੁੰਚਿਆ! ਜ਼ਰੂਰ ਤੇਰੀ ਉਹਨਾਂ ਨਾਲ ਸਾਂਝ ਹੋਵੇਗੀ। ਉਹ ਤੇਰੇ ਘਰ ਆਉਂਦੇ ਜਾਂਦੇ ਹੋਣਗੇ ?"

ਜਵਾਏ ਸ਼ਾਹ ਘਬਰਾ ਗਿਆ। ਉਹ ਤਾਂ ਰੁਪਏ ਦੇ ਲਾਲਚ ਵਿਚ ਗੁਲਾਬ ਸਿੰਘ ਨੂੰ ਫੜਾਣ ਲਈ ਆਇਆ ਸੀ ਤੇ ਉਲਟਾ ਆਪ ਫਸ ਗਿਆ। ਉਸ ਹੱਥ ਜੋੜ ਕੇ ਕਿਹਾ, "ਹਜ਼ੂਰ! ਮੇਰੀ ਸਿੱਖਾਂ ਨਾਲ ਕੋਈ ਸਾਂਝ ਨਹੀਂ। ਜੇ ਅਜਿਹੀ ਗੱਲ ਹੁੰਦੀ ਤਾਂ ਮੈਂ ਉਹਨਾਂ ਬਾਰੇ ਤੁਹਾਨੂੰ ਕਿਉਂ ਦੱਸਣ ਆਉਂਦਾ ?"

"ਇਹ ਤਾਂ ਤੇਰੀ ਮਿਹਰਬਾਨੀ ਏਂ ਕਿ ਤੂੰ ਦੱਸ ਦਿੱਤਾ ਏ, ਪਰ ਸਾਨੂੰ ਇਸ ਬਾਰੇ ਹੋਰ ਕੁਝ ਪਤਾ ਲੱਗਣਾ ਚਾਹੀਦਾ ਹੈ, ਪਰ ਚੱਲੋ ਫਿਰ ਪਤਾ ਕਰ ਲਵਾਂਗੇ, ਪਹਿਲਾਂ ਉਹਨੂੰ ਫੜ ਲਿਆਈਏ। ਉਸ ਪਾਸ ਹਥਿਆਰ ਹਨ ਕਿ ਖ਼ਾਲੀ ਹੱਥ ਏ ?" ਕੋਤਵਾਲ ਨੇ ਹੁਣ ਆਪਣਾ ਵਤੀਰਾ ਬਦਲਦਿਆਂ ਪੁਛਿਆ।

"ਖ਼ਾਲੀ ਹੱਥ ਹੀ ਸੀ।" ਜਵਾਏ ਸ਼ਾਹ ਨੇ ਕਿਹਾ।

ਕੁਝ ਫ਼ੌਜੀਆਂ ਨੂੰ ਨਾਲ ਲੈ ਕੇ ਕੋਤਵਾਲ ਜਵਾਏ ਸ਼ਾਹ ਦੇ ਘਰ ਚਲਾ ਗਿਆ। ਰਾਤ ਦਾ ਹਨੇਰਾ ਹੁਣ ਚਾਰੇ ਪਾਸੇ ਖਿਲਰ ਗਿਆ ਸੀ। ਜਵਾਏ ਸ਼ਾਹ ਨੇ ਮਕਾਨ ਕੋਲ ਪਹੁੰਚ ਕੇ ਕਿਹਾ, "ਜਨਾਬ ਇਹ ਹੈ ਗ਼ਰੀਬ ਖ਼ਾਨਾ।"

ਮਕਾਨ ਦਾ ਦਰਵਾਜ਼ਾ ਅੰਦਰੋਂ ਬੰਦ ਸੀ। ਡਿਉਢੀ ਵਿਚ ਹੀ ਗੁਲਾਬ ਸਿੰਘ ਤੇ ਪੋਖਰ ਬੈਠੇ ਗੱਲਾਂ ਕਰ ਰਹੇ ਸਨ। ਉਹਨਾਂ ਨੂੰ ਪਤਾ ਲੱਗ ਗਿਆ ਕਿ ਬਾਹਰ ਤਾਂ ਫ਼ੌਜ ਆ ਗਈ ਏ। ਗੁਲਾਬ ਸਿੰਘ ਝਟ ਉਠਿਆ ਤੇ ਕੋਠੇ ਦੀਆਂ ਪੌੜੀਆਂ ਚੜ੍ਹ ਗਿਆ।

ਪੋਖਰ ਨੇ ਕੁੰਡਾ ਖੋਲ੍ਹਿਆ ਤੇ ਫ਼ੌਜ ਝਟ ਅੰਦਰ ਜਾ ਵੜੀ। ਸਾਰੇ ਮਕਾਨ ਦੀ ਤਲਾਸ਼ੀ ਲਈ ਗਈ, ਪਰ ਕਿਧਰੇ ਵੀ ਕੋਈ ਸਿਖ ਨਾ ਮਿਲਿਆ। ਮਕਾਨ ਦੇ ਸਾਰੇ ਕਮਰਿਆਂ ਤੇ ਹਰ ਚੀਜ਼ ਨੂੰ ਚੰਗੀ ਤਰ੍ਹਾਂ ਦੇਖਣ ਪਿਛੋਂ ਕੋਤਵਾਲ ਨੇ ਕਿਹਾ, "ਕਿਥੇ ਈ ਸ਼ਾਹ ਸਿਖ, ਐਵੇਂ ਵਖਤ ਪਾਇਆ ਈ ਸਾਨੂੰ ?"

"ਇਥੇ ਹੀ ਸੀ ਪਤਾ ਨਹੀਂ ਕਿਧਰ ਚਲਾ ਗਿਆ ਏ।" ਸ਼ਾਹ ਨੇ ਕਿਹਾ।

ਕੋਤਵਾਲ ਨੇ ਪੋਖਰ ਨੂੰ ਪੁਛਿਆ, "ਕਿਥੇ ਜੇ ਓਦੇ ਸਿਖ ?"

"ਜਨਾਬ ਮੈਨੂੰ ਤਾਂ ਪਤਾ ਨਹੀਂ।" ਪੋਖਰ ਨੇ ਉੱਤਰ ਦਿੱਤਾ। ਉਹ ਗੁੱਸੇ ਨਾਲ ਭਰਿਆ ਪੀਤਾ ਗਿਆ ਕਿ ਉਹਦਾ ਮਾਮਾ ਬੜਾ ਧੋਖੇਬਾਜ਼ ਏ। ਫ਼ੌਜ ਨੂੰ ਆਪ ਸੱਦ ਕੇ ਲੈ ਆਇਆ ਏ। ਕੁਝ ਰੁਪਿਆਂ ਪਿਛੇ ਇਸ ਨੇ ਮੈਨੂੰ ਕਲੰਕਤ ਕਰਨ ਦਾ ਯਤਨ ਕੀਤਾ ਏ। ਉਹਦਾ ਜੀਅ ਕੀਤਾ ਕਿ ਉਹ ਹੁਣੇ ਮਾਮੇ ਨੂੰ ਫਸਾ ਦੇਵੇ, ਪਰ ਉਹ ਚੁੱਪ ਹੀ ਰਿਹਾ।

"ਪੁੱਛ ਓਏ, ਆਪਣੇ ਟੱਬਰ ਨੂੰ।" ਕੋਤਵਾਲ ਨੇ ਜਵਾਏ ਸ਼ਾਹ ਨੂੰ ਕਿਹਾ।

ਜਵਾਏ ਸ਼ਾਹ ਆਪਣੀ ਜ਼ਨਾਨੀ ਕੋਲ ਗਿਆ ਤੇ ਉਸ ਨੂੰ ਪੁਛਿਆ, "ਕਿਥੇ ਗਿਆ ਏ ਸਿਖ ? ਸਵੇਰੇ ਤਾਂ ਮੈਂ ਘਰ ਛੱਡ ਗਿਆ ਸਾਂ!"

"ਹੁਣੇ ਝਟ ਪਹਿਲਾਂ ਤਾਂ ਉਹ ਡਿਉਢੀ ਵਿਚ ਬੈਠਾ ਸੀ। ਜਦ ਪੋਖਰ ਆਇਆ ਏ ਤਾਂ ਉਹ ਅੰਦਰੋਂ ਨਿਕਲ ਕੇ ਡਿਉਢੀ ਵਿਚ ਆ ਗਿਆ ਸੀ। ਸਾਨੂੰ ਫਿਰ ਤਾਂ ਪਤਾ ਨਹੀਂ ਉਹ ਕਿਹੜੇ ਵੇਲੇ ਖਿਸਕ ਗਿਆ ਏ।" ਜਵਾਏ ਸ਼ਾਹ ਦੀ ਵਹੁਟੀ ਨੇ ਕਿਹਾ।

"ਬੇੜਾ ਗ਼ਰਕ, ਇਹ ਤਾਂ ਵਖਤ ਪੈ ਗਿਆ ਏ, ਮੈਂ ਤਾਂ ਇਸ ਲਈ ਫ਼ੌਜ ਨੂੰ ਜਾ ਕੇ ਦੱਸਿਆ ਸੀ ਤਾਕਿ ਇਹਨੂੰ ਫੜਾ ਕੇ ਇਨਾਮ ਲਵਾਂਗਾ, ਪਰ ਇਹ ਤਾਂ ਉਲਟਾ ਆਪ ਫਸ ਗਏ ਹਾਂ।" ਜਵਾਏ ਸ਼ਾਹ ਨੇ ਦੱਸਿਆ।

ਪੋਖਰ ਨੂੰ ਮਾਮੇ 'ਤੇ ਬਹੁਤ ਗੁੱਸਾ ਆ ਗਿਆ। ਉਸ ਕੋਤਵਾਲ ਨੂੰ ਹੌਲੀ ਜਿਹੀ ਕਿਹਾ, "ਇਹਨਾਂ ਆਪ ਹੀ ਉਹਨੂੰ ਘਰ ਸੱਦਿਆ ਸੀ ਤੇ ਹੁਣ ਆਪ ਹੀ ਭਜਾ ਦਿੱਤਾ ਏ।"

"ਆਪ ਕਿਵੇਂ ਭਜਾਇਆ ਸੂ ?" ਕੋਤਵਾਲ ਨੇ ਕਿਹਾ, "ਮੈਨੂੰ ਵੀ ਜਾਪਦਾ ਏ ਕਿ ਦਾਲ ਵਿਚ ਜ਼ਰੂਰ ਕਾਲਾ ਕਾਲਾ ਏ। ਵੇਖੋ ਨਾ ਕਿਵੇਂ ਜ਼ਨਾਨੀ ਨਾਲ ਹੌਲੀ ਹੌਲੀ ਗੱਲਾਂ ਕਰ ਰਿਹਾ ਏ।"

"ਵੇਖ ਲਿਆ ਜੇ ਇਨ੍ਹਾਂ ਦੱਸਣਾ ਕੁਝ ਨਹੀਂ।" ਪੋਖਰ ਨੇ ਕੋਤਵਾਲ ਨੂੰ ਚੁਕਿਆ।

"ਤੂੰ ਕੌਣ ਏਂ ?" ਕੋਤਵਾਲ ਨੇ ਪੋਖਰ ਨੂੰ ਪੁਛਿਆ, "ਮੈਂ ਜਵਾਏ ਸ਼ਾਹ ਦਾ ਭਣੇਵਾਂ ਹਾਂ। ਮੈਂ ਇਹਨਾਂ ਨੂੰ ਅੱਗੇ ਵੀ ਕਈ ਵਾਰ ਕਿਹਾ ਏ ਕਿ ਸਿੱਖਾਂ ਨੂੰ ਘਰ ਨਾ ਆਉਣ ਦਿਆ ਕਰੋ, ਪਰ ਇਹ ਨਹੀਂ ਮੁੜਦੇ।"

ਪੋਖਰ ਦਾ ਤੀਰ ਟਿਕਾਣੇ ਲੱਗਾ। ਕੋਤਵਾਲ ਨੇ ਗੁੱਸੇ ਨਾਲ ਕਿਹਾ, "ਇਧਰ ਆ ਸ਼ਾਹਾ, ਮੈਂ ਆਪੇ ਲੱਭ ਲਵਾਂਗਾ ਸਿਖ।"

ਜਵਾਏ ਸ਼ਾਹ ਕੋਤਵਾਲ ਦੇ ਜਦ ਨੇੜੇ ਆਇਆ ਤਾਂ ਕੋਤਵਾਲ ਨੇ ਵੱਟ ਕੇ ਇਕ ਥੱਪੜ ਉਹਦੇ ਮੂੰਹ 'ਤੇ ਮਾਰਿਆ ਤੇ ਕਿਹਾ, "ਮੈਨੂੰ ਲੱਗ ਗਿਆ ਏ ਪਤਾ, ਤੂੰ ਸਿੱਖਾਂ ਦਾ ਜਾਸੂਸ ਏਂ ਇਥੇ। ਤੇਰੇ ਕੋਲ ਉਨ੍ਹਾਂ ਦਾ ਅੱਡਾ ਏ।"

"ਨਹੀਂ ਹਜ਼ੂਰ, ਮੈਂ ਜਾਸੂਸ ਨਹੀਂ।" ਜਵਾਏ ਸ਼ਾਹ ਨੂੰ ਥੱਪੜ ਪੈਣ ਨਾਲ ਉਹਦੀ ਪਗੜੀ ਡਿਗ ਪਈ। ਉਸ ਨੇ ਉਸ ਨੂੰ ਚੁੱਕਦਿਆਂ ਕਿਹਾ, "ਮੈਂ ਸਿੱਖਾਂ ਦਾ ਮਿੱਤਰ ਨਹੀਂ।"

"ਅੱਜ ਲੜ ਪਿਆ ਹੋਏਂਗਾ ਕਿਸੇ ਗੱਲੋਂ ਉਨ੍ਹਾਂ ਨਾਲ।" ਕੋਤਵਾਲ ਬੋਲਿਆ। "ਮੈਨੂੰ ਪਤਾ ਏ ਤੁਸੀਂ ਹਟਵਾਣੀਏ ਪੈਸੇ ਦੇ ਪੁੱਤਰ ਹੋ।"

ਜਵਾਏ ਸ਼ਾਹ ਕੋਤਵਾਲ ਦੇ ਪੈਰੀਂ ਪੈ ਗਿਆ, ਪਰ ਕੋਤਵਾਲ ਕਦਮ ਪੁੱਟ ਕੇ ਪਿੱਛੇ ਹਟ ਗਿਆ ਤੇ ਉਸ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਜਵਾਏ ਸ਼ਾਹ ਨੂੰ ਬੰਨ੍ਹ ਕੇ ਕੋਤਵਾਲੀ ਲੈ ਚੱਲੋ। ਇਹਦੇ ਕੋਲੋਂ ਉਥੇ ਪੁੱਛਾਂਗੇ ਕਿ ਸਿੱਖਾਂ ਨੂੰ ਕਿਵੇਂ ਘਰ ਰੱਖਦਾ ਏ।

## ੧੨

ਅੱਲਾ ਦਿੱਤਾ ਨੇ ਬੜੀ ਭਾਲ ਕੀਤੀ, ਪਰ ਉਹਨੂੰ ਕਿਧਰੇ ਵੀ ਗੁਲਾਬ ਸਿੰਘ ਨਾ ਮਿਲਿਆ। ਉਹ ਹੈਰਾਨ ਸੀ ਕਿ ਰਾਤ ਨੂੰ ਕੋਤਵਾਲੀ ਤੋਂ ਨਿਕਲ਼ ਕੇ ਉਹ ਕਿਧਰ ਚਲਾ ਗਿਆ ਹੈ। ਦੂਜੇ ਦਿਨ ਤਾਂ ਉਸ ਭਾਲ ਨਾ ਕੀਤੀ, ਕਿਉਂਕਿ ਉਹ ਜਾਣਦਾ ਸੀ ਕਿ ਦਿਨ ਨੂੰ ਲਾਹੌਰ ਵਿਚ ਗੁਲਾਬ ਸਿੰਘ ਨਹੀਂ ਫਿਰ ਸਕਦਾ। ਉਹ ਜ਼ਰੂਰ ਰਾਤੋ ਰਾਤ ਸ਼ਹਿਰ ਤੋਂ ਬਾਹਰ ਚਲਾ ਗਿਆ ਹੋਵੇਗਾ। ਉਹਨੂੰ ਇਸ ਗੱਲ ਦਾ ਬੜਾ ਅਫ਼ਸੋਸ ਸੀ ਕਿ ਉਹ ਗੁਲਾਬ ਸਿੰਘ ਤੋਂ ਨਿਖੜ ਗਿਆ ਏ ਤੇ ਹੁਣ ਪਤਾ ਨਹੀਂ ਉਸ ਨਾਲ ਮਿਲਾਪ ਹੁੰਦਾ ਹੈ ਕਿ ਨਹੀਂ। ਘੜੀ ਮੁੜੀ ਉਹਨੂੰ ਆਪਣੇ ਆਪ 'ਤੇ ਅਫ਼ਸੋਸ ਆਉਂਦਾ ਕਿ ਉਹ ਉਸ ਰਾਤ ਕੋਤਵਾਲੀ ਦੇ ਨੇੜੇ ਕਿਉਂ ਨਾ ਰਿਹਾ, ਜਦ ਗੁਲਾਬ ਸਿੰਘ ਬਾਹਰ ਆਉਂਦਾ ਤਾਂ ਉਸਦੇ ਨਾਲ ਚੱਲ ਪੈਂਦਾ।

ਸਾਰਾ ਦਿਨ ਅੱਲਾ ਦਿੱਤਾ ਇਸੇ ਅਫ਼ਸੋਸ ਵਿਚ ਰਿਹਾ। ਅਖੀਰ ਉਸ ਮਨ ਨਾਲ ਇਹੀ ਫ਼ੈਸਲਾ ਕੀਤਾ ਕਿ ਉਹ ਕੱਲ੍ਹ ਸਵੇਰੇ ਇਥੋਂ ਤੁਰ ਚਲੇ ਤੇ ਅੰਮ੍ਰਿਤਸਰ ਦੇ ਰਾਹ ਵਿਚ ਹੀ ਉਹਨੂੰ ਕਿਧਰੇ ਗੁਲਾਬ ਸਿੰਘ ਮਿਲ ਪਵੇਗਾ। ਪਿੰਡ ਵਿਚ ਤਾਂ ਉਹਦਾ ਇਸ ਤਰ੍ਹਾਂ ਇਕੱਲੇ ਜਾਣਾ ਠੀਕ ਨਹੀਂ ਸੀ। ਅਜੇ ਉਹ ਇਸ ਦੁਚਿੱਤੀ ਵਿਚ ਹੀ ਸੀ ਕਿ ਖਿਜ਼ਰ ਖ਼ਾਨ ਆ ਗਿਆ। ਉਸ ਆਉਂਦਿਆਂ ਕਿਹਾ, ਤੂੰ ਅਜੇ ਸੁੱਤਾ ਨਹੀਂ ? ਮੈਂ ਤਾਂ ਸਮਝਿਆ ਕਿ ਸੌਂ ਗਿਆ ਹੋਵੇਂਗਾ।"

"ਤੈਨੂੰ ਉਡੀਕਦਿਆਂ ਨੀਂਦਰ ਕਿਵੇਂ ਆ ਸਕਦੀ ਸੀ। ਮੈਂ ਹੁਣ ਪਤਾ ਕਰਨ ਚਲਿਆ ਸਾਂ ਕਿ ਹੁਣ ਤਕ ਆਇਆ ਨਹੀਂ ਕੀ ਗੱਲ ਏ।" ਅੱਲਾ ਦਿੱਤਾ ਨੇ ਕਿਹਾ, "ਪਤਾ ਕੀਤਾ ਈ ਗੁਲਾਬ ਸਿੰਘ ਦਾ? ਫ਼ੌਜ ਉਹਦੇ ਪਿੱਛੇ ਗਈ ਹੋਣੀ ਏ।"

"ਨਹੀਂ, ਫ਼ੌਜ ਤਾਂ ਉਹਦੇ ਪਿੱਛੇ ਨਹੀਂ ਗਈ। ਮੀਰ ਸਾਹਿਬ ਨੇ ਕਹਿ ਦਿੱਤਾ ਸੀ ਕਿ ਹੁਣ ਪਿੱਛਾ ਕਰਨ ਦਾ ਕੋਈ ਲਾਭ ਨਹੀਂ, ਅੱਧੀ ਰਾਤ ਦਾ ਦੌੜਿਆ ਉਹ ਕਾਬੂ ਨਹੀਂ ਆ ਸਕਦਾ।" ਖਿਜ਼ਰ ਖ਼ਾਨ ਨੇ ਦੱਸਿਆ।

"ਇਹਦਾ ਮਤਲਬ ਇਹ ਹੈ ਕਿ ਗੁਲਾਬ ਸਿੰਘ ਰਾਤ ਨੂੰ ਹੀ ਸ਼ਹਿਰ ਤੋਂ ਨਿਕਲ ਗਿਆ ਹੋਵੇਗਾ।" ਅੱਲਾ ਦਿੱਤਾ ਨੇ ਅਨੁਮਾਨ ਲਾਂਦਿਆਂ ਕਿਹਾ।

"ਨਹੀਂ, ਉਹ ਅਜੇ ਸ਼ਹਿਰ ਵਿਚ ਹੀ ਏ।" ਖਿਜ਼ਰ ਖ਼ਾਨ ਨੇ ਦੱਸਿਆ।

"ਤੈਨੂੰ ਕਿਵੇਂ ਪਤਾ ਏ?" ਅੱਲਾ ਦਿੱਤਾ ਨੇ ਉਤਾਵਲੇ ਹੋ ਕੇ ਪੁਛਿਆ।

"ਹੁਣੇ ਇਕ ਹਟਵਾਣੀਏ ਨੂੰ ਕੋਤਵਾਲੀ ਫੜ ਕੇ ਲਿਆਏ ਸੀ। ਉਹਨੂੰ ਜਦ ਦੋ-ਚਾਰ ਪਈਆਂ ਤਾਂ ਉਸ ਦਸਿਆ ਕਿ ਉਹਦੇ ਘਰ ਰਾਤ ਨੂੰ ਆ ਕੇ ਇਕ ਸਿਖ ਠਹਿਰਿਆ ਸੀ ਜੋ ਉਹਦੇ ਭਣੇਵੇਂ ਦਾ ਦੋਸਤ ਸੀ। ਉਸ ਦਾ ਜੋ ਹੁਲੀਆ ਦਸਿਆ, ਉਸ ਤੋਂ ਮੈਨੂੰ ਯਕੀਨ ਹੋ ਗਿਆ ਏ ਕਿ ਉਹੀ ਸਿਖ ਗੁਲਾਬ ਸਿੰਘ ਏ। ਨਾਲੇ ਤੂੰ ਦੱਸਿਆ ਵੀ ਸੀ ਕਿ ਉਹਦਾ ਇਕ ਬੰਦਾ ਅਗੇ ਸ਼ਹਿਰ ਆਇਆ ਏ। ਕੀ ਨਾਂ ਲਿਆ ਸੀ ਤੂੰ ਉਹਦਾ?" ਖਿਜ਼ਰ ਖ਼ਾਨ ਨੇ ਪੁਛਿਆ।

"ਪੱਕਾ ਤਾਂ ਮੈਨੂੰ ਵੀ ਯਾਦ ਨਹੀਂ, ਪਰ ਮੇਰਾ ਖ਼ਿਆਲ ਏ ਕਿ ਉਹਦਾ ਨਾਮ ਪੋਖਰ ਸੀ।" ਅੱਲਾ ਦਿੱਤਾ ਨੇ ਸਿਰ ਖੁਰਕਦਿਆਂ ਕਿਹਾ।

"ਬਿਲਕੁਲ, ਫਿਰ ਤਾਂ ਉਹੀ ਬੰਦਾ ਏ। ਹਟਵਾਣੀਏਂ ਨੇ ਉਹਦਾ ਨਾਂ ਵੀ ਪੋਖਰ ਹੀ ਲਿਆ ਸੀ।" ਖਿਜ਼ਰ ਖ਼ਾਨ ਝਟ ਬੋਲ ਪਿਆ।

"ਹੋਰ ਉਸ ਹਟਵਾਣੀਏਂ ਕੀ ਦੱਸਿਆ ਏ?" ਅੱਲਾ ਦਿੱਤਾ ਨੇ ਪੁਛਿਆ।

"ਦੱਸਣਾ ਕੀ ਸੂ, ਆਇਆ ਸੀ ਸਿਖ ਨੂੰ ਫੜਾ ਕੇ ਇਨਾਮ ਲੈਣ ਤੇ ਉਲਟਾ ਆਪ ਫੜਿਆ ਗਿਆ ਏ।" ਖਿਜ਼ਰ ਖ਼ਾਨ ਨੇ ਕਿਹਾ।

"ਆਪ ਕਿਵੇਂ ਫਸ ਗਿਆ, ਮੈਨੂੰ ਨਹੀਂ ਸਮਝ ਆਉਂਦੀ ਇਸ ਤਰ੍ਹਾਂ।" ਅੱਲਾ ਦਿੱਤਾ ਨੇ ਕਿਹਾ।

"ਜਾਪਦਾ ਇਹ ਹੈ ਕਿ ਗੁਲਾਬ ਸਿੰਘ ਰਾਤ ਨੂੰ ਕੋਤਵਾਲੀ ਤੋਂ ਨਿਕਲ ਕੇ ਉਹਨਾਂ ਦੇ ਘਰ ਚਲਾ ਗਿਆ ਸੀ ਤੇ ਉਸ ਹਟਵਾਣੀਏਂ ਨੂੰ ਲਾਲਚ ਆ ਗਿਆ ਕਿ ਉਹਨੂੰ ਫੜਾ ਕੇ ਇਨਾਮ ਲਵੇ। ਉਸ ਜਦ ਸ਼ਿਕਾਇਤ ਕੀਤੀ ਤਾਂ ਕੋਤਵਾਲ ਨੇ ਇਕ ਤਾਂ ਉਸ ਤੋਂ ਇਹ ਪੁਛਿਆ ਕਿ ਸਿਖ ਤੇਰੇ ਘਰ ਆਇਆ ਕਿਵੇਂ ਤੇ ਦੂਜਾ ਜਦ ਜਾ ਕੇ

ਛਾਪਾ ਮਾਰਿਆ ਤਾਂ ਸਿਖ ਉਥੇ ਨਹੀਂ ਸੀ।" ਖਿਜ਼ਰ ਖ਼ਾਨ ਨੇ ਦੱਸਿਆ।

"ਉਹ ਕਿਧਰ ਗਿਆ?" ਅੱਲਾ ਦਿੱਤਾ ਨੇ ਪੁਛਿਆ।

"ਇਹ ਹੁਣ ਸਾਨੂੰ ਕੀ ਪਤਾ?" ਖਿਜ਼ਰ ਖ਼ਾਨ ਨੇ ਕਿਹਾ, "ਮੈਂ ਤਾਂ ਤੈਨੂੰ ਉਹ ਕੁਝ ਦੱਸ ਰਿਹਾ ਹਾਂ ਜੋ ਕੁਝ ਮੈਂ ਕੋਤਵਾਲੀ ਸੁਣਿਆ ਏ। ਮੈਂ ਆਪ ਹੈਰਾਨ ਹਾਂ ਕਿ ਹਟਵਾਣੀਆਂ ਉਹਨੂੰ ਘਰ ਛੱਡ ਕੇ ਆਇਆ ਏ, ਪਰ ਜਦ ਪਰਤ ਕੇ ਜਾਂਦਾ ਏ ਤਾਂ ਉਹ ਘਰ ਨਹੀਂ।"

"ਪੋਖਰ ਦਾ ਕੀ ਬਣਿਆਂ?" ਅੱਲਾ ਦਿੱਤਾ ਨੇ ਪੁਛਿਆ।

"ਹੁਣ ਜਦ ਹਟਵਾਣੀਏਂ ਨੂੰ ਕੁਟ ਪਈ ਏ ਤਾਂ ਉਸ ਦੱਸ ਦਿੱਤਾ ਏ ਕਿ ਸਿੱਖਾਂ ਦਾ ਯਾਰ ਉਹ ਨਹੀਂ, ਸਗੋਂ ਉਹ ਤਾਂ ਪੋਖਰ ਏ ਜੋ ਉਹਦੇ ਘਰ ਸੀ। ਕੋਤਵਾਲ ਨੇ ਉਸੇ ਵੇਲੇ ਸਿਪਾਹੀਆਂ ਨੂੰ ਫਿਰ ਭੇਜਿਆ ਏ ਕਿ ਉਹ ਪੋਖਰ ਨੂੰ ਵੀ ਫੜ ਕੇ ਲਿਆਉਣ। ਹੁਣ ਪਤਾ ਨਹੀਂ ਉਹ ਕਾਬੂ ਆਇਆ ਕਿ ਨਹੀਂ।" ਖਿਜ਼ਰ ਖ਼ਾਨ ਨੇ ਕਿਹਾ।

"ਚੱਲ ਹੁਣੇ ਪਤਾ ਕਰੀਏ ਕਿ ਫੜਿਆ ਗਿਆ ਜਾਂ ਨਹੀਂ।" ਅੱਲਾ ਦਿੱਤਾ ਉਤਾਵਲਾ ਹੋ ਕੇ ਬੋਲਿਆ।

"ਛੱਡ ਪਰੇ, ਇਸ ਵੇਲੇ ਸਾਰੀ ਦਿਹਾੜੀ ਦੇ ਥੱਕੇ ਹੋਏ ਹਾਂ। ਸਵੇਰੇ ਚੱਲ ਕੇ ਪਤਾ ਕਰ ਲਵਾਂਗੇ।" ਖਿਜ਼ਰ ਖ਼ਾਨ ਬੋਲਿਆ।

"ਨਹੀਂ, ਮੈਨੂੰ ਰਾਤ ਨੂੰ ਨੀਂਦਰ ਨਹੀਂ ਪੈਣੀ। ਤੈਨੂੰ ਪਤਾ ਨਹੀਂ ਜੇਕਰ ਪੋਖਰ ਵੀ ਮਿਲ ਜਾਏ ਤਾਂ ਮੇਰਾ ਅੱਧਾ ਭਾਰ ਹੌਲਾ ਹੋ ਜਾਏਗਾ। ਉਹ ਵੀ ਉਸੇ ਤਰ੍ਹਾਂ ਜ਼ਰੂਰੀ ਏ, ਜਿਵੇਂ ਗੁਲਾਬ ਸਿੰਘ ਜ਼ਰੂਰੀ ਸੀ।" ਅੱਲਾ ਦਿੱਤਾ ਨੇ ਕਿਹਾ।

"ਤੇਰੇ ਲਈ ਤਾਂ ਸਾਰੇ ਹੀ ਜ਼ਰੂਰੀ ਨੇ।" ਖਿਜ਼ਰ ਖ਼ਾਨ ਨੇ ਕਿਹਾ, "ਪਹਿਲਾਂ ਕਹਿੰਦਾ ਸੀ ਕਿ ਗੁਲਾਬ ਸਿੰਘ ਨੂੰ ਛੁਡਾਏ ਬਿਨਾਂ ਤੂੰ ਜੀਊਂਦਾ ਨਹੀਂ ਰਹਿ ਸਕਦਾ ਤੇ ਹੁਣ ਕਹਿੰਦਾ ਏਂ ਕਿ ਪੋਖਰ ਨੂੰ ਛੁਡਾਣਾ ਵੀ ਜ਼ਰੂਰੀ ਏ।"

"ਤੂੰ ਗੱਲ ਦੀ ਡੂੰਘਾਈ ਤਕ ਤਾਂ ਜਾਂਦਾ ਨਹੀਂ, ਓਪਰੀਆਂ ਗੱਲਾਂ ਕਰਕੇ ਫ਼ੈਸਲਾ ਕਰ ਦੇਂਦਾ ਏਂ। ਪੋਖਰ ਜ਼ਰੂਰ ਘਰ ਹੀ ਹੋਣਾ ਏਂ, ਇਸ ਲਈ ਕਾਬੂ ਆ ਗਿਆ ਹੋਵੇਗਾ।"

"ਕਾਬੂ ਆ ਗਿਆ ਹੋਵੇਗਾ ਤਾਂ ਅਸੀਂ ਕੀ ਕਰੀਏ, ਉਹਨੂੰ ਛੁਡਾਣਾ ਤਾਂ ਹੁਣ ਔਖਾ ਹੋ ਜਾਏਗਾ। ਜਦ ਦਾ ਗੁਲਾਬ ਸਿੰਘ ਭੱਜਾ ਏ ਹੁਣ ਤਾਂ ਉਥੇ ਅੰਦਰ ਤੇ ਬਾਹਰ ਦੂਹਰਾ ਪਹਿਰਾ ਲਾ ਦਿੱਤਾ ਗਿਆ ਏ।" ਖਿਜ਼ਰ ਖ਼ਾਨ ਨੇ ਅੱਲਾ ਦਿੱਤਾ ਨੂੰ ਇਸ ਲਈ ਇਤਨਾ ਕੁਝ ਕਿਹਾ ਤਾਕਿ ਉਹ ਉਹਨੂੰ ਹੁਣ ਨਾਲ ਚਲਣ ਲਈ ਮਜਬੂਰ ਨਾ ਕਰੇ, ਪਰ ਅੱਲਾ ਦਿੱਤਾ ਕਿਥੇ ਚੈਨ ਨਾ ਬਹਿ ਸਕਦਾ ਸੀ। ਉਹ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਉਹਨੂੰ ਕੋਈ ਬੰਦਾ ਵੀ ਮਿਲ ਜਾਏ, ਜਿਸ ਰਾਹੀਂ ਉਹ ਗੁਲਾਬ ਸਿੰਘ ਨੂੰ ਮਿਲ ਸਕੇ।

ਜਦ ਅੱਲਾ ਦਿੱਤਾ ਨੇ ਬਹੁਤਾ ਜ਼ੋਰ ਦਿੱਤਾ ਤਾਂ ਖਿਜ਼ਰ ਖ਼ਾਨ ਤਿਆਰ ਹੋ ਗਿਆ, ਪਰ ਉਸ ਕਿਹਾ, "ਰੋਟੀ ਖਾ ਲਵਾਂ ਕਿ ਉਹ ਵੀ ਨਹੀਂ ਤੂੰ ਖਾਣ ਦੇਣੀ?"

"ਨਹੀਂ, ਰੋਟੀ ਤੂੰ ਖਾ ਸਕਦਾ ਏਂ।" ਅੱਲਾ ਦਿੱਤਾ ਨੇ ਕਿਹਾ।

ਖਿਜ਼ਰ ਖ਼ਾਨ ਨੇ ਆਵਾਜ਼ ਦਿੱਤੀ ਤੇ ਉਹਦਾ ਟੱਬਰ ਉਸ ਲਈ ਰੋਟੀ ਡਿਉਢੀ ਵਿਚ ਹੀ ਲੈ ਆਏ। ਖਿਜ਼ਰ ਖ਼ਾਨ ਰੋਟੀ ਖਾਣ ਵਿਚ ਰੁਝ ਗਿਆ ਤੇ ਅੱਲਾ ਦਿੱਤਾ ਬੈਠਾ ਸੋਚਣ ਲੱਗ ਪਿਆ। ਝਟ ਪਿਛੋਂ ਉਸ ਪੁਛਿਆ, "ਤੈਨੂੰ ਉਸ ਹਟਵਾਣੀਏਂ ਦੇ ਘਰ ਦਾ ਪਤਾ ਏ?"

"ਮੈਨੂੰ ਨਹੀਂ ਪਤਾ।"

"ਪਤਾ ਕਰ ਤਾਂ ਸਕਦਾ ਹੋਏਂਗਾ?"

"ਆਹੋ।"

"ਉਹਦੇ ਘਰ ਚੱਲੀਏ।" ਅੱਲਾ ਦਿੱਤਾ ਨੇ ਕਿਹਾ।

"ਕਿਉਂ ਮਰਨ ਦੀ ਨੀਅਤ ਏ ਤੇਰੀ। ਉਹਦੇ ਘਰ ਜਾਣ ਦਾ ਪਤਾ ਲੱਗ ਗਿਆ ਤਾਂ ਜਿਥੇ ਹਟਵਾਣੀਏਂ ਨੂੰ ਕੁਟ ਪੈ ਰਹੀ ਏ ਉਥੇ ਤੇਰੀ ਮੇਰੀ ਵਾਰੀ ਵੀ ਆ ਜਾਏਗੀ।" ਖਿਜ਼ਰ ਖ਼ਾਨ ਨੇ ਕਿਹਾ, "ਮੈਂ ਤਾਂ ਜਾਣ ਲਈ ਤਿਆਰ ਨਹੀਂ।"

"ਬੜਾ ਯਰਕੂ ਹੋ ਗਿਆ ਏਂ ਸਰਕਾਰ ਦੀ ਨੌਕਰੀ ਕਰਕੇ।" ਅੱਲਾ ਦਿੱਤਾ ਨੇ ਕਿਹਾ।

ਜਦ ਰੋਟੀ ਖਾ ਹਟਿਆ ਤਾਂ ਉਸ ਕਿਹਾ, "ਫਿਰ ਪਤਾ ਕਰ ਆਈਏ। ਦਿੱਸਦਾ ਪਿਆ ਏ ਕਿ ਨਾ ਗਿਆ ਤਾਂ ਤੂੰ ਸੌਣ ਨਹੀਂ ਦੇਣਾ।"

ਦੋਵੇਂ ਮਿੱਤਰ ਗੱਲਾਂ ਕਰਦੇ ਕੋਤਵਾਲੀ ਪੁੱਜ ਗਏ। ਅਗੇ ਬੜੀ ਚੁੱਪ-ਚਾਂ ਸੀ। ਖਿਜ਼ਰ ਖ਼ਾਨ ਨੇ ਵੱਡੇ ਦਰਵਾਜ਼ੇ 'ਤੇ ਪਹਿਰਾ ਦੇ ਰਹੇ ਸਿਪਾਹੀ ਤੋਂ ਪੁਛਿਆ, "ਕਿਉਂ ਬਈ, ਕਿਧਰ ਚਲੇ ਗਏ ਨੇ ਸਾਰੇ? ਇਥੇ ਤਾਂ ਇਸ ਵੇਲੇ ਬੜੀ ਚੁੱਪ ਏ!"

"ਕਿਧਰੇ ਕਿਸੇ ਨੂੰ ਫੜਨ ਗਏ ਨੇ।" ਪਹਿਰੇਦਾਰ ਨੇ ਦੱਸਿਆ।

"ਉਸੇ ਹਟਵਾਣੀਏਂ ਦੇ ਘਰ?" ਖਿਜ਼ਰ ਖ਼ਾਨ ਨੇ ਪੁਛਿਆ।

"ਜੀ ਆਂ ਉਥੇ ਹੀ ਗਏ ਹੋਣੇ ਨੇ।" ਪਹਿਰੇਦਾਰ ਨੇ ਦੱਸਿਆ।

ਅਜੇ ਇਸ ਪਹਿਰੇਦਾਰ ਨਾਲ ਗੱਲਾਂ ਹੀ ਕਰ ਰਹੇ ਸਨ ਕਿ ਫ਼ੌਜੀ ਵਾਪਸ ਆ ਗਏ। ਖਿਜ਼ਰ ਖ਼ਾਨ ਨੇ ਅੱਲਾ ਦਿੱਤਾ ਨੂੰ ਖੜਾ ਕਰ ਦਿੱਤਾ ਅਤੇ ਆਪ ਅੰਦਰ ਲੰਘ ਗਿਆ। ਅੱਲਾ ਦਿੱਤਾ ਨੇ ਬੜੇ ਧਿਆਨ ਨਾਲ ਬਾਹਰੋਂ ਆਏ ਫ਼ੌਜੀਆਂ ਵੱਲ ਦੇਖਿਆ, ਪਰ ਉਹਨੂੰ ਉਹਨਾਂ ਵਿਚ ਪੋਖਰ ਨਜ਼ਰ ਨਾ ਆਇਆ। ਉਸ ਪੋਖਰ ਨੂੰ ਝਟ ਕੁ ਹੀ ਗੁਲਾਬ ਸਿੰਘ ਨਾਲ ਪਹਿਲੀ ਮੁਲਾਕਾਤ ਸਮੇਂ ਦੇਖਿਆ ਸੀ ਅਤੇ ਫਿਰ ਉਹ ਲਾਹੌਰ ਆ ਗਿਆ

ਸੀ, ਇਸ ਲਈ ਬਹੁਤੀ ਪਛਾਣ ਨਹੀਂ ਸੀ।

ਝਟ ਅੰਦਰੋਂ ਖਿਜ਼ਰ ਖ਼ਾਨ ਨਾ ਨਿਕਲਿਆ ਤਾਂ ਅੱਲਾ ਦਿੱਤਾ ਦੇ ਮਨ ਦੀ ਬੇਚੈਨੀ ਹੋਰ ਵੱਧਦੀ ਗਈ। ਉਹਦਾ ਜੀਅ ਕੀਤਾ ਕਿ ਉਹ ਆਪ ਅੰਦਰ ਲੰਘ ਜਾਏ, ਪਰ ਫਿਰ ਪਤਾ ਨਹੀਂ ਕਿਉਂ ਦੋ ਵਾਰ ਉਹਦੇ ਕਦਮ ਪੁਟਣ ਦੇ ਬਾਵਜੂਦ ਵੱਡੇ ਦਰਵਾਜ਼ੇ ਦੇ ਨੇੜੇ ਜਾ ਕੇ ਉਹ ਰੁਕ ਜਾਂਦਾ ਅਤੇ ਇਕ ਮਿੰਟ ਜੱਕੋਤੱਕੀ ਵਿਚ ਰਹਿ ਕੇ ਪਰਤ ਆਉਂਦਾ। ਮਨ ਵਿਚ ਉਹਨੂੰ ਖ਼ਤਰਾ ਸੀ ਕਿ ਉਹ ਵੀ ਤਾਂ ਆਖ਼ਰ ਸਰਕਾਰ ਦੇ ਵਿਰੋਧੀਆਂ ਦਾ ਸਾਥੀ ਏ, ਇਸ ਲਈ ਕਿਸੇ ਨੂੰ ਉਸ 'ਤੇ ਸ਼ੱਕ ਪੈ ਸਕਦਾ ਏ।

ਇਕ ਵਾਰ ਉਹਨੂੰ ਇਹ ਵੀ ਖ਼ਿਆਲ ਆਇਆ ਕਿ ਜਿਵੇਂ ਪੋਖਰ ਦੇ ਮਾਮੇ ਨੇ ਲਾਲਚ ਵਿਚ ਆ ਕੇ ਗੁਲਾਬ ਸਿੰਘ ਨੂੰ ਫਸਾਣ ਦਾ ਯਤਨ ਕੀਤਾ ਏ, ਇਸੇ ਤਰ੍ਹਾਂ ਕਿਧਰੇ ਖਿਜ਼ਰ ਖ਼ਾਨ ਦਾ ਮਨ ਵੀ ਨਾ ਡੋਲ ਜਾਏ, ਪਰ ਫਿਰ ਜਦੋਂ ਉਹ ਖਿਜ਼ਰ ਖ਼ਾਨ ਦੇ ਪਿਛਲੇ ਸੁਭਾਅ ਵੱਲ ਨਜ਼ਰ ਮਾਰਦਾ ਤਾਂ ਉਹਦਾ ਮਨ ਕਹਿੰਦਾ ਕਿ ਖਿਜ਼ਰ ਖ਼ਾਨ ਇਸ ਤਰ੍ਹਾਂ ਦਾ ਆਦਮੀ ਨਹੀਂ। ਉਹ ਕੁਝ ਪੈਸਿਆਂ ਦੀ ਖ਼ਾਤਰ ਦੋਸਤੀ ਨਹੀਂ ਵੇਚ ਸਕਦਾ।

ਖਿਜ਼ਰ ਖ਼ਾਨ ਬਾਹਰ ਆਇਆ, ਪਰ ਉਹ ਬੜਾ ਸਖ਼ਤ ਘਬਰਾਇਆ ਹੋਇਆ ਸੀ। ਉਸ ਆਉਂਦਿਆਂ ਹੱਥ ਨਾਲ ਈ ਇਸ਼ਾਰਾ ਕਰਕੇ ਅੱਲਾ ਦਿੱਤਾ ਨੂੰ ਛੇਤੀ ਟੁਰਨ ਲਈ ਕਿਹਾ। ਅੱਲਾ ਦਿੱਤਾ ਹੋਰ ਚਿੰਤਾ ਵਿਚ ਪੈ ਗਿਆ ਕਿ ਇਸ ਨੂੰ ਕੀ ਹੋ ਗਿਆ ਏ। ਪਹਿਲਾਂ ਤਾਂ ਇਉਂ ਜਾਪਿਆ ਜਿਵੇਂ ਗੁਲਾਬ ਸਿੰਘ ਜਾਂ ਪੋਖਰ ਨੂੰ ਕੁਝ ਭਾਣਾ ਵਰਤ ਗਿਆ ਏ, ਪਰ ਫਿਰ ਉਹਦੇ ਮਨ ਨੇ ਕਿਹਾ ਕਿ ਇਸ ਤਰ੍ਹਾਂ ਖਿਜ਼ਰ ਖ਼ਾਨ ਗ਼ਮਗੀਨ ਤੇ ਘਬਰਾਹਟ ਵਿਚ ਨਹੀਂ ਹੋ ਸਕਦਾ। ਇਹਦਾ ਕਾਰਨ ਤਾਂ ਕੋਈ ਹੋਰ ਹੀ ਹੋ ਸਕਦਾ ਏ।

ਖਿਜ਼ਰ ਖ਼ਾਨ ਤੇਜ਼ ਕਦਮ ਪੁਟਦਾ ਬਾਜ਼ਾਰ ਵਿਚ ਟੁਰਿਆ ਗਿਆ। ਅੱਲਾ ਦਿੱਤਾ ਨੂੰ ਦੌੜ ਕੇ ਉਹਦੇ ਨਾਲ ਰਲਣਾ ਪਿਆ। ਉਸ ਨੇੜੇ ਪੁਜ ਕੇ ਪੁਛਿਆ, "ਕੀ ਗੱਲ ਏ, ਤੂੰ ਸਖ਼ਤ ਘਬਰਾਹਟ ਵਿਚ ਏਂ?"

"ਬੇੜਾ ਗ਼ਰਕ ਹੋ ਗਿਆ।" ਘਬਰਾਹਟ ਵਿਚ ਹੀ ਖਿਜ਼ਰ ਖ਼ਾਨ ਨੇ ਦੱਸਿਆ।

"ਕਿਉਂ ਕੀ ਹੋਇਆ?"

"ਸਭ ਕੁਝ ਹੀ ਹੋ ਗਿਆ।"

"ਦੱਸ ਵੀ ਸਹੀ ਕੁਝ?" ਬੜੀ ਉਤਸੁਕਤਾ ਨਾਲ ਅੱਲਾ ਦਿੱਤਾ ਨੇ ਕਿਹਾ, "ਪੋਖਰ ਦਾ ਕੀ ਬਣਿਆ ਏ?"

"ਉਹ ਤੇ ਕਿਧਰੇ ਨੱਸ ਗਿਆ ਏ। ਫੌਜ ਦੇ ਕਾਬੂ ਨਹੀਂ ਆਇਆ, ਪਰ ਅਸੀਂ

ਫਸ ਗਏ ਹਾਂ।" ਖਿਜ਼ਰ ਖ਼ਾਨ ਨੇ ਦੱਸਿਆ।

ਅੱਲਾ ਦਿੱਤਾ ਨੂੰ ਪਹਿਲਾ ਵਾਕ ਸੁਣ ਕੇ ਖ਼ੁਸ਼ੀ ਹੋਈ ਕਿ ਪੋਖਰ ਫ਼ੌਜ ਦੇ ਕਾਬੂ ਨਹੀਂ ਆਇਆ, ਪਰ ਜਦ ਖਿਜ਼ਰ ਖ਼ਾਨ ਨੇ ਦੂਜਾ ਵਾਕ ਕਿਹਾ ਤਾਂ ਉਹ ਚਿੰਤਾਤੁਰ ਹੋ ਗਿਆ। ਉਸ ਪੁਛਿਆ, "ਤੁਸੀਂ ਕਿਵੇਂ ਫਸ ਗਏ ਹੋ?"

"ਸਾਰਾ ਭੇਦ ਖੁਲ੍ਹ ਗਿਆ ਏ।" ਖਿਜ਼ਰ ਖ਼ਾਨ ਨੇ ਦੱਸਿਆ।

"ਕਾਹਦਾ ਭੇਦ ਖੁਲ੍ਹ ਗਿਆ ਏ?" ਅੱਲਾ ਦਿੱਤਾ ਨੂੰ ਅਜੇ ਵੀ ਗੱਲ ਸਮਝ ਨਾ ਆਈ।

"ਸਿੱਖਾਂ ਨੂੰ ਫੜਨ ਦਾ।" ਖਿਜ਼ਰ ਖ਼ਾਨ ਨੇ ਦੱਸਿਆ," ਕਿਸੇ ਨੇ ਮੀਰ ਸਾਹਿਬ ਨੂੰ ਇਤਲਾਹ ਦੇ ਦਿੱਤੀ ਏ ਕਿ ਰਹਿਮਾਨ ਖ਼ਾਨ ਤੇ ਮਿਰਜ਼ਾ ਸਾਹਿਬ ਦੀ ਆਪਸ ਦੀ ਟੱਕਰ ਤੇ ਖਿਚੋਤਾਣ ਕਾਰਨ ਹੀ ਸਿਖ ਭੱਜ ਗਏ ਹਨ। ਮਿਰਜ਼ਾ ਸਾਹਿਬ ਦੇ ਬੰਦਿਆਂ ਨੇ ਜ਼ਨਾਨੀਆਂ ਨੂੰ ਹਾਤੇ ਵਿਚੋਂ ਕੱਢਿਆ ਹੈ ਤੇ ਉਹਦਾ ਬਦਲਾ ਲੈਣ ਲਈ ਰਹਿਮਾਨ ਖ਼ਾਨ ਦੇ ਬੰਦਿਆਂ ਨੇ ਗੁਲਾਬ ਸਿੰਘ ਨੂੰ ਭਜਾਣ ਦੀ ਸਾਜ਼ਸ਼ ਕੀਤੀ ਏ।" ਖਿਜ਼ਰ ਖ਼ਾਨ ਨੇ ਆਪਣੀ ਘਬਰਾਹਟ ਦਾ ਕਾਰਨ ਵਿਸਥਾਰ ਨਾਲ ਅੱਲਾ ਦਿੱਤਾ ਨੂੰ ਦੱਸ ਦਿੱਤਾ।

"ਇਹਦੇ ਵਿਚ ਤੇਰੇ ਲਈ ਘਬਰਾਣ ਦੀ ਕਿਹੜੀ ਗੱਲ ਏ? ਪਤਾ ਲੱਗਦਾ ਏ ਤਾਂ ਲੱਗ ਜਾਵੇ। ਫ਼ਿਕਰ ਕਰਨ ਰਹਿਮਾਨ ਖ਼ਾਨ ਤੇ ਮਿਰਜ਼ਾ, ਤੇਰੇ 'ਤੇ ਕੀ ਹਰਫ਼ ਆਉਣ ਦਾ ਡਰ ਏ?" ਅੱਲਾ ਦਿੱਤਾ ਨੇ ਕਿਹਾ।

"ਮੈਂ ਭਾਵੇਂ ਜ਼ਨਾਨੀਆਂ ਨੂੰ ਹਾਤੇ ਵਿਚੋਂ ਕੱਢਣ ਸਮੇਂ ਤਾਂ ਕੁਝ ਨਹੀਂ ਸੀ ਕੀਤਾ, ਪਰ ਗੁਲਾਬ ਸਿੰਘ ਨੂੰ ਨਸਾਣ ਵਿਚ ਤਾਂ ਮੇਰਾ ਬਹੁਤਾ ਹੱਥ ਏ। ਮੈਂ ਹੀ ਰਹਿਮਾਨ ਖ਼ਾਨ ਤੇ ਉਸ ਸਿਪਾਹੀ ਦੀ ਗੱਲ ਕਰਾਈ ਸੀ ਜੋ ਉਸ ਰਾਤ ਪਹਿਰੇ 'ਤੇ ਸੀ।" ਖਿਜ਼ਰ ਖ਼ਾਨ ਨੇ ਦੱਸਿਆ।

"ਕਿਸੇ ਨੂੰ ਇਹ ਕੀ ਪਤਾ ਏ ਕਿ ਤੂੰ ਰਹਿਮਾਨ ਖਾਨ ਦੀ ਸਾਜ਼ਸ਼ ਵਿਚ ਸ਼ਾਮਲ ਸੈਂ। ਇਹ ਤਾਂ ਹੀ ਪਤਾ ਲੱਗ ਸਕਦਾ ਹੈ ਜੇਕਰ ਰਹਿਮਾਨ ਖ਼ਾਨ ਤੇਰਾ ਨਾਂ ਦੱਸੇ, ਪਰ ਮੈਂ ਨਹੀਂ ਖ਼ਿਆਲ ਕਰਦਾ ਕਿ ਕਦੇ ਵੀ ਰਹਿਮਾਨ ਖ਼ਾਨ ਵਰਗਾ ਇਸ ਤਰ੍ਹਾਂ ਤੇਰਾ ਨਾਂ ਲਵੇਗਾ।" ਅੱਲਾ ਦਿੱਤਾ ਨੇ ਉਹਦੀ ਘਬਰਾਹਟ ਦੂਰ ਕਰਨ ਲਈ ਕਿਹਾ।

"ਗੱਲ ਬਹੁਤ ਅੱਗੇ ਵਧ ਚੁਕੀ ਏ। ਹੁਣ ਤੇ ਆਪਣਾ ਬਚਾਓ ਕਿਸੇ ਤਰ੍ਹਾਂ ਵੀ ਨਹੀਂ ਹੋ ਸਕਦਾ। ਜੇ ਤਾਂ ਗੱਲ ਰਹਿਮਾਨ ਖ਼ਾਨ ਤੇ ਮਿਰਜ਼ੇ ਵਿਚਕਾਰ ਹੁੰਦੀ ਤਾਂ ਕਿਸੇ ਨੇ ਮੇਰਾ ਨਾਂ ਨਹੀਂ ਸੀ ਲੈਣਾ, ਪਰ ਹੁਣ ਤਾਂ ਉਹ ਵੱਡਾ ਗਵਾਹ ਬਣ ਗਿਆ ਏ, ਜਿਸ ਨੇ ਗੁਲਾਬ ਸਿੰਘ ਨੂੰ ਛੱਡਿਆ ਸੀ।" ਖਿਜ਼ਰ ਖ਼ਾਨ ਨੇ ਦੱਸਿਆ।

"ਕਿਹੜਾ ਗਵਾਹ ਬਣ ਗਿਆ ਏ? ਓਹੀ ਪਹਿਰੇਦਾਰ?" ਅੱਲਾ ਦਿੱਤਾ ਨੇ

ਪੁਛਿਆ।

"ਆਹੋ।" ਖਿਜ਼ਰ ਖ਼ਾਨ ਨੇ ਕਿਹਾ ਤੇ ਤੋਰ ਹੋਰ ਤਿੱਖੀ ਕਰ ਦਿੱਤੀ।

"ਉਸ ਸੁਹਰੇ ਦੀ ਮੌਤ ਆਈ ਹੈ, ਇਸ ਤਰ੍ਹਾਂ ਉਹਨੂੰ ਤਾਂ ਕਿਸੇ ਨਹੀਂ ਛੱਡਣਾ। ਜੇਕਰ ਤੁਸੀਂ ਗੁਨਾਹਗਾਰ ਹੋ ਤਾਂ ਉਹ ਵੀ ਤੁਹਾਡੇ ਨਾਲ ਸ਼ਾਮਲ ਸੀ। ਉਹਦਾ ਸਗੋਂ ਵਧੇਰੇ ਕਸੂਰ ਏ, ਜਿਸ ਨੇ ਇਕ ਆਪਣਾ ਕੰਮ ਠੀਕ ਨਹੀਂ ਕੀਤਾ ਤੇ ਦੂਜਾ ਆਪ ਕਰਤੂਤ ਕਰਕੇ ਮਿਰਜ਼ੇ ਦੇ ਗਲ ਮੜ੍ਹੀ ਏ।" ਅੱਲਾ ਦਿੱਤਾ ਬੋਲਿਆ।

"ਉਹ ਫਸੇ ਜਾਂ ਨਾ, ਪਰ ਸਾਨੂੰ ਤਾਂ ਮਰਵਾ ਸੁਟੇਗਾ।" ਖਿਜ਼ਰ ਖ਼ਾਨ ਨੇ ਕਿਹਾ।

"ਤੈਨੂੰ ਇਹ ਗੱਲ ਦੱਸੀ ਕਿਸ ਨੇ ? ਕੋਤਵਾਲੀ ਵਿਚੋਂ ਫਿਰ ਨਿਕਲਣ ਕਿਸੇ ਨਹੀਂ ਸੀ ਦੇਣਾ। ਤੂੰ ਆ ਗਿਆ ਏਂ, ਇਸ ਲਈ ਮੇਰਾ ਯਕੀਨ ਏ ਕਿ ਉਸ ਪਹਿਰੇਦਾਰ ਨੇ ਵੀ ਤੇਰਾ ਨਾਮ ਨਹੀਂ ਲਿਆ ਹੋਣਾ।" ਅੱਲਾ ਦਿੱਤਾ ਨੇ ਸੋਚ ਕੇ ਕਿਹਾ।

"ਇਹ ਗੱਲ ਅਜੇ ਕੋਤਵਾਲੀ ਵਿਚ ਸਾਰਿਆਂ ਨੂੰ ਪਤਾ ਨਹੀਂ ਲੱਗੀ। ਮੈਨੂੰ ਤਾਂ ਇਕ ਖ਼ਾਸ ਆਦਮੀ ਨੇ ਦੱਸਿਆ ਏ। ਕੋਤਵਾਲ ਇਸ ਵੇਲੇ ਮੀਰ ਸਾਹਿਬ ਪਾਸ ਗਿਆ ਏ ਤੇ ਇਸੇ ਬਾਰੇ ਉਸ ਨੂੰ ਸਲਾਹ ਕਰਨ ਲਈ ਸੱਦਿਆ ਗਿਆ ਏ।" ਖਿਜ਼ਰ ਖ਼ਾਨ ਨੇ ਦੱਸਿਆ।

"ਹੁਣ ਕੀ ਬਣੇਗਾ ?" ਅੱਲਾ ਦਿੱਤਾ ਨੇ ਹੈਰਾਨੀ ਨਾਲ ਪੁਛਿਆ।

"ਬਣਨਾ ਇਹੀ ਏ ਕਿ ਸਾਨੂੰ ਨੌਕਰੀ ਤੋਂ ਜਵਾਬ ਮਿਲ ਜਾਏਗਾ। ਮੀਰ ਸਾਹਿਬ ਨੂੰ ਜੇ ਤਰਸ ਆ ਗਿਆ ਤਾਂ ਇਹੀ ਸਜ਼ਾ ਮਿਲੇਗੀ ਜੋ ਘੱਟ ਤੋਂ ਘੱਟ ਏ, ਨਹੀਂ ਤੇ ਮਾਰ ਦਿੱਤਾ ਜਾਵਾਂਗਾ।" ਖਿਜ਼ਰ ਖ਼ਾਨ ਨੇ ਕਿਹਾ।

"ਹੈਂ, ਇਤਨੀ ਕੁ ਗੱਲ 'ਤੇ ਮੌਤ ਦੀ ਸਜ਼ਾ, ਇਹ ਕੋਈ ਇਨਸਾਫ਼ ਏ !" ਅੱਲਾ ਦਿੱਤਾ ਨੇ ਝਟ ਕਿਹਾ।

"ਇਥੇ ਇਨਸਾਫ਼ ਦੀ ਗੱਲ ਨਾ ਕਰੋ। ਮੀਰ ਸਾਹਿਬ ਲਈ ਬੰਦੇ ਮਾਰਨੇ ਤਾਂ ਇਉਂ ਨੇ ਜਿਵੇਂ ਭੇਡਾਂ ਬਕਰੀਆਂ ਵੱਢ ਦਈਦੀਆਂ ਨੇ। ਸੁਣਿਆ ਨਹੀਂ ਤੂੰ, ਕਿਤਨੇ ਸਿੱਖਾਂ ਨੂੰ ਮਾਰ ਚੁਕੇ ਨੇ, ਪਰ ਅਜੇ ਤਕ ਉਨ੍ਹਾਂ ਦੇ ਮਨ ਵਿਚ ਰੱਤੀ ਤਰਸ ਨਹੀਂ ਆਇਆ।" ਖਿਜ਼ਰ ਖ਼ਾਨ ਨੇ ਕਿਹਾ।

"ਫਿਰ ਹੁਣ।" ਅੱਲਾ ਦਿੱਤਾ ਨੇ ਫਿਰ ਪੁਛਿਆ।

"ਮੈਂ ਇਹੀ ਤਾਂ ਸੋਚ ਰਿਹਾ ਸੀ ਕਿ ਕੀ ਕੀਤਾ ਜਾਏ। ਤੂੰ ਹੁਣ ਘਰ ਚੱਲ ਤੇ ਮੈਂ ਰਹਿਮਾਨ ਖ਼ਾਨ ਵੱਲ ਜਾਂਦਾ ਹਾਂ। ਉਹਨੂੰ ਸ਼ਾਇਦ ਅਜੇ ਤਕ ਇਸ ਬਾਰੇ ਪਤਾ ਨਹੀਂ ਲੱਗਾ, ਇਸ ਲਈ ਉਸ ਨਾਲ ਸਲਾਹ ਕਰਦਾ ਹਾਂ। ਜਿਵੇਂ ਉਹ ਕਹੇਗਾ, ਉਸ ਤਰ੍ਹਾਂ ਕੀਤਾ ਜਾਏਗਾ।" ਖਿਜ਼ਰ ਖ਼ਾਨ ਨੇ ਕਿਹਾ।

"ਠੀਕ ਏ, ਮੈਂ ਘਰ ਚਲਦਾ ਹਾਂ, ਤੂੰ ਛੇਤੀ ਰਹਿਮਾਨ ਖ਼ਾਨ ਵਲੋਂ ਹੋ ਕੇ ਘਰ ਆਈਂ। ਮੈਂ ਵੀ ਕੁਝ ਸੋਚਦਾ ਹਾਂ ਕਿ ਕੀ ਕੀਤਾ ਜਾਏ।" ਅੱਲਾ ਦਿੱਤਾ ਨੇ ਕਿਹਾ। ਖਿਜ਼ਰ ਖ਼ਾਨ ਉਸ ਨਾਲੋਂ ਨਿਖੜ ਗਿਆ ਤੇ ਖੱਬੇ ਪਾਸੇ ਜਾਂਦੀ ਸੜਕ ਵੱਲ ਮੁੜ ਗਿਆ।

ਅੱਲਾ ਦਿੱਤਾ ਚੌਕ ਵਿਚ ਖੜਾ ਹੋ ਗਿਆ। ਉਹ ਸੋਚਾਂ ਵਿਚ ਪੈ ਗਿਆ ਕਿ ਮੈਂ ਆ ਕੇ ਖਿਜ਼ਰ ਖ਼ਾਨ ਨੂੰ ਵੀ ਵਖਤ ਪਾ ਦਿੱਤਾ ਏ। ਉਹ ਸੋਚਦਾ ਹੋਵੇਗਾ ਕਿ ਦੋਸਤ ਨੂੰ ਘਰ ਲੈ ਆਂਦਾ ਏ, ਮੁਸੀਬਤ ਗਲ ਪਾ ਲਈ ਏ। ਪਛਤਾਂਦਾ ਹੋਵੇਗਾ ਮੈਨੂੰ ਘਰ ਰੱਖ ਕੇ। ਜੇਕਰ ਮੈਂ ਨਾ ਆਉਂਦਾ ਤਾਂ ਇਸ ਕਦੋਂ ਸਿੱਖਾਂ ਦੀ ਮਦਦ ਕਰਨੀ ਸੀ। ਇਸ ਸਰਕਾਰ ਦੇ ਵਫ਼ਾਦਾਰ ਸਿਪਾਹੀਆਂ ਵਾਂਗ ਹੀ ਸਿੱਖਾਂ ਨੂੰ ਮਾਰਨ ਤੇ ਦੁਖੀ ਕਰਨ ਦਾ ਕੰਮ ਕਰਕੇ ਤਰੱਕੀ ਪ੍ਰਾਪਤ ਕਰਨੀ ਸੀ।

ਉਹਨੂੰ ਸਾਹਮਣਿਓਂ ਇਕ ਆਦਮੀ ਤੇਜ਼ ਕਦਮ ਪੁਟਦਾ ਉਹਦੇ ਵੱਲ ਆਉਂਦਾ ਜਾਪਿਆ। ਪਹਿਲਾਂ ਤਾਂ ਉਸ ਮਹਿਸੂਸ ਕੀਤਾ ਕਿ ਸ਼ਾਇਦ ਖਿਜ਼ਰ ਖ਼ਾਨ ਹੀ ਵਾਪਸ ਆ ਰਿਹਾ ਏ, ਕਿਉਂਕਿ ਉਹ ਵੀ ਇਸੇ ਪਾਸੇ ਗਿਆ ਸੀ; ਪਰ ਉਹ ਆਦਮੀ ਨੇੜੇ ਆਇਆ ਤਾਂ ਉਹਦੇ ਨਾਲ ਇਕ ਛੋਟਾ ਜਿਹਾ ਬੱਚਾ ਵੀ ਸੀ, ਜਿਸ ਤੋਂ ਉਹਨੂੰ ਨਿਸਚਾ ਹੋ ਗਿਆ ਕਿ ਇਹ ਕੋਈ ਹੋਰ ਹੀ ਏ।

ਜਦ ਉਹ ਆਦਮੀ ਚੌਕ ਵਿਚ ਪੁੱਜ ਗਿਆ ਤਾਂ ਇਹਨੇ ਬੜੇ ਧਿਆਨ ਨਾਲ ਉਸ ਵੱਲ ਦੇਖਿਆ। ਇਹਨੂੰ ਇਉਂ ਭਾਵਲਾ ਪਿਆ ਜਿਵੇਂ ਇਹ ਉਹੀ ਆਦਮੀ ਏ, ਜਿਸ ਨੂੰ ਇਹਨੇ ਗੁਲਾਬ ਸਿੰਘ ਦੇ ਨਾਲ ਦੇਖਿਆ ਸੀ। ਜਦ ਤੇਜ਼ ਕਦਮ ਪੁਟਦਾ ਉਹ ਅੱਲਾ ਦਿੱਤਾ ਦੇ ਅਗੋਂ ਲੰਘ ਗਿਆ ਤਾਂ ਇਸ ਹੌਲੀ ਜਿਹੀ ਕਿਹਾ, "ਪੋਖਰ!"

ਪੋਖਰ ਇਕਦਮ ਰੁਕ ਗਿਆ। ਉਹਨੂੰ ਲਾਹੌਰ ਵਿਚ ਕੋਈ ਨਹੀਂ ਸੀ ਜਾਣਦਾ, ਇਸ ਲਈ ਉਹ ਹੈਰਾਨ ਸੀ ਕਿ ਆਵਾਜ਼ ਕਿਸ ਦਿੱਤੀ ਏ। ਜਦ ਉਸ ਪਿੱਛੇ ਮੁੜ ਕੇ ਧਿਆਨ ਨਾਲ ਦੇਖਿਆ ਤਾਂ ਉਸ ਵੀ ਪਛਾਣ ਲਿਆ ਤੇ ਝਪਟ ਕੇ ਅੱਲਾ ਦਿੱਤਾ ਨੂੰ ਗਲਵਕੜੀ ਪਾ ਲਈ ਤੇ ਕਿਹਾ, "ਤੁਸੀਂ ਕਿਥੇ ?"

"ਜਿਥੇ ਤੁਸੀਂ।" ਅੱਲਾ ਦਿੱਤਾ ਨੇ ਕਿਹਾ।

"ਮੇਰੇ ਪਿਛੇ ਤਾਂ ਫ਼ੌਜ ਲੱਗੀ ਹੋਈ ਏ।" ਪੋਖਰ ਨੇ ਕਿਹਾ।

"ਮੇਰੇ ਪਿਛੇ ਲੱਗਣ ਵਾਲੀ ਏ।" ਮੁਸਕਰਾਂਦਿਆਂ ਅੱਲਾ ਦਿੱਤਾ ਨੇ ਕਿਹਾ ਤੇ ਫਿਰ ਬੱਚੇ ਵੱਲ ਦੇਖ ਕੇ ਪੁਛਿਆ, "ਇਹ ਕੌਣ ਏ ?"

"ਸਰਦਾਰ ਗੁਲਾਬ ਸਿੰਘ ਦਾ ਪੁੱਤਰ।" ਪੋਖਰ ਨੇ ਦੱਸਿਆ।

"ਅੱਛਾ!" ਅੱਲਾ ਦਿੱਤਾ ਨੇ ਇਹ ਕਹਿ ਕੇ ਬੱਚੇ ਨੂੰ ਚੁੱਕ ਲਿਆ ਤੇ ਕਿਹਾ, "ਇਹਦਾ ਨਾਂ ਈਂ ਦਲੀਪ ਏ ?"

"ਜੀ !" ਪੋਖਰ ਨੇ ਕਿਹਾ।

ਬੱਚਾ ਬੜਾ ਡਰਿਆ ਤੇ ਸਹਿਮਿਆ ਹੋਇਆ ਸੀ। ਅੱਲਾ ਦਿੱਤਾ ਨੇ ਪੁਛਿਆ, "ਇਹ ਤੁਹਾਨੂੰ ਕਿਵੇਂ ਮਿਲ ਗਿਆ ਏ ?"

"ਹੁਣੇ ਮਿਲਿਆ ਏ, ਪਰ ਇਹ ਸਾਰੀ ਗੱਲ ਇਥੇ ਨਹੀਂ ਕਰਨੀ ਚਾਹੀਦੀ। ਚਲੋ ਪਹਿਲਾਂ ਕਿਧਰੇ ਛੁਪਣ ਦਾ ਪ੍ਰਬੰਧ ਕਰੀਏ। ਫ਼ੌਜ ਮੇਰਾ ਪਿੱਛਾ ਕਰ ਰਹੀ ਜਾਪਦੀ ਏ। ਚੌਕ ਵਿਚ ਖੜੇ ਰਹਿਣਾ ਖ਼ਤਰਨਾਕ ਏ।" ਪੋਖਰ ਨੇ ਕਿਹਾ।

"ਇਹਦੀ ਮਾਂ ਕਿਥੇ ਈ ?" ਅੱਲਾ ਦਿੱਤਾ ਨੇ ਫਿਰ ਇਹ ਪੁੱਛ ਕੀਤੀ।

"ਉਹਦਾ ਕੋਈ ਪਤਾ ਨਹੀਂ।" ਪੋਖਰ ਨੇ ਕਿਹਾ ਤੇ ਤੁਰ ਪਿਆ। ਅੱਲਾ ਦਿੱਤਾ ਉਹਦੇ ਪਿਛੇ ਪਿਛੇ ਦਲੀਪ ਨੂੰ ਚੁੱਕੀ ਚੱਲ ਪਿਆ।

## ੧੩

ਸਰਾਂ ਦੇ ਸਾਰੇ ਦਰਵਾਜ਼ੇ ਬੰਦ ਕਰ ਕੇ ਦਲੀਪ ਨੂੰ ਕਿਹਾ, "ਦੱਸ ਬਈ ਤੁਹਾਡੇ ਨਾਲ ਕੀ ਬੀਤੀ ਏ ?"

"ਨਹੀਂ, ਤੁਸੀਂ ਆਪ ਦੱਸੋ, ਇਸ ਵਿਚਾਰੇ ਨੂੰ ਦੱਸਣਾ ਨਹੀਂ ਆਉਣਾ। ਉਂਜ ਵੀ ਇਹ ਸਖ਼ਤ ਡਰਿਆ ਸਹਿਮਿਆ ਹੋਇਆ ਏ, ਇਹਨੂੰ ਸੌਣ ਦਿਉ।" ਅੱਲਾ ਦਿੱਤਾ ਨੇ ਕਿਹਾ ਤੇ ਆਪਣਾ ਕੰਬਲ ਵਿਛਾ ਕੇ ਉਸ 'ਤੇ ਦਲੀਪ ਨੂੰ ਲਿਟਾ ਦਿੱਤਾ। ਕੰਬਲ ਦਾ ਅੱਧਾ ਹਿੱਸਾ ਉਸ ਉੱਤੇ ਕਰ ਦਿੱਤਾ।

"ਮੈਨੂੰ ਤਾਂ ਦਲੀਪ ਸਿੰਘ ਨੇ ਦੱਸਿਆ ਏ, ਇਹਨਾਂ ਨੂੰ ਪਹਿਰੇਦਾਰ ਨੇ ਹੀ ਕਿਹਾ ਸੀ ਕਿ ਤੁਸੀਂ ਭੱਜ ਜਾਓ। ਉਹ ਆਪ ਦਰਵਾਜ਼ੇ ਤੱਕ ਛੱਡਣ ਵੀ ਆਇਆ ਸੀ। ਜਦ ਇਹ ਦਰਵਾਜ਼ੇ ਤੋਂ ਬਾਹਰ ਨਿਕਲੇ ਤਾਂ ਉਸ ਵੇਲੇ ਚਾਰ ਚੁਫੇਰੇ ਹਨੇਰਾ ਸੀ। ਇਹ ਬਾਜ਼ਾਰ ਵਿਚੋਂ ਹੋ ਕੇ ਸ਼ਹਿਰ ਦੇ ਬਾਹਰ ਵਾਰ ਨੂੰ ਜਾ ਰਹੇ ਸਨ ਕਿ ਅਗੋਂ ਪਹਿਰੇਦਾਰ ਆਉਂਦੇ ਮਹਿਸੂਸ ਹੋਏ, ਇਹ ਡਰਦੇ ਮਾਰੇ ਇਕ ਮਕਾਨ ਦੇ ਬਾਹਰ ਬਣੀਆਂ ਥੜ੍ਹੀਆਂ ਦੇ ਓਹਲੇ ਹੋ ਗਏ ਤੇ ਪਹਿਰੇਦਾਰ ਅਗੇ ਲੰਘ ਗਏ।

"ਕੁਝ ਚਿਰ ਪਿਛੋਂ ਇਹ ਟੁਰ ਪਏ। ਇਹਨਾਂ ਨੂੰ ਸ਼ਹਿਰ ਤੋਂ ਨਿਕਲਦਿਆਂ ਬੜੀ

ਦੇਰ ਲੱਗ ਗਈ ਤੇ ਤੜਕੇ ਹੀ ਇਹਨਾਂ ਵੇਖਿਆ ਕਿ ਫ਼ੌਜੀ ਫਿਰ ਉਧਰ ਭੱਜੇ ਆ ਰਹੇ ਹਨ। ਇਹਦੀ ਮਾਂ ਨੇ ਸਮਝਿਆ ਕਿ ਜ਼ਰੂਰ ਉਹਨਾਂ ਦੀ ਭਾਲ ਵਿਚ ਹਨ।

"ਇਹ ਸ਼ਹਿਰ ਤੋਂ ਬਾਹਰ ਨਿਕਲੇ ਤਾਂ ਅੱਗੇ ਬੜਾ ਸਖ਼ਤ ਪਹਿਰਾ ਸੀ। ਕਿਸੇ ਪਾਸੇ ਵੀ ਨਿਕਲ ਜਾਣ ਦਾ ਰਾਹ ਨਹੀਂ ਸੀ ਲਭਦਾ। ਇਸ ਸਮੇਂ ਇਕ ਫ਼ੌਜੀ ਨੇ ਇਹਨਾਂ ਨੂੰ ਦੇਖ ਲਿਆ ਤੇ ਉਹ ਇਹਨਾਂ ਵੱਲ ਤੇਜ਼ ਕਦਮ ਪੁਟਦਾ ਵਧਿਆ। ਰੇਸ਼ਮਾ ਨੂੰ ਨਿਸਚਾ ਹੋ ਗਿਆ ਕਿ ਹੁਣ ਅਸੀਂ ਬਚ ਕੇ ਨਹੀਂ ਜਾ ਸਕਦੇ। ਉਸ ਵੇਲੇ ਉਹ ਪਿਛਾਂਹ ਨੂੰ ਸ਼ਹਿਰ ਵੱਲ ਪਰਤੀ ਤੇ ਗਲੀਆਂ ਵਿਚ ਵੜ ਗਈ। ਦਲੀਪ ਨੂੰ ਉਸ ਮਜਬੂਰੀ ਦੀ ਹਾਲਤ ਵਿਚ ਇਕ ਮਕਾਨ ਦੇ ਖੋਲੇ ਵਿਚ ਛੁਪਾ ਦਿੱਤਾ ਤੇ ਆਪ ਅਗੇ ਲੰਘ ਗਈ। ਦੂਜੀ ਜ਼ਨਾਨੀ ਵੀ ਉਹਦੇ ਨਾਲ ਸੀ। ਫਿਰ ਉਹਦਾ ਤਾਂ ਦਲੀਪ ਨੂੰ ਪਤਾ ਨਹੀਂ ਲੱਗਾ ਕਿ ਉਹ ਕਿਧਰ ਚਲੀ ਗਈ ਏ।"

"ਦਲੀਪ ਨਾਲ ਫਿਰ ਕੀ ਵਾਪਰੀ ?" ਬੜੀ ਉਤਸੁਕਤਾ ਨਾਲ ਅੱਲਾ ਦਿੱਤਾ ਨੇ ਪੁਛਿਆ।

"ਇਹ ਵਿਚਾਰਾ ਸਾਰੀ ਦਿਹਾੜੀ ਖੋਲੇ ਵਿਚ ਲੁਕਿਆ ਰਿਹਾ। ਡਰ ਤੇ ਸਹਿਮ ਨਾਲ ਇਸ ਬਾਹਰ ਝਾਤੀ ਵੀ ਨਾ ਮਾਰੀ। ਆਪਣੀਆਂ ਅੱਖਾਂ ਨਾਲ ਹਾਤੇ ਵਿਚ ਬੱਚਿਆਂ ਨੂੰ ਮਰਦਿਆਂ, ਨੇਜ਼ਿਆਂ 'ਤੇ ਟੰਗੇ ਜਾਂਦਿਆਂ ਤੇ ਟੋਟੇ ਹੁੰਦਿਆਂ ਦੇਖ ਕੇ ਇਹ ਸਖ਼ਤ ਘਬਰਾਹਟ ਮਹਿਸੂਸ ਕਰ ਰਿਹਾ ਸੀ। ਰਾਤ ਨੂੰ ਠੰਢ ਇਹਦੇ ਤੋਂ ਬਰਦਾਸ਼ਤ ਨਾ ਹੋ ਸਕੀ ਤੇ ਉੱਠ ਕੇ ਟੁਰ ਪਿਆ, ਕਹਿੰਦਾ ਏ ਕਿ ਕੁਦਰਤੀ ਇਹ ਇਕ ਭੱਠੀ 'ਤੇ ਪਹੁੰਚ ਗਿਆ। ਉਥੇ ਅੱਗ ਸੀ, ਜਿਸ ਕਾਰਨ ਇਹ ਉਥੇ ਬੈਠ ਗਿਆ। ਰਾਤ ਨੂੰ ਹਨੇਰੇ ਵਿਚ ਇਹਨੂੰ ਡਰ ਵੀ ਲੱਗਦਾ ਰਿਹਾ, ਪਰ ਕਰ ਕੀ ਸਕਦਾ ਸੀ। ਭੱਠੀ 'ਤੇ ਕੁਝ ਭੁਜੇ ਦਾਣੇ ਖਿਲਰੇ ਪਏ ਸਨ, ਉਹ ਚੁਕ ਕੇ ਢਿੱਡ ਦੀ ਅੱਗ ਨੂੰ ਬੁਝਾਣ ਦਾ ਯਤਨ ਕਰਦਾ ਰਿਹਾ। ਦੂਜੇ ਦਿਨ ਵੀ ਇਸੇ ਤਰ੍ਹਾਂ ਸਾਰੀ ਦਿਹਾੜੀ ਇਸ ਫਿਰਦਿਆਂ ਬਿਤਾ ਛੱਡੀ। ਭਾਵੇਂ ਇਸ ਬੱਚੇ ਦੀ ਕਾਹਦੀ ਪਛਾਣ ਸੀ, ਪਰ ਇਹ ਜਿਥੇ ਵੀ ਕਿਸੇ ਫ਼ੌਜੀ ਨੂੰ ਦੇਖ ਲੈਂਦਾ ਤਾਂ ਡਰ ਨਾਲ ਕੰਬਣ ਲੱਗ ਪੈਂਦਾ। ਯਤਨ ਕਰਦਾ ਕਿ ਜਾਂ ਤਾਂ ਕਿਧਰੇ ਛੁੱਪ ਜਾਏ ਜਾਂ ਨੱਸ ਜਾਏ। ਇਸ ਨੇ ਦੋ ਦਿਨ ਇਵੇਂ ਹੀ ਲੰਘਾ ਦਿਤੇ। ਅੱਜ ਵੀ ਮੈਨੂੰ ਫੜਨ ਲਈ ਫ਼ੌਜ ਨਾ ਜਾਂਦੀ ਤਾਂ ਮੈਂ ਕਦੇ ਵੀ ਅਨਾਰਕਲੀ ਬਾਜ਼ਾਰ ਵਲ ਨਹੀਂ ਸੀ ਜਾਣਾ। ਮੈਂ ਉਸ ਪਾਸੇ ਜਾ ਰਿਹਾ ਸਾਂ ਤੇ ਇਹ ਰਾਹ ਵਿਚ ਮਿਲ ਗਿਆ। ਮੈਨੂੰ ਇਹ ਵੇਖ ਕੇ ਰੁਕ ਗਿਆ। ਮੈਂ ਵੀ ਇਹਦੇ ਵਲ ਵੇਖਣ ਲਗ ਪਿਆ। ਜੇ ਇਹ ਨਾ ਰੁਕਦਾ ਤਾਂ ਸ਼ਾਇਦ ਮੈਂ ਵੀ ਬੇਧਿਆਨਾ ਇਸ ਕੋਲੋਂ ਲੰਘ ਜਾਂਦਾ। ਇਸ ਨੂੰ ਮੈਂ ਪਛਾਣ ਲਿਆ ਤੇ ਜੱਫਾ ਪਾ ਲਿਆ। ਉਸ ਵੇਲੇ ਇਹ ਇਤਨਾ ਡਰਿਆ ਤੇ ਘਬਰਾਇਆ ਹੋਇਆ ਸੀ ਕਿ ਕਿੰਨੀ ਦੇਰ ਤਾਂ

ਕੁਝ ਦੱਸ ਹੀ ਨਹੀਂ ਸਕਿਆ। ਇਹਦਾ ਰੋਣ ਨਿਕਲ ਗਿਆ ਤੇ ਮੇਰਾ ਵੀ ਗਲਾ ਭਰ ਆਇਆ। ਝਟ ਪਿਛੋਂ ਜਾ ਕੇ ਉਸ ਮੈਨੂੰ ਸਾਰੀ ਗੱਲ ਦੱਸੀ ਏ।" ਪੋਖਰ ਨੇ ਅੱਲਾ ਦਿੱਤਾ ਨੂੰ ਉਸ ਤਰ੍ਹਾਂ ਕਹਾਣੀ ਸੁਣਾ ਦਿੱਤੀ ਜਿਸ ਤਰ੍ਹਾਂ ਨਾਲ ਦਲੀਪ ਨੇ ਉਸ ਨੂੰ ਸੁਣਾਈ ਸੀ।

ਅੱਲਾ ਦਿੱਤਾ ਦਲੀਪ ਦੀ ਔਕੜ ਦੀ ਕਹਾਣੀ ਸੁਣ ਕੇ ਰੋ ਪਿਆ। ਉਹਦੀਆਂ ਅੱਖਾਂ ਵਿਚ ਪਾਣੀ ਭਰ ਆਇਆ ਤੇ ਉਸ ਨੇ ਆਪਣੇ ਹੱਥਾਂ ਨਾਲ ਦਲੀਪ ਨੂੰ ਪਿਆਰ ਦੇਣਾ ਸ਼ੁਰੂ ਕਰ ਦਿੱਤਾ। ਦਲੀਪ ਕਿਤਨੇ ਦਿਨਾਂ ਦਾ ਸੁੱਤਾ ਨਹੀਂ ਸੀ। ਸਾਰੀ ਰਾਤ ਵਿਚਾਰਾ ਫਿਰਦਿਆਂ ਜਾਂ ਕਿਸੇ ਹੱਟੀ ਦੀ ਭੱਠੀ 'ਤੇ ਬਿਤਾਂਦਾ ਰਿਹਾ ਸੀ। ਕੰਬਲ ਦੀ ਨਿੱਘ ਨਾਲ ਉਹਨੂੰ ਊਂਘ ਆ ਗਈ।

"ਮੇਰੇ ਦੇਸ਼ ਦੀ ਬਦਕਿਸਮਤੀ ਹੋਰ ਕੀ ਹੋ ਸਕਦੀ ਏ, ਜਿਥੇ ਇਸ ਵਰਗੇ ਬੱਚੇ ਰੁਲ ਰਹੇ ਹਨ। ਸਿਰਫ਼ ਇਸ ਕਰਕੇ ਕਿ ਉਹਨਾਂ ਦਾ ਇਸਲਾਮ ਵਿਚ ਵਿਸ਼ਵਾਸ ਨਹੀਂ।" ਅੱਲਾ ਦਿੱਤਾ ਨੇ ਲੰਮਾ ਸਾਰਾ ਠੰਢਾ ਸਾਹ ਲੈਂਦਿਆਂ ਕਿਹਾ, "ਇਸ ਵਿਚਾਰੇ ਨੂੰ ਪਤਾ ਹੀ ਨਹੀਂ ਹੋਣਾ ਕਿ ਸਿੱਖੀ ਕੀ ਏ ਜਾਂ ਇਸਲਾਮ ਕੀ ਏ, ਪਰ ਮਾਰਿਆ ਮਾਰਿਆ ਫਿਰ ਰਿਹਾ ਹੈ।"

"ਜ਼ਰਾ ਹੌਲੀ ਗੱਲਾਂ ਕਰੋ, ਹੋ ਸਕਦਾ ਏ ਕਿ ਕੋਈ ਸਾਡੀਆਂ ਗੱਲਾਂ ਸੁਣ ਰਿਹਾ ਹੋਵੇ।" ਪੋਖਰ ਨੇ ਕਿਹਾ, "ਸਿਆਣੇ ਕਹਿੰਦੇ ਨੇ ਕੰਧਾਂ ਨੂੰ ਵੀ ਕੰਨ ਹੁੰਦੇ ਨੇ। ਇਹ ਤਾਂ ਸਰਾਂ ਏ। ਇਥੇ ਹਰ ਕਮਰੇ ਵਿਚ ਹੀ ਵੰਨਾਂ ਵੰਨੀ ਦੇ ਬੰਦੇ ਨੇ। ਜੇ ਕਿਸੇ ਨੂੰ ਪਤਾ ਲਗ ਗਿਆ ਤਾਂ ਸਾਡਾ ਬਚਣਾ ਔਖਾ ਹੋ ਜਾਵੇਗਾ।"

"ਕੌਣ ਜਾਣਦਾ ਏ ਕਿ ਤੁਸੀਂ ਸਿੱਖਾਂ ਦੇ ਸਾਥੀ ਹੋ। ਸਿਰ 'ਤੇ ਵਾਲ ਨਹੀਂ, ਬਸ ਤੁਹਾਡੀ ਕਾਹਦੀ ਪਛਾਣ ਏ," ਅੱਲਾ ਦਿੱਤਾ ਨੇ ਕਿਹਾ ਤੇ ਪੋਖਰ ਨੂੰ ਪੁਛਿਆ, "ਫਿਰ ਗੁਲਾਬ ਸਿੰਘ ਦੀ ਵਹੁਟੀ ਦਾ ਕੁਝ ਪਤਾ ਨਹੀਂ ਲੱਗਾ ?"

"ਕੁਝ ਪਤਾ ਨਹੀਂ ਲੱਗਾ, ਸਾਨੂੰ ਤਾਂ ਉਹੀ ਕੁਝ ਪਤਾ ਏ ਜੋ ਦਲੀਪ ਨੇ ਦਸਿਆ ਏ।" ਪੋਖਰ ਨੇ ਕਿਹਾ।

"ਮੇਰਾ ਖ਼ਿਆਲ ਤਾਂ ਇਹ ਹੈ ਕਿ ਉਹ ਜ਼ਰੂਰ ਫੜੀ ਗਈ ਹੋਵੇਗੀ। ਨਹੀਂ ਤਾਂ ਉਹ ਪੁੱਤਰ ਨੂੰ ਛੱਡ ਕੇ ਕਦੇ ਨਾ ਜਾਂਦੀ। ਝਟ ਪਿਛੋਂ ਉਥੇ ਫੇਰਾ ਮਾਰਦੀ ਜਾਂ ਫਿਰ ਆਸੇ ਪਾਸੇ ਲੱਭਦੀ। ਜੇਕਰ ਇਕ ਵਾਰ ਛੱਡ ਕੇ ਮੁੜ ਨਹੀਂ ਆਈ ਤਾਂ ਇਸ ਤੋਂ ਇਹੋ ਸਿੱਧ ਹੁੰਦਾ ਏ ਕਿ ਉਹ ਕਾਬੂ ਆ ਗਈ ਹੋਵੇਗੀ।" ਅੱਲਾ ਦਿੱਤਾ ਨੇ ਕਿਹਾ।

ਪੋਖਰ ਨੇ ਠੰਢਾ ਸਾਹ ਲਿਆ ਤੇ ਕਿਹਾ, "ਕਿਸਮਤ ਦੀਆਂ ਗੱਲਾਂ ਨੇ, ਪਹਿਲਾਂ ਤਾਂ ਨਿੱਕਾ ਬੱਚਾ ਮਾਰਿਆ ਗਿਆ ਤੇ ਫਿਰ ਕਿਸੇ ਭਲੇ ਲੋਕ ਨੂੰ ਇਹਨਾਂ 'ਤੇ ਤਰਸ ਆ ਗਿਆ ਤੇ ਉਸ ਬਚਾਅ ਕੇ ਬੁੱਚੜਖ਼ਾਨੇ ਵਿਚੋਂ ਕੱਢ ਦਿੱਤਾ, ਪਰ ਭਾਗਾਂ ਵਿਚ

ਸੁਖ ਨਹੀਂ ਸੀ, ਇਸ ਲਈ ਮਾਂ ਪੁੱਤਰ ਵੀ ਨਿਖੜ ਗਏ।"

ਅੱਲਾ ਦਿੱਤਾ ਸੋਚਾਂ ਵਿਚ ਪੈ ਗਿਆ, ਪੋਖਰ ਉਹਦੇ ਮੂੰਹ ਵਲ ਵੇਖਣ ਲੱਗ ਪਿਆ ਤੇ ਦੋ-ਚਾਰ ਮਿੰਟ ਦੀ ਚੁੱਪ ਪਿਛੋਂ ਕਿਹਾ, "ਕੀ ਗੱਲ, ਤੁਸੀਂ ਹੁਣ ਕੀ ਪਏ ਸੋਚਦੇ ਹੋ ?"

"ਮੈਂ ਸੋਚ ਰਿਹਾ ਸਾਂ ਕਿ ਹੁਣ ਕੀ ਕੀਤਾ ਜਾਏ, ਸਾਨੂੰ ਛੇਤੀ ਤੋਂ ਛੇਤੀ ਅਗਲਾ ਕਦਮ ਚੁਕਣਾ ਚਾਹੀਦਾ ਹੈ। ਸ: ਗੁਲਾਬ ਸਿੰਘ ਹੋਰੀਂ ਜ਼ਰੂਰ ਚਲੇ ਗਏ ਹੋਣਗੇ। ਜੇਕਰ ਉਹ ਬੱਚ ਕੇ ਨਿਕਲ ਵੀ ਗਏ ਹੋਏ ਨੇ ਤਾਂ ਸੁਆਲ ਹੁਣ ਇਹ ਹੈ ਕਿ ਉਹਨਾਂ ਦੀ ਪਤਨੀ ਦਾ ਕਿਵੇਂ ਪਤਾ ਲੱਗੇ। ਤੁਹਾਡਾ ਕੀ ਖ਼ਿਆਲ ਹੈ, ਜੇਕਰ ਰੇਸ਼ਮਾ ਸ਼ਹਿਰੋਂ ਬਾਹਰ ਨਿਕਲ ਗਈ ਹੋਈ ਤਾਂ ਉਹ ਆਪਣੇ ਪਿੰਡ ਪਹੁੰਚ ਜਾਏਗੀ ?" ਅੱਲਾ ਦਿੱਤਾ ਨੇ ਕਿਹਾ।

"ਮੇਰਾ ਖ਼ਿਆਲ ਤਾਂ ਇਹ ਹੈ ਕਿ ਉਹ ਜ਼ਰੂਰ ਫ਼ੌਜ ਦੇ ਕਾਬੂ ਆ ਗਈ ਹੋਵੇਗੀ।" ਪੋਖਰ ਨੇ ਕਿਹਾ, "ਫ਼ੌਜ ਨੂੰ ਉਸ ਦਿਨ ਤੋਂ ਬੜੀ ਹਫੜਾ ਦਫੜੀ ਪਈ ਏ ਤੇ ਉਹਨਾਂ ਬੜਾ ਕਰੜਾ ਪਹਿਰਾ ਲਾਈ ਰਖਿਆ ਹੈ, ਇਸ ਲਈ ਬੱਚ ਕੇ ਕਿਵੇਂ ਜਾ ਸਕਦੀ ਹੈ। ਇਸਤ੍ਰੀ ਜ਼ਾਤ ਏ, ਇਸ ਲਈ ਨਾ ਤਾਂ ਛੇਤੀ ਲੁਕ ਸਕਦੀ ਹੈ ਤੇ ਨਾ ਹੀ ਉਸ ਕੋਲੋਂ ਭੱਜਣ ਹੁੰਦਾ ਹੈ, ਪਰ ਜੇਕਰ ਬੱਚ ਕੇ ਨਿਕਲ ਵੀ ਗਈ ਹੋਵੇ ਤਾਂ ਮੈਨੂੰ ਆਸ ਨਹੀਂ ਕਿ ਉਹ ਪਿੰਡ ਪਹੁੰਚ ਜਾਏ। ਗੱਡਿਆਂ 'ਤੇ ਰਾਤੋ ਰਾਤ ਉਹਨਾਂ ਨੂੰ ਲਾਹੌਰ ਲਿਆਏ ਸਨ, ਇਸ ਲਈ ਰਾਹ ਖਹਿੜੇ ਦਾ ਪਤਾ ਨਹੀਂ ਹੋ ਸਕਦਾ। ਡਰਦਿਆਂ ਮਾਰਿਆਂ ਉਸ ਕਿਸੇ ਕੋਲੋਂ ਪੁਛਣਾ ਨਹੀਂ। ਜੇ ਉਹਨਾਂ ਪਿੰਡ ਦਾ ਰਾਹ ਪੁਛਿਆ ਤਾਂ ਕੋਈ ਕਮੀਨਾ ਆਦਮੀ ਟੱਕਰ ਪਏ ਤਾਂ ਉਹ ਨਵੀਆਂ ਔਕੜਾਂ ਪੈਦਾ ਕਰ ਦਏ।"

"ਇਹ ਤਾਂ ਮੈਨੂੰ ਯਕੀਨ ਏਂ ਕਿ ਰੇਸ਼ਮਾ ਫ਼ੌਜ ਦੇ ਕਾਬੂ ਨਹੀਂ ਆਈ। ਉਨ੍ਹਾਂ ਲਈ ਦੋ ਦਿਹਾੜੀਆਂ ਫ਼ੌਜ ਭਜਦੀ ਫਿਰੀ ਹੈ, ਜੇ ਉਹ ਗ੍ਰਿਫ਼ਤਾਰ ਹੋ ਜਾਂਦੀ ਤਾਂ ਸਾਰੇ ਫ਼ੌਜੀਆਂ ਨੂੰ ਪਤਾ ਲੱਗ ਜਾਣਾ ਸੀ, ਪਰ ਅੱਜ ਸ਼ਾਮ ਤਕ ਖਿਜ਼ਰ ਖ਼ਾਨ ਨੂੰ ਪਤਾ ਨਹੀਂ ਲੱਗਾ। ਰੇਸ਼ਮਾ ਦੇ ਕਾਬੂ ਆਉਂਦਿਆਂ ਸਾਰ ਉਹਨੇ ਮੈਨੂੰ ਆ ਕੇ ਇਤਲਾਹ ਦੇਣੀ ਏਂ।"

ਦਲੀਪ ਨੇ ਸਿਰ ਮਾਰ ਕੇ 'ਹਾਂ' ਵਿਚ ਉੱਤਰ ਦਿੱਤਾ। ਪੋਖਰ ਨੇ ਕਿਹਾ, "ਵਿਚਾਰਾ ਕਈ ਦਿਨਾਂ ਦਾ ਭੁੱਖਾ ਹੈ, ਇਸ ਲਈ ਸਾਨੂੰ ਇਹਦੇ ਲਈ ਕੁਝ ਖਾਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।"

ਅੱਲਾ ਦਿੱਤਾ ਨੇ ਆਪਣੀ ਜੇਬ ਵਿਚ ਹੱਥ ਮਾਰਿਆ ਤੇ ਜੋ ਕੁਝ ਨਿਕਲਿਆ, ਉਹਨੂੰ ਤਲੀ 'ਤੇ ਰੱਖ ਕੇ ਗਿਣਨ ਲੱਗ ਪਿਆ ਤੇ ਪੋਖਰ ਸਮਝ ਗਿਆ ਕਿ ਇਹ ਕੋਈ ਚੀਜ਼ ਲਿਆਉਣ ਲਈ ਪੈਸੇ ਵੇਖ ਰਿਹਾ ਹੈ। ਉਸ ਨੇ ਆਪਣੀ ਜੇਬ ਵਿਚ ਹੱਥ ਮਾਰਿਆ ਤੇ ਜੋ ਕੁਝ ਨਿਕਲਿਆ ਅੱਲਾ ਦਿੱਤਾ ਦੇ ਹੱਥ 'ਤੇ ਰੱਖ ਦਿੱਤਾ ਅਤੇ ਕਿਹਾ, "ਅਜੇ ਕਈ ਹੱਟੀਆਂ ਖੁਲ੍ਹੀਆਂ ਹੋਣੀਆਂ ਨੇ, ਜਾਓ ਜਾ ਕੇ ਕੋਈ ਚੀਜ਼ ਲੈ ਆਓ, ਫਿਰ ਜਾਣ

ਦੀ ਸਲਾਹ ਕਰਦੇ ਹਾਂ।" ਅੱਲਾ ਦਿੱਤਾ ਉਸੇ ਵੇਲੇ ਉਠਿਆ ਤੇ ਪੋਖਰ ਦੀ ਖੇਸੀ ਲੈ ਕੇ ਬੁਕਲ ਮਾਰ ਕੇ ਬਾਜ਼ਾਰ ਚਲਾ ਗਿਆ।

ਅਜੇ ਉਹਨੂੰ ਗਿਆਂ ਪੰਜ ਸੱਤ ਮਿੰਟ ਹੀ ਹੋਏ ਸਨ ਕਿ ਕੁਝ ਸਿਪਾਹੀਆਂ ਸਮੇਤ ਸਰਾਂ ਦਾ ਪ੍ਰਬੰਧਕ ਆ ਗਿਆ। ਉਸ ਕਮਰੇ ਦੇ ਦਰਵਾਜ਼ੇ ਨੂੰ ਜ਼ੋਰ ਨਾਲ ਲੱਤ ਮਾਰੀ ਤੇ ਉਹ ਖੁਲ੍ਹ ਗਿਆ। ਦਗੜ ਦਗੜ ਕਰਦੇ ਅੰਦਰ ਆ ਵੜੇ। ਸਰਾਂ ਦੇ ਪ੍ਰਬੰਧਕ ਨੇ ਕਿਹਾ, "ਲਓ ਜੀ ਇਹ ਬੰਦੇ, ਜੋ ਸਿੱਖਾਂ ਦੇ ਜਾਸੂਸ ਜਾਪਦੇ ਨੇ। ਮੈਂ ਇਹਨਾਂ ਦੀਆਂ ਗੱਲਾਂ ਦਰਵਾਜ਼ੇ ਅਗੇ ਖੜਾ ਸੁਣਦਾ ਰਿਹਾ ਹਾਂ।"

"ਇਹ ਤੇ ਇਕ ਆਦਮੀ ਏ," ਇਕ ਸਿਪਾਹੀ ਨੇ ਕਿਹਾ, "ਬਾਕੀ ਕਿਥੇ ਗਏ ਨੇ?"

"ਬਸ ਜੀ, ਦੋ ਹੀ ਆਦਮੀ ਸਨ ਤੇ ਉਹਨਾਂ ਨਾਲ ਇਕ ਬੱਚਾ ਸੀ।" ਪ੍ਰਬੰਧਕ ਨੇ ਕਿਹਾ। ਇਹਨਾਂ ਦੀ ਇਸ ਗੱਲ-ਬਾਤ 'ਤੇ ਪਹਿਲਾਂ ਹੋਏ ਦਰਵਾਜ਼ੇ ਦੇ ਖੜਾਕ ਨਾਲ ਦਲੀਪ ਉੱਠ ਬੈਠਾ। ਥਕੇਵੇਂ ਕਾਰਨ ਉਹਦੀ ਅੱਖ ਲਗਣ ਹੀ ਲੱਗੀ ਸੀ ਕਿ ਨਵੀਂ ਮੁਸੀਬਤ ਆ ਖੜੀ ਹੋਈ।

"ਤੇਰੇ ਨਾਲਦਾ ਦੂਜਾ ਆਦਮੀ ਕਿਥੇ ਵੇ?" ਇਕ ਸਿਪਾਹੀ ਨੇ ਪੋਖਰ ਨੂੰ ਪੁਛਿਆ।

"ਕਿਹੜਾ ਦੂਜਾ?" ਪੋਖਰ ਨੇ ਖੜੇ ਹੁੰਦਿਆਂ ਦੋਵੇਂ ਹੱਥ ਜੋੜ ਕੇ ਬੜੀ ਨਿਮਰਤਾ ਨਾਲ ਪੁਛਿਆ।

"ਉਹ, ਜਿਸ ਨਾਲ ਗੱਲਾਂ ਕਰ ਰਿਹਾ ਸੈਂ।" ਸਰਾਂ ਦਾ ਪ੍ਰਬੰਧਕ ਮੌਲਵੀ ਨਜ਼ੀਰ ਦੀਨ ਬੋਲਿਆ।

"ਮੌਲਵੀ ਜੀ ਤੁਸੀਂ ਭੁਲਦੇ ਹੋ। ਮੇਰੇ ਨਾਲ ਤਾਂ ਹੋਰ ਕੋਈ ਨਹੀਂ। ਜੇ ਮੈਂ ਗੱਲਾਂ ਕਰਦਾ ਹੋਵਾਂਗਾ ਤਾਂ ਇਸ ਬੱਚੇ ਨਾਲ ਕਰ ਰਿਹਾ ਹੋਵਾਂਗਾ।" ਪੋਖਰ ਨੇ ਬੜੇ ਭੋਲੇ ਬਣ ਕੇ ਟਾਲਣ ਲਈ ਕਿਹਾ।

"ਬਕਵਾਸ ਕਰਨਾ ਏਂ?" ਮੌਲਵੀ ਨੇ ਗੁੱਸੇ ਨਾਲ ਕਿਹਾ, "ਕਮਰਾ ਲੈਣ ਲਈ ਤੂੰ ਨਹੀਂ, ਤੇਰੇ ਨਾਲਦਾ ਗਿਆ ਸੀ ਉਹਨੂੰ ਕਿਧਰੇ ਨਸਾ ਦਿਤਾ ਈ?"

"ਜੇ ਉਹ ਨੱਸ ਸਕਦਾ ਸੀ ਤਾਂ ਮੈਂ ਵੀ ਜਾ ਸਕਦਾ ਸਾਂ। ਸਾਨੂੰ ਸਰਾਂ ਵਿਚੋਂ ਨੱਸਣ ਦੀ ਕੀ ਲੋੜ ਸੀ। ਮੈਨੂੰ ਸਮਝ ਨਹੀਂ ਆ ਰਹੀ ਕਿ ਤੁਸੀਂ ਕੀ ਸਮਝ ਕੇ ਸਾਡੇ 'ਤੇ ਸ਼ੱਕ ਕਰ ਰਹੇ ਹੋ। ਅਸੀਂ ਕੋਈ ਚੋਰੀ ਨਹੀਂ ਕੀਤੀ। ਕਿਸੇ ਨੂੰ ਧੋਖਾ ਦੇ ਕੇ ਨਹੀਂ ਆਏ। ਜੇ ਤੁਹਾਨੂੰ ਇਤਬਾਰ ਨਹੀਂ ਤਾਂ ਬੇਸ਼ੱਕ ਸਾਡੀ ਤਲਾਸ਼ੀ ਲੈ ਕੇ ਦੇਖ ਲਓ।" ਪੋਖਰ ਨੇ ਇਕੋ ਸਾਹੇ ਕਿੰਨਾ ਕੁਝ ਸਿਰਫ ਇਸ ਲਈ ਕਹਿ ਦਿੱਤਾ ਕਿ ਇਹਨਾਂ ਨੂੰ ਵਿਸ਼ਵਾਸ

ਆ ਜਾਏ ਤੇ ਇਹ ਟੁਰ ਜਾਣ। ਉਹਨੂੰ ਡਰ ਸੀ ਕਿ ਜੇਕਰ ਉਪਰੋਂ ਅੱਲਾ ਦਿੱਤਾ ਆ ਗਿਆ ਤਾਂ ਸਾਰੇ ਨਾ ਫਸ ਜਾਈਏ। ਪੋਖਰ ਨੂੰ ਪਹਿਲਾਂ ਤਾਂ ਇਹ ਸ਼ੱਕ ਸੀ ਕਿ ਉਹਨੂੰ ਗ੍ਰਿਫ਼ਤਾਰ ਕਰਨ ਆਏ ਹਨ, ਪਰ ਜਦ ਉਹਦਾ ਨਾਮ ਲੈ ਕੇ ਕਿਸੇ ਨੇ ਕੁਝ ਨਾ ਕਿਹਾ ਤਾਂ ਉਹਨੂੰ ਯਕੀਨ ਆ ਗਿਆ ਕਿ ਇਹ ਉਸ ਸੰਬੰਧ ਵਿਚ ਤਾਂ ਨਹੀਂ ਆਏ, ਉੱਝ ਹੀ ਨਵੀਂ ਗੱਲ ਕਰਕੇ ਆਏ ਹਨ। ਫਿਰ ਉਹਦਾ ਧਿਆਨ ਸਰਾਂ ਦੇ ਮੌਲਵੀ ਦੀ ਗੱਲ ਵੱਲ ਚਲਾ ਗਿਆ ਤੇ ਪਤਾ ਲੱਗ ਗਿਆ ਕਿ ਉਹਦੀਆਂ ਤੇ ਅੱਲਾ ਦਿੱਤਾ ਦੀਆਂ ਗੱਲਾਂ ਸੁਣ ਕੇ ਇਸ ਨੇ ਹੀ ਫ਼ੌਜ ਨੂੰ ਇਤਲਾਹ ਦਿੱਤੀ ਏ।

"ਤੂੰ ਕੌਣ ਏਂ ?" ਇਕ ਸਿਪਾਹੀ ਨੇ ਪੁਛਿਆ।

"ਬੰਦਾ ਹਾਂ।"

"ਹਿੰਦੂ ਕਿ ਮੁਸਲਮਾਨ ?"

"ਹਿੰਦੂ।" ਪੋਖਰ ਨੇ ਸਾਫ਼ ਕਿਹਾ।

"ਸ਼ਹਿਰ ਕੀ ਕਰਨ ਆਇਆ ਏਂ ?" ਇਕ ਫ਼ੌਜੀ ਨੇ ਪੁਛਿਆ।

"ਸੌਦਾ ਲੈਣ।" ਪੋਖਰ ਬੋਲਿਆ।

"ਕਿਥੋਂ ਦਾ ਰਹਿਣ ਵਾਲਾ ਏਂ ?"

"ਕਰੀਮਪੁਰ ਦਾ।"

"ਸੌਦਾ ਕਿਥੇ ਈ ?" ਫ਼ੌਜੀ ਨੇ ਕਮਰੇ ਵਿਚ ਸਾਰੇ ਪਾਸੇ ਨਜ਼ਰ ਮਾਰੀ; ਪਰ ਕੋਈ ਸਾਮਾਨ ਤਾਂ ਇਕ ਪਾਸੇ ਰਿਹਾ, ਬੋਰੀ ਵੀ ਨਹੀਂ ਸੀ। ਪਿੰਡ ਦੇ ਦੁਕਾਨਦਾਰ ਜਦ ਸ਼ਹਿਰ ਆਉਣ ਤਾਂ ਉਹਨਾਂ ਕੋਲ ਖ਼ਾਲੀ ਬੋਰੀਆਂ, ਕਈ ਗੁੱਥੀਆਂ ਤੇ ਹੋਰ ਚੀਜ਼ਾਂ ਹੁੰਦੀਆਂ ਨੇ, ਜਿਨ੍ਹਾਂ ਵਿਚ ਉਹ ਵੰਨ-ਸੁਵੰਨਾ ਮਾਲ ਬੰਨ੍ਹ ਕੇ ਲਿਜਾਂਦੇ ਹਨ।

"ਅਜੇ ਲੈਣਾ ਏਂ।" ਪੋਖਰ ਨੇ ਕਿਹਾ।

"ਰਕਮ ਕਿਥੇ ਈ ?" ਫ਼ੌਜੀ ਨੇ ਪੁਛਿਆ।

"ਉਹ ਰਾਹ ਵਿਚ ਕਿਸੇ ਕੱਢ ਲਈ ਏ। ਇਸੇ ਲਈ ਦਿਨ ਨੂੰ ਮਾਲ ਨਹੀਂ ਖ਼ਰੀਦ ਸਕਿਆ ਤੇ ਰਾਤ ਨੂੰ ਸਰਾਂ ਵਿਚ ਠਹਿਰ ਗਿਆ ਹਾਂ। ਅਗੇ ਤੇ ਅੰਮ੍ਰਿਤਸਰੋਂ ਭਰਦਾ ਸਾਂ, ਪਰ ਅੱਜ ਪਹਿਲੀ ਵਾਰ ਹੀ ਲਾਹੌਰ ਆਇਆ ਹਾਂ ਤੇ ਆਉਂਦਿਆਂ ਲੁਟਿਆ ਗਿਆ ਹਾਂ।" ਪੋਖਰ ਨੇ ਅਜਿਹੀ ਕਹਾਣੀ ਬਣਾ ਕੇ ਦੱਸੀ ਕਿ ਸਾਧਾਰਨ ਆਦਮੀ ਨੂੰ ਉਸ 'ਤੇ ਸ਼ੱਕ ਨਹੀਂ ਸੀ ਹੋ ਸਕਦਾ, ਪਰ ਫ਼ੌਜੀ ਏਡੀ ਛੇਤੀ ਮੰਨਣ ਵਾਲੇ ਕਿਥੋਂ ਸਨ। ਉਹਨਾਂ ਹੋਰ ਖੋਜ ਲਈ ਅਜੇ ਸਵਾਲ ਕਰਨੇ ਸਨ ਕਿ ਮੌਲਵੀ ਵਿਚੇ ਬੋਲ ਪਿਆ, "ਇਹ ਸਾਰੀ ਗੱਲ ਬਨਾਉਟੀ ਜੇ, ਮੈਂ ਆਪਣੇ ਕੰਨਾਂ ਨਾਲ ਸੁਣਿਆ ਏ ਕਿ ਇਹ ਹਾਤੇ ਵਿਚੋਂ ਸਿੱਖਾਂ ਦੀਆਂ ਜ਼ਨਾਨੀਆਂ ਤੇ ਕੋਤਵਾਲੀ ਵਿਚੋਂ ਸਿੱਖਾਂ ਦੇ ਦੌੜਨ ਦੀਆਂ ਗੱਲਾਂ ਕਰ ਰਹੇ ਸਨ।

ਇਹ ਬੱਚਾ ਵੀ ਸਿੱਖਾਂ ਦਾ ਏ, ਇਸ ਬਾਰੇ ਵੀ ਕੁਝ ਗੱਲਾਂ ਪਏ ਕਰਦੇ ਸਨ।"

"ਮੌਲਵੀ ਜੀ! ਰੱਬ ਦਾ ਕੋਈ ਡਰ ਸਮਝੋ। ਕਿਉਂ ਸਾਨੂੰ ਐਵੇਂ ਮਾਰਨ ਦੀਆਂ ਲੀਹਾਂ 'ਤੇ ਇਹਨਾਂ ਨੂੰ ਪਾਂਦੇ ਹੋ। ਅਸੀਂ ਤੁਹਾਡਾ ਕੁਝ ਵਿਗਾੜ ਤਾਂ ਕੀਤਾ ਨਹੀਂ, ਪਰ ਫਿਰ ਪਤਾ ਨਹੀਂ ਕਿਉਂ ਤੁਸੀ ਸਾਡੇ ਪਿਛੇ ਪੈ ਗਏ ਹੋ।" ਹੁਣ ਪਹਿਲੀ ਵਾਰ ਪੋਖਰ ਕੁਝ ਖਿਝ ਕੇ ਬੋਲਿਆ।

ਦਲੀਪ ਭਾਵੇਂ ਉਮਰ ਵਿਚ ਛੋਟਾ ਸੀ; ਪਰ ਚੁਸਤ, ਸਿਆਣਾ ਤੇ ਸਮਝਦਾਰ ਸੀ, ਇਸ ਲਈ ਉਸ ਦੋ ਦਿਨ ਲਾਹੌਰ ਦੀਆਂ ਗਲੀਆਂ ਵਿਚ ਬਿਨਾਂ ਸਹਾਰਾ ਕੱਟ ਲਏ ਸਨ। ਹੁਣ ਵੀ ਉਹ ਬੜੇ ਧਿਆਨ ਨਾਲ ਸਿਪਾਹੀਆਂ ਤੇ ਪੋਖਰ ਦੀਆਂ ਗੱਲਾਂ ਸੁਣ ਰਿਹਾ ਸੀ। ਭਾਵੇਂ ਫ਼ੌਜੀ ਦੇਖ ਕੇ ਉਹਦਾ ਦਿਲ ਵੀ ਡਰ ਗਿਆ ਸੀ, ਪਰ ਫਿਰ ਵੀ ਉਹ ਬਰਦਾਸ਼ਤ ਕਰ ਗਿਆ।

"ਇਹ ਮੁੰਡਾ ਕੌਣ ਏ?" ਇਕ ਫ਼ੌਜੀ ਨੇ ਪੋਖਰ ਤੋਂ ਪੁਛਿਆ।

"ਮੇਰਾ ਭਤੀਜਾ ਏ।" ਪੋਖਰ ਨੇ ਕਿਹਾ।

"ਇਹ ਸਿਖ ਏ।" ਮੌਲਵੀ ਨੇ ਕਿਹਾ।

"ਨਹੀਂ ਜੀ, ਸਿਖ ਨਹੀਂ।" ਪੋਖਰ ਨੇ ਦਲੀਪ ਦੀ ਜਾਨ ਬਚਾਣ ਲਈ ਝਟ ਹੀ ਝੂਠ ਬੋਲ ਦਿੱਤਾ।

"ਇਹਦੇ ਸਿਰ 'ਤੇ ਵਾਲ ਨੇ, ਇਹ ਸਿਖ ਏ।", ਮੌਲਵੀ ਨੇ ਗੱਲ 'ਤੇ ਜ਼ੋਰ ਦੇਂਦਿਆਂ ਕਿਹਾ।

"ਨਹੀਂ ਜੀ, ਸਾਡੇ ਰਿਵਾਜ ਏ ਕਿ ਜਦੋਂ ਬੱਚਾ ਦਸ ਸਾਲਾਂ ਤੋਂ ਵੱਧ ਉਮਰ ਦਾ ਹੋ ਜਾਏ ਤਾਂ ਝੰਡ ਕਰਦੇ ਹਾਂ।" ਪੋਖਰ ਨੇ ਕਿਹਾ।

ਦਲੀਪ ਨੂੰ ਇਹ ਗੱਲ ਬੜੀ ਚੁਭੀ। ਭਾਵੇਂ ਪੋਖਰ ਉਹਦੀ ਜਾਨ ਬਚਾਣ ਲਈ ਸਭ ਕੁਝ ਕਰ ਰਿਹਾ ਸੀ, ਪਰ ਦਲੀਪ ਸਹਾਰ ਨਾ ਸਕਿਆ ਤੇ ਝਟ ਹੀ ਉਸ ਕਿਹਾ, "ਚਾਚਾ ਗ਼ਲਤ ਕਹਿੰਦਾ ਏ। ਮੈਂ ਸਿਖ ਹਾਂ ਤੇ ਮੈਂ ਝੰਡ ਨਹੀਂ ਕਰਾਉਣੀ।"

ਪੋਖਰ ਨੇ ਉਸ ਵੱਲ ਦੇਖਿਆ ਤੇ ਅੱਖਾਂ ਨਾਲ ਹੀ ਉਸਨੂੰ ਚੁਪ ਰਹਿਣ ਲਈ ਕਿਹਾ, ਪਰ ਦਲੀਪ ਝਟਪਟ ਕਹਿ ਗਿਆ।

"ਹੁਣ ਗੱਲ ਕਰ ਓਏ ਝੂਠਿਆ," ਮੌਲਵੀ ਨੇ ਪੋਖਰ ਵੱਲ ਦੇਖਦਿਆਂ ਕਿਹਾ, "ਹੁਣ ਤਾਂ ਮੁੰਡਾ ਆਪ ਪਿਆ ਮੰਨਦਾ ਏ ਕਿ ਉਹ ਸਿਖ ਏ।"

ਪੋਖਰ ਲਾਜਵਾਬ ਹੋ ਗਿਆ। ਝਟ ਚੁਪ ਕਰਨ ਪਿਛੋਂ ਉਸ ਆਪ ਹੀ ਗੱਲ ਟੋਰੀ, "ਤੁਸੀਂ ਤਰਸ ਕਰੋ ਇਸ ਬੱਚੇ 'ਤੇ, ਇਹਦਾ ਕੋਈ ਵਾਲੀ ਵਾਰਸ ਨਹੀਂ।"

"ਚਲੋ ਉਠੋ, ਟੁਰੋ ਸਾਡੇ ਨਾਲ।" ਅਖ਼ੀਰ ਇਕ ਸਿਪਾਹੀ ਨੇ ਇਹ ਕਹਿ ਕੇ ਗੱਲ

ਮੁਕਾਈ।

"ਦੱਸੋ ਤਾਂ ਸਹੀ, ਸਾਨੂੰ ਕਿਉਂ ਲਿਜਾਂਦੇ ਹੋ, ਸਾਡਾ ਕੀ ਦੋਸ਼ ਏ?" ਪੋਖਰ ਨੇ ਇਕ ਵਾਰ ਫਿਰ ਕਿਹਾ।

"ਤੁਹਾਡੇ ਦੋਸ਼ਾਂ ਦਾ ਪਤਾ ਤਾਂ ਕੋਤਵਾਲੀ ਚੱਲ ਕੇ ਲਗੇਗਾ। ਅਜੇ ਅਸੀਂ ਪੁਛਿਆ ਹੀ ਕੁਝ ਨਹੀਂ। ਗੱਲਾਂ ਤਾਂ ਉਥੇ ਚੱਲ ਕੇ ਕਰਾਂਗੇ। ਉਠੋ ਛੇਤੀ ਚਲੋ। ਬਾਹਰ ਲੋਕੀਂ ਐਵੇਂ ਤਮਾਸ਼ਾ ਦੇਖ ਕੇ ਇਕੱਠੇ ਹੋਈ ਜਾਂਦੇ ਨੇ।"

ਪੋਖਰ ਨੇ ਇਕ ਠੰਢਾ ਸਾਹ ਲਿਆ ਤੇ ਮਨ ਵਿਚ ਹੀ ਖ਼ਿਆਲ ਕੀਤਾ, ਚੰਗੇ ਲਾਹੌਰ ਆਏ ਹਾਂ। ਜਿਨ੍ਹਾਂ ਨਾਲ ਆਏ ਸਾਂ, ਉਹ ਵੀ ਵਖਤ ਨੂੰ ਫੜੇ ਪਏ ਨੇ ਤੇ ਜਿਨ੍ਹਾਂ ਕੋਲ ਠਹਿਰੇ ਸਾਂ ਉਹ ਵੀ ਕੈਦੀ ਬਣੇ ਪਏ ਨੇ। ਆਪ ਰਹਿੰਦੇ ਸਾਂ ਸੋ ਉਹ ਵੀ ਕਸਰ ਪੂਰੀ ਹੋ ਚੱਲੀ ਏ। ਹੁਣ ਤਾਂ ਰੱਬ ਹੀ ਛੁਡਾਵੇ, ਆਪਣੇ ਆਪ ਤਾਂ ਬੱਚ ਕੇ ਬਾਹਰ ਆਉਣ ਦੀ ਕੋਈ ਆਸ ਨਹੀਂ।"

ਪੋਖਰ ਤੇ ਦਲੀਪ ਦੋਵੇਂ ਟੁਰ ਪਏ। ਪੋਖਰ ਨੇ ਕੰਬਲ ਦੀ ਬੁਕਲ ਮਾਰ ਲਈ ਤੇ ਦਲੀਪ ਨੂੰ ਚੁਕ ਕੇ ਕੰਬਲ ਵਿਚ ਲਪੇਟ ਲਿਆ।

ਫ਼ੌਜ ਦੇ ਚਲੇ ਜਾਣ ਪਿਛੋਂ ਲੋਕੀਂ ਵੀ ਸਰਾਂ ਦੇ ਦਰਵਾਜ਼ੇ ਅਗੋਂ ਹੱਟ ਗਏ, ਕੁਝ ਮੁੰਡੇ ਚੌਕ ਵਿਚ ਜਾ ਖਲੋਤੇ ਤੇ ਉਥੇ ਹੀ ਸਿੱਖਾਂ ਬਾਰੇ ਗੱਲਾਂ ਕਰਨ ਲੱਗ ਪਏ।

ਅੱਲਾ ਦਿੱਤਾ ਕੁਝ ਚੀਜ਼ਾਂ ਲੈ ਕੇ ਆ ਰਿਹਾ ਸੀ। ਖਾਣ ਪੀਣ ਦੀਆਂ ਚੀਜ਼ਾਂ ਬਹੁਤ ਦੂਰੋਂ ਜਾ ਕੇ ਮਿਲੀਆਂ, ਜਿਸ ਕਾਰਨ ਬੜੀ ਦੇਰ ਲੱਗ ਗਈ। ਚੌਕ ਵਿਚੋਂ ਲੰਘਦਿਆਂ ਉਸ ਗੱਲਾਂ ਸੁਣ ਲਈਆਂ। ਇਕ ਮੁੰਡਾ ਕਹਿ ਰਿਹਾ ਸੀ, "ਸੁਣਿਆ ਏ ਕਿ ਸਿੱਖਾਂ ਦਾ ਮੁੰਡਾ ਆਪ ਹੀ ਕਹਿੰਦਾ ਸੀ ਕਿ ਮੈਂ ਸਿਖ ਹਾਂ।"

"ਉਹਦੇ ਨਾਲਦੇ ਹਿੰਦੂ ਨੇ ਬੜਾ ਝੂਠ ਬੋਲਿਆ ਕਿ ਉਹ ਸਿਖ ਨਹੀਂ, ਪਰ ਮੁੰਡਾ ਨਹੀਂ ਝਕਿਆ।" ਦੂਜੇ ਨੇ ਕਿਹਾ।

ਅੱਲਾ ਦਿੱਤਾ ਚੌਕ ਵਿਚ ਹੀ ਖੜਾ ਹੋ ਗਿਆ। ਮੁੰਡਿਆਂ ਵੱਲ ਉਸ ਕੰਡ ਕਰ ਦਿੱਤੀ ਤਾਕਿ ਉਹਨਾਂ ਨੂੰ ਸ਼ੱਕ ਨਾ ਪਵੇ ਕਿ ਇਹ ਉਹਨਾਂ ਦੀਆਂ ਗੱਲਾਂ ਸੁਣ ਰਿਹਾ ਹੈ। ਫਿਰ ਇਕ ਮੁੰਡੇ ਨੇ ਪੁਛਿਆ, "ਇਹ ਫੜੇ ਕਿਵੇਂ ਗਏ?"

"ਸਰਾਂ ਦੇ ਮੌਲਵੀ ਨੇ ਫੜਾਏ ਨੇ।" ਦੂਜੇ ਨੇ ਕਿਹਾ, "ਮੌਲਵੀ ਬੜਾ ਸਿਆਣਾ ਏ। ਉਹ ਰਾਤੀਂ ਲੋਕਾਂ ਦੀਆਂ ਲੁਕ ਲੁਕ ਕੇ ਗੱਲਾਂ ਸੁਣਦਾ ਰਹਿੰਦਾ ਏ। ਇਹਨਾਂ ਨੂੰ ਉਸ ਗੱਲਾਂ ਕਰਦਿਆਂ ਸੁਣ ਲਿਆ ਤੇ ਕੋਤਵਾਲੀ ਜਾ ਪਤਾ ਦਿੱਤਾ। ਅਜੇ ਇਕ ਆਦਮੀ ਇਹਨਾਂ ਦੇ ਨਾਲਦਾ ਭੱਜ ਗਿਆ ਏ, ਉਹਦਾ ਪਤਾ ਹੀ ਨਹੀਂ ਲੱਗਾ ਕਿ ਉਹ ਕਿਧਰ ਗਿਆ ਏ।"

ਅੱਲਾ ਦਿੱਤਾ ਨੂੰ ਸਾਰੀ ਗੱਲ ਸਮਝ ਆ ਗਈ। ਉਹਨੂੰ ਬੜਾ ਅਫ਼ਸੋਸ ਲੱਗਾ ਕਿ ਬਣੀ ਬਣਾਈ ਗੱਲ ਵਿਗੜ ਗਈ ਏ, ਪੋਖਰ ਤੇ ਮੈਂ ਇਕੱਠੇ ਹੋ ਗਏ ਸਾਂ ਤੇ ਆਸ ਹੋ ਗਈ ਸੀ ਕਿ ਹੁਣ ਗੱਲ ਕਿਸੇ ਸਿਰੇ ਲੱਗ ਜਾਵੇਗੀ, ਪਰ ਇਹ ਤਾਂ ਤਾਣੀ ਫਿਰ ਉਸੇ ਤਰ੍ਹਾਂ ਉਲਝੀ ਰਹੀ। ਹੁਣ ਜੇ ਪੋਖਰ ਤੇ ਦਲੀਪ ਕਾਬੂ ਆ ਗਏ ਤੇ ਉਹ ਬੱਚ ਨਹੀਂ ਸਕਦੇ।

ਅੱਲਾ ਦਿੱਤਾ ਨੂੰ ਰਹਿ ਰਹਿ ਕੇ ਮੌਲਵੀ 'ਤੇ ਅਫ਼ਸੋਸ ਤੇ ਗੁੱਸਾ ਆ ਰਿਹਾ ਸੀ। ਉਸ ਦਿਲ ਵਿਚ ਹੀ ਕਿਹਾ, "ਰੱਖ ਕੇ ਦਾਹੜੀਆਂ ਤੇ ਬਣਦੇ ਹਨ ਇਹ ਵੱਡੇ ਧਰਮੀ, ਪਰ ਆਪ ਧੋਖੇਬਾਜ਼ਾਂ ਤੇ ਬੇਈਮਾਨਾਂ ਵਾਲਾ ਕੰਮ ਕਰਦੇ ਹਨ, ਬੰਦਾ ਪੁਛੇ ਉਹਨੂੰ ਕਿ ਦਾਹੜੀ ਤੇਰੀ ਸਾਰੀ ਚਿੱਟੀ ਹੋਈ ਪਈ ਏ ਤੇ ਕਬਰ ਵਿਚ ਤੇਰੀਆਂ ਲੱਤਾਂ ਨੇ। ਇਹਨਾਂ ਗ਼ਰੀਬਾਂ ਨੇ ਤੇਰਾ ਕੀ ਵਿਗਾੜਿਆ ਏ ?"

ਕਿਸੇ ਤਰ੍ਹਾਂ ਖ਼ਿਆਲਾਂ ਦੇ ਵਹਿਣ ਵਿਚ ਹੌਲੀ ਹੌਲੀ ਕਦਮ ਪੁਟਦਾ ਉਹ ਸਰਾਂ ਦੇ ਵੱਡੇ ਦਰਵਾਜ਼ੇ ਨੇੜੇ ਪਹੁੰਚ ਗਿਆ। ਖ਼ਿਆਲਾਂ ਦੀ ਲੜੀ ਟੁਟੀ ਤੇ ਰੁਕ ਗਿਆ। ਅੱਗੇ ਜਾਣਾ ਉਸ ਖ਼ਤਰਨਾਕ ਸਮਝਿਆ ਕਿਉਂਕਿ ਮੌਲਵੀ ਉਹਨੂੰ ਤਾਂ ਚੰਗੀ ਤਰ੍ਹਾਂ ਪਛਾਣਦਾ ਸੀ। ਏਹੀ ਤਾਂ ਕਮਰਾ ਲੈਣ ਲਈ ਮੌਲਵੀ ਪਾਸ ਗਿਆ ਸੀ।

ਨਿੱਕੇ ਕਾਕੇ ਦਲੀਪ ਲਈ ਲਿਆਂਦੀਆਂ ਚੀਜ਼ਾਂ ਅੱਲਾ ਦਿੱਤਾ ਦੇ ਹੱਥ ਵਿਚ ਫੜੀਆਂ ਹੋਈਆਂ ਸਨ। ਇਕ ਹੱਟੀ ਤੋਂ ਉਹਨੂੰ ਕੁਝ ਲੱਡੂ ਤੇ ਜਲੇਬੀਆਂ ਮਿਲ ਗਈਆਂ ਸਨ ਤੇ ਇਕ ਹੱਟੀ ਤੋਂ ਕੁਝ ਪਕੌੜੇ ਮਿਲ ਗਏ ਸਨ। ਜਦ ਇਹਨਾਂ ਚੀਜ਼ਾਂ ਵੱਲ ਉਹਦਾ ਧਿਆਨ ਗਿਆ ਤਾਂ ਮੌਲਵੀ ਦੀ ਕਮੀਨੀ ਹਰਕਤ 'ਤੇ ਉਹਨੂੰ ਹੋਰ ਗੁੱਸਾ ਚੜ੍ਹ ਗਿਆ।

ਮੌਲਵੀ ਸਾਹਿਬ ਅਚਾਨਕ ਹੀ ਬਾਹਰ ਨਿਕਲ ਆਏ। ਅੱਜ ਖ਼ੁਸ਼ੀ ਨਾਲ ਉਹਨਾਂ ਨੂੰ ਨੀਂਦਰ ਨਹੀਂ ਸੀ ਪੈ ਰਹੀ। ਸਵੇਰੇ ਹੀ ਮੀਰ ਮੰਨੂ ਦੇ ਦਰਬਾਰ ਵਿਚੋਂ ਸਿੱਖਾਂ ਦੇ ਜਾਸੂਸ ਫੜਾਣ 'ਤੇ ਭਾਰੀ ਇਨਾਮ ਮਿਲਣਾ ਸੀ।

ਮੌਲਵੀ ਨੂੰ ਜਦ ਸਾਹਮਣੇ ਦੇਖਿਆ ਤਾਂ ਬੁੱਢੇ ਅੱਲਾ ਦਿੱਤਾ ਨੂੰ ਹੋਰ ਗੁੱਸਾ ਚੜ੍ਹ ਗਿਆ ਤੇ ਆਪੇ ਤੋਂ ਬਾਹਰ ਹੋ ਗਿਆ। ਅੱਲਾ ਦਿੱਤਾ ਦੀ ਜੇਬ ਵਿਚ ਛੇ ਇੰਚ ਲੰਮੇ ਫਾਲੇ ਵਾਲਾ ਚਾਕੂ ਸੀ। ਜੋ ਉਸ ਕੱਢ ਕੇ ਮੌਲਵੀ ਨੂੰ ਸਿੱਧਾ ਮਾਰਿਆ। ਉਹ ਚਾਕੂ ਮੌਲਵੀ ਸਾਹਿਬ ਦੀ ਛਾਤੀ ਵਿਚ ਖੱਬੇ ਪਾਸੇ ਕਰਕੇ ਵੱਜਾ ਤੇ ਸਿੱਧਾ ਦਿਲ ਚੀਰ ਕੇ ਲੰਘ ਗਿਆ। ਇਕੋ ਟਿਕਾਣੇ ਵੱਜੇ ਚਾਕੂ ਨੇ ਮੌਲਵੀ ਨੂੰ ਪਾਣੀ ਨਾ ਮੰਗਣ ਦਿੱਤਾ ਤੇ ਉਹ ਇਕ ਚੀਕ ਮਾਰ ਕੇ ਚਿਤ ਹੋ ਗਿਆ।

ਅੱਲਾ ਦਿੱਤਾ ਦਾ ਰੋਹ ਹੋਰ ਵੱਧ ਗਿਆ ਤੇ ਗੁੱਸੇ ਵਿਚ ਹੀ ਉਸ ਦੋ ਚਾਰ ਚਾਕੂ ਹੋਰ ਮਾਰ ਦਿੱਤੇ। ਮੌਲਵੀ ਦੀਆਂ ਆਵਾਜ਼ਾਂ ਨਾਲ ਸਰਾਂ ਵਿਚੋਂ ਕੁਝ ਹੋਰ ਬੰਦੇ ਨਿਕਲ

ਆਏ। ਕਈਆਂ ਨੇ ਅੱਲਾ ਦਿੱਤਾ ਨੂੰ ਹੋਰ ਚਾਕੂ ਦੇ ਵਾਰ ਕਰਦਿਆਂ ਵੀ ਦੇਖ ਲਿਆ।

ਲੋਕਾਂ ਨੇ ਅੱਲਾ ਦਿੱਤਾ ਨੂੰ ਘੇਰ ਲਿਆ, ਪਰ ਜਦ ਉਸ ਗਰਜਵੀਂ ਆਵਾਜ਼ ਵਿਚ ਕਿਹਾ, "ਮੈਂ ਮਰ ਜਾਣਾ ਏਂ ਪਰ ਕਈਆਂ ਹੋਰਾਂ ਨੂੰ ਲੈ ਕੇ ਮਰਾਂਗਾ।" ਫਿਰ ਸਾਰੇ ਪਿਛੇ ਹੱਟ ਗਏ ਅਤੇ ਕਿਸੇ ਦਾ ਹੌਸਲਾ ਨਾ ਪਿਆ ਕਿ ਕੋਈ ਉਹਨੂੰ ਅੱਗੇ ਵੱਧ ਕੇ ਫੜ ਲਵੇ। ਸਭ ਨੇ ਏਹੀ ਸਮਝਿਆ ਕਿ ਇਹਦੇ ਸਿਰ ਤਾਂ ਖ਼ੂਨ ਸਵਾਰ ਏ ਤੇ ਜਿਹੜਾ ਨੇੜੇ ਆਇਆ ਇਸ ਮਾਰ ਸੁਟਣਾ ਏ", ਇਸ ਲਈ ਨੇੜੇ ਕੋਈ ਨਾ ਗਿਆ।

ਇਕ ਪਾਸੇ ਵੱਲ ਕੋਈ ਆਦਮੀ ਨਾ ਖਲੋਤਾ ਦੇਖ ਕੇ ਓਧਰ ਨੂੰ ਅੱਲਾ ਦਿੱਤਾ ਟੁਰ ਪਿਆ ਤੇ ਝਟ ਹੀ ਸ਼ਹਿਰ ਦੀਆਂ ਭੀੜੀਆਂ ਗਲੀਆਂ ਵਿਚ ਜਾ ਛੁਪਿਆ।

## ੧੪

ਮੀਰ ਮੰਨੂ ਨੇ ਉਚੇਚੇ ਆਦਮੀ ਛੱਡ ਕੇ ਸਾਰੀ ਗੱਲ ਦਾ ਪਤਾ ਕਰ ਲਿਆ ਅਤੇ ਰਾਤ ਨੂੰ ਹੀ ਸ਼ਹਿਰ ਵਿਚ ਛਾਪੇ ਮਾਰ ਕੇ ਮਿਰਜ਼ਾ ਸਾਹਿਬ, ਰਹਿਮਾਨ ਖ਼ਾਨ ਤੇ ਹੋਰ ਕਈ ਆਦਮੀ ਫੜ ਲਏ। ਤਰਸੇਮ ਦੇ ਘਰ ਜਦ ਉਸ ਨੂੰ ਫੜਨ ਲਈ ਫ਼ੌਜ ਦੀ ਗਾਰਦ ਗਈ ਤਾਂ ਉਸ ਕੋਠੇ ਤੋਂ ਪਿਛਲੇ ਪਾਸੇ ਛਾਲ ਮਾਰ ਦਿੱਤੀ, ਜਿਸ ਕਾਰਨ ਉਹਦਾ ਲੱਕ ਟੁਟ ਗਿਆ।

ਰਾਤ ਭਰ ਮੀਰ ਮੰਨੂ ਆਪ ਵੀ ਸੌਂ ਨਾ ਸਕਿਆ। ਝਟ ਪਿਛੋਂ ਉਹਨੂੰ ਇਹੋ ਖ਼ਿਆਲ ਆਉਂਦਾ ਕਿ ਇਕ ਪਾਸੇ ਤਾਂ ਸਿਖ ਜ਼ੋਰ ਫੜਦੇ ਜਾ ਰਹੇ ਹਨ ਤੇ ਉਹਨਾਂ ਦੇ ਲਾਹੌਰ 'ਤੇ ਹਮਲਾ ਕਰਨ ਦੀਆਂ ਖਬਰਾਂ ਆ ਰਹੀਆਂ ਹਨ। ਦੂਜੇ ਪਾਸੇ ਉਹਦੇ ਫ਼ੌਜੀ ਲਾਲਚੀ ਤੇ ਈਰਖਾ ਮਾਰੇ ਆਪਸ ਵਿਚ ਹੀ ਇਕ ਦੂਜੇ ਨੂੰ ਡੇਗਣ ਲਈ ਦੁਸ਼ਮਣ ਦੀ ਮਦਦ ਕਰ ਰਹੇ ਹਨ। ਮਿਰਜ਼ਾ ਤੇ ਰਹਿਮਾਨ ਖ਼ਾਨ ਕਦੇ ਸਿੱਖਾਂ ਦੇ ਮਿੱਤਰ ਨਹੀਂ ਹੋ ਸਕਦੇ, ਪਰ ਚੌਧਰ ਦੀ ਹਵਸ ਕਾਰਨ ਇਹਨਾਂ ਨੇ ਇਕ ਦੂਜੇ ਦੀ ਲੱਤ ਖਿਚਣ ਲਈ ਸਿੱਖਾਂ ਨੂੰ ਛੱਡਣਾ ਸ਼ੁਰੂ ਕਰ ਦਿੱਤਾ ਹੈ।

ਰਾਤ ਨੂੰ ਮਰੀ ਮੰਨੂ ਉੱਠ ਉੱਠ ਕੇ ਕਮਰੇ ਵਿਚ ਟਹਿਲਣ ਲੱਗ ਪੈਂਦਾ ਤੇ ਝਟ ਇਧਰ ਉਧਰ ਫਿਰ ਕੇ ਬਿਸਤਰੇ 'ਤੇ ਜਾ ਲੇਟਦਾ, ਪਰ ਨੀਂਦਰ ਨਾ ਪੈਂਦੀ ਤੇ ਪਾਸੇ ਮਾਰ

ਕੇ ਫਿਰ ਉੱਠ ਬੈਠਦਾ। ਨੌਕਰ ਵੀ ਸਾਰੀ ਰਾਤ ਹੀ ਨੀਂਦਰ ਨਾ ਲੈ ਸਕੇ। ਝਟ ਪਿਛੋਂ ਹੁੱਕਾ ਤਿਆਰ ਕਰ ਕੇ ਦੇਣਾ ਪੈਂਦਾ ਜਾਂ ਮੀਰ ਮੰਨੂ ਪਾਣੀ ਮੰਗ ਲੈਂਦਾ। ਸਰਦੀਆਂ ਦੇ ਦਿਨਾਂ ਵਿਚ ਵੀ ਉਹਦਾ ਗਲਾ ਖ਼ੁਸ਼ਕ ਹੋ ਰਿਹਾ ਸੀ ਤੇ ਰਾਤ ਨੂੰ ਤਿੰਨ-ਚਾਰ ਵਾਰ ਉਸ ਪਾਣੀ ਪੀ ਕੇ ਗਲਾ ਠੀਕ ਕਰਨ ਦਾ ਜਤਨ ਕੀਤਾ।

ਇਕ ਵਾਰ ਤਾਂ ਬੇਗਮ ਨੇ ਵੀ ਇਸ ਪਾਸੇ ਧਿਆਨ ਨਾ ਦਿੱਤਾ ਕਿ ਇਹ ਕਿਉਂ ਉੱਠ ਰਹੇ ਹਨ, ਪਰ ਜਦ ਲਗਾਤਾਰ ਇਸੇ ਤਰ੍ਹਾਂ ਹੋਇਆ ਤਾਂ ਉਸ ਨੇ ਪੁਛਿਆ, "ਕੀ ਗੱਲ ਏ ? ਹਜ਼ੂਰ ਦੀ ਤਬੀਅਤ ਅੱਜ ਠੀਕ ਨਹੀਂ ?"

"ਨਹੀਂ, ਕੁਝ ਨਹੀਂ।" ਮੀਰ ਮੰਨੂ ਨੇ ਕਿਹਾ।

"ਤੁਸੀਂ ਬੜੇ ਹੀ ਬੇਚੈਨ ਲੱਗਦੇ ਹੋ। ਪਾਣੀ ਵੀ ਕਈ ਵਾਰ ਪੀਤਾ ਜੇ, ਆਖ਼ਰ ਕੁਝ ਤਾਂ ਹੋਇਆ ਏ, ਜਿਸ ਕਾਰਨ ਨੀਂਦਰ ਨਹੀਂ ਆ ਰਹੀ।" ਬੇਗਮ ਨੇ ਕਿਹਾ।

"ਮੈਂ ਬਹੁਤ ਪਰੇਸ਼ਾਨ ਹਾਂ, ਮੈਨੂੰ ਬੁਲਾਣ ਦਾ ਯਤਨ ਨਾ ਕਰੋ।" ਮੀਰ ਮੰਨੂ ਨੇ ਬੜੇ ਖਿਝ ਕੇ ਆਪਣੀ ਬੇਗਮ ਨੂੰ ਕਿਹਾ।

ਉਹ ਮੀਰ ਮੰਨੂ ਨੂੰ ਚੰਗੀ ਤਰ੍ਹਾਂ ਜਾਣਦੀ ਸੀ, ਇਸ ਲਈ ਉਸ ਨੇ ਉੱਠ ਕੇ ਪਿਆਰ ਨਾਲ ਉਹਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ, "ਅੱਜ ਤੁਸੀਂ ਮੇਰੇ ਨਾਲ ਵੀ ਗੁੱਸੇ ਹੋ ਗਏ ਹੋ। ਜੇ ਮੇਰੇ ਤੋਂ ਕੋਈ ਗ਼ਲਤੀ ਹੋ ਗਈ ਏ ਤਾਂ ਮੈਂ ਮਾਫ਼ੀ ਮੰਗ ਲੈਂਦੀ ਹਾਂ। ਦੱਸੋ ਤਾਂ ਸਹੀ ਤੁਹਾਨੂੰ ਹੋਇਆ ਕੀ ਏ ?"

"ਸਾਰਾ ਕੰਮ ਹੀ ਚੌੜ ਚਪੱਟ ਹੋ ਗਿਆ ਏ। ਇਕ ਤਾਂ ਸਿਖ ਨਹੀਂ ਸਾਹ ਲੈਣ ਦੇਂਦੇ, ਕਿੰਨੇ ਮਹੀਨਿਆਂ ਤੋਂ ਹੀ ਉਨ੍ਹਾਂ ਬਾਹਰੋਂ ਕੁਝ ਨਹੀਂ ਆਉਣ ਦਿੱਤਾ। ਜਿਸ ਪਾਸਿਓਂ ਵੀ ਰਕਮ ਆਏ, ਉਹਨਾਂ ਨੂੰ ਝਟ ਪਤਾ ਲੱਗ ਜਾਂਦਾ ਏ ਤੇ ਉਹ ਰਾਹ ਵਿਚ ਹੀ ਲੁਟ ਲੈਂਦੇ ਨੇ। ਦੂਜਾ ਵੱਡਾ ਦੁਖ ਇਹ ਹੈ ਕਿ ਸਾਡੇ ਆਪਣੇ ਫ਼ੌਜੀ ਸਰਦਾਰ ਹੀ ਗ਼ਦਾਰ ਹੋ ਗਏ ਨੇ। ਰਹਿਮਾਨ ਖ਼ਾਨ ਨੇ ਉਸ ਖ਼ੂਨੀ ਸਿਖ ਨੂੰ ਕੋਤਵਾਲੀ ਤੋਂ ਭਜਾ ਦਿੱਤਾ ਏ, ਜਿਸ ਨੇ ਸਾਡੇ ਕਈ ਬੰਦੇ ਮਾਰੇ ਸਨ ਅਤੇ ਮਿਰਜ਼ੇ ਨੇ ਦੋ ਬੜੀਆਂ ਹੀ ਖ਼ਤਰਨਾਕ ਜ਼ਨਾਨੀਆਂ ਨੂੰ ਹਾਤੇ ਵਿਚੋਂ ਭਜਾ ਦਿੱਤਾ ਏ। ਫਿਰ ਬੇਈਮਾਨਾਂ ਨੇ ਇਹ ਸਾਰੀ ਖੇਡ ਇਕ ਦੂਜੇ ਨੂੰ ਬਦਨਾਮ ਕਰਨ ਲਈ ਕੀਤੀ ਏ। ਮੈਂ ਅੱਜ ਹੁਕਮ ਦੇ ਕੇ ਇਹਨਾਂ ਸਾਰਿਆਂ ਨੂੰ ਕੈਦ ਕਰਵਾ ਦਿੱਤਾ ਏ, ਪਰ ਸਵਾਲ ਇਹ ਹੈ ਕਿ ਜੇ ਅੱਜ ਇਹ ਬੇਈਮਾਨ ਆਪਸ ਵਿਚ ਇਸ ਤਰ੍ਹਾਂ ਕਰਦੇ ਹਨ ਤਾਂ ਦੂਜੇ ਵੀ ਕਰਨਗੇ। ਮੈਂ ਸਖ਼ਤ ਪਰੇਸ਼ਾਨ ਹਾਂ ਕਿ ਹੁਣ ਕੀ ਕੀਤਾ ਜਾਏ। ਇਹਨਾਂ ਬੰਦਿਆਂ ਬਿਨਾਂ ਮੇਰਾ ਵੀ ਕੁਝ ਨਹੀਂ ਬਣਦਾ।" ਮੀਰ ਮੰਨੂ ਨੇ ਬੇਗਮ ਦੇ ਜ਼ੋਰ ਦੇਣ 'ਤੇ ਆਪਣੇ ਦਿਲ ਦੀ ਸਾਰੀ ਗੱਲ ਉਹਨੂੰ ਦੱਸ ਦਿੱਤੀ।

ਬੇਗਮ ਨੇ ਮੀਰ ਮੰਨੂ ਦੇ ਚਿਹਰੇ ਵੱਲ ਪਿਆਰ ਭਰੀਆਂ ਨਜ਼ਰਾਂ ਨਾਲ ਦੇਖਦਿਆਂ

ਕਿਹਾ, "ਇੰਨੀ ਕੁ ਗੱਲ 'ਤੇ ਢੇਰੀਆਂ ਢਾਹ ਬੈਠੇ ਹੋ। ਸਿਖ ਤੁਹਾਡਾ ਕੀ ਵਿਗਾੜ ਲੈਣਗੇ। ਤੁਸੀਂ ਤਾਂ ਕਹਿੰਦੇ ਸੀ ਕਿ ਤੁਸਾਂ ਸਿੱਖਾਂ ਦੇ ਸਿਰਾਂ ਦੀ ਕੀਮਤ ਰੱਖ ਦਿੱਤੀ ਏ ਤੇ ਹੁਣ ਉਹ ਖ਼ਤਮ ਹੋ ਜਾਣਗੇ।"

"ਸਮਝਦਾ ਤੇ ਮੈਂ ਇਸੇ ਤਰ੍ਹਾਂ ਸਾਂ, ਹੋਇਆ ਇਸ ਤਰ੍ਹਾਂ ਨਹੀਂ। ਉਹਨਾਂ ਨੂੰ ਹੁਣ ਖ਼ਤਮ ਕਰਨਾ ਮੇਰੇ ਵਸ ਦਾ ਰੋਗ ਨਹੀਂ ਰਿਹਾ। ਅਸੀਂ ਇਕ ਇਲਾਕੇ ਵਿਚੋਂ ਉਹਨਾਂ ਦਾ ਸਫ਼ਾਇਆ ਕਰਕੇ ਆਉਂਦੇ ਹਾਂ ਤੇ ਦੂਜੇ ਦਿਨ ਹੀ ਖ਼ਬਰਾਂ ਆ ਜਾਂਦੀਆਂ ਨੇ ਕਿ ਫਿਰ ਸਿੱਖਾਂ ਦੇ ਜਥੇ ਫਿਰ ਰਹੇ ਹਨ। ਅੱਗੇ ਤਾਂ ਉਹ ਸੈਂਕੜਿਆਂ ਵਿਚ ਹੀ ਹੁੰਦੇ ਸਨ, ਪਰ ਹੁਣ ਤਾਂ ਹਜ਼ਾਰਾਂ ਤਕ ਸਿੱਖਾਂ ਦੇ ਕਈ ਜਥੇ ਬਣ ਗਏ ਹਨ।" ਮੀਰ ਮੰਨੂ ਨੇ ਦੱਸਿਆ।

"ਸੁਲਾਹ ਕਰ ਲਓ ਇਹਨਾਂ ਨਾਲ, ਤੁਹਾਡਾ ਕੀ ਜਾਂਦਾ ਏ। ਤੁਸੀਂ ਕੋਈ ਸਾਰਿਆਂ ਨੂੰ ਮੁਸਲਮਾਨ ਬਣਾਣ ਦਾ ਠੇਕਾ ਲਿਆ ਹੋਇਆ ਏ?" ਬੇਗਮ ਨੇ ਕਿਹਾ।

"ਤੂੰ ਸਮਝ ਨਹੀਂ ਸਕਦੀ। ਮੈਂ ਮੁਸਲਮਾਨ ਬਣਾਣ ਲਈ ਉਨ੍ਹਾਂ ਦਾ ਪਿੱਛਾ ਨਹੀਂ ਕਰ ਰਿਹਾ, ਉਹ ਤਾਂ ਸਾਡੀ ਸਰਕਾਰ ਖ਼ਤਮ ਕਰਨਾ ਚਾਹੁੰਦੇ ਨੇ। ਜ਼ਰਾ ਕੁ ਗੱਲ ਕਰੋ ਤਾਂ ਕਹਿੰਦੇ ਨੇ ਇਹ ਜਨਤਾ 'ਤੇ ਜ਼ੁਲਮ ਹੋ ਰਿਹਾ ਏ। ਲੋਕਾਂ ਨੂੰ ਸਰਕਾਰ ਵਿਰੁੱਧ ਭੜਕਾਂਦੇ ਨੇ। ਜੇ ਉਹਨਾਂ ਦੇ ਆਖੇ ਲਗੀਏ ਤਾਂ ਇਕ ਦਿਨ ਵੀ ਰਾਜ ਨਾ ਕਰ ਸਕੀਏ।" ਮੀਰ ਮੰਨੂ ਨੇ ਸਮਝਾਇਆ। ਇਸ ਤਰ੍ਹਾਂ ਬਾਕੀ ਰਾਤ ਗੱਲ-ਬਾਤ ਕਰਦਿਆਂ ਬੀਤ ਗਈ। ਕੋਈ ਅਜਿਹਾ ਰਾਹ ਨਾ ਲੱਭਾ, ਜਿਸ ਨਾਲ ਸਿੱਖਾਂ ਦਾ ਅੰਦੋਲਨ ਖ਼ਤਮ ਕੀਤਾ ਜਾ ਸਕੇ। ਇਸ ਮਸਲੇ 'ਤੇ ਬੇਗਮ ਨੇ ਕਈ ਸੁਝਾਓ ਦਿਤੇ, ਪਰ ਮੀਰ ਮੰਨੂ ਦੇ ਮਨ ਨੂੰ ਕੋਈ ਵੀ ਨਾ ਜਚਿਆ।

ਸਵੇਰੇ ਕਿਲ੍ਹੇ ਵਿਚ ਹੀ ਮੀਰ ਮੰਨੂ ਦਾ ਦਰਬਾਰ ਲੱਗਾ। ਅੱਜ ਦਰਬਾਰ ਵਿਚ ਕਾਰਵਾਈ ਸੁਣਨ ਲਈ ਦਰਬਾਰੀਆਂ ਤੋਂ ਬਿਨਾ ਬਹੁਤ ਸਾਰੇ ਹੋਰ ਲੋਕੀਂ ਵੀ ਉਚੇਚੀ ਆਗਿਆ ਲੈ ਕੇ ਆਏ ਹੋਏ ਸਨ। ਕਿਲ੍ਹੇ ਦੇ ਬਾਹਰ ਪਹਿਰੇ ਦਾ ਪ੍ਰਬੰਧਕ ਖ਼ੁਸ਼ ਸੀ ਕਿ ਰਹਿਮਾਨ ਖ਼ਾਨ ਤੇ ਮਿਰਜ਼ਾ ਕਾਬੂ ਆਏ ਹੋਏ ਹਨ। ਉਸ ਇਹਨਾਂ ਨੂੰ ਕੈਦੀਆਂ ਵਾਂਗ ਖੜੇ ਦੇਖਣ ਲਈ ਹਰ ਆਦਮੀ ਨੂੰ ਆਗਿਆ ਦੇ ਦਿੱਤੀ।

ਮੀਰ ਮੰਨੂ ਜਦ ਦਰਬਾਰ ਵਿਚ ਪੁੱਜਾ ਤਾਂ ਭੀੜ ਦੇਖ ਕੇ ਖਿਝ ਗਿਆ ਤੇ ਉਸ ਗੁੱਸੇ ਨਾਲ ਕਿਹਾ, "ਇਹ ਸਭ ਲੋਕਾਂ ਨੂੰ ਅੰਦਰ ਆਉਣ ਦੀ ਕਿਸ ਆਗਿਆ ਦੇ ਦਿੱਤੀ ਏ? ਚਲੋ ਸਾਰੇ ਬਾਹਰ ਚਲੇ ਜਾਓ।"

ਮੀਰ ਮੰਨੂ ਦੀ ਗਰਜਵੀਂ ਆਵਾਜ਼ ਨੇ ਲੋਕਾਂ ਵਿਚ ਭੈ ਪੈਦਾ ਕਰ ਦਿੱਤਾ। ਲੋਕੀਂ ਜਾਣਦੇ ਸਨ ਕਿ ਬੜਾ ਸਖ਼ਤ ਤਬੀਅਤ ਦਾ ਹਾਕਮ ਏ, ਇਸ ਲਈ ਇਜ਼ਤ-ਦਾਰ ਝਟਪਟ ਕਿਲ੍ਹੇ ਤੋਂ ਬਾਹਰ ਚਲੇ ਗਏ।

ਕੁਰਸੀ 'ਤੇ ਬੈਠਦਿਆਂ ਮੀਰ ਮੰਨੂ ਨੇ ਇਕ ਨਜ਼ਰ ਉਹਨਾਂ ਸਾਰਿਆਂ 'ਤੇ ਮਾਰੀ ਜੋ ਕੈਦੀਆਂ ਦੇ ਰੂਪ ਵਿਚ ਉਹਦੇ ਸਾਹਮਣੇ ਖੜੇ ਸਨ। ਫਿਰ ਇਕ ਠੰਢਾ ਸਾਹ ਲੈ ਕੇ ਕਿਹਾ, "ਮੈਨੂੰ ਇਸ ਗੱਲ ਦਾ ਦੁੱਖ ਏ ਕਿ ਜਿਹੜੇ ਫ਼ੌਜ ਦੇ ਆਗੂ ਸਨ ਤੇ ਜਿਨ੍ਹਾਂ ਦਾ ਕੰਮ ਹੁਕਮ ਦੇਣਾ ਸੀ, ਉਹ ਅੱਜ ਆਪ ਸਿਪਾਹੀਆਂ ਦੇ ਸਾਹਮਣੇ ਕੈਦੀ ਬਣੇ ਖੜੇ ਹਨ। ਮੈਨੂੰ ਤੁਹਾਡੀ ਗ੍ਰਿਫ਼ਤਾਰੀ ਦਾ ਹੁਕਮ ਦੇਂਦਿਆਂ ਇਤਨਾ ਦੁੱਖ ਹੋਇਆ ਜਿਤਨਾ ਮੈਨੂੰ ਆਪਣਾ ਵੱਡਾ ਪੁੱਤਰ ਮਰਨ 'ਤੇ ਵੀ ਨਹੀਂ ਸੀ। ਤੁਸੀਂ ਅਜਿਹਾ ਗੁਨਾਹ ਕੀਤਾ ਏ, ਜਿਸ ਨੂੰ ਮੈਂ ਮਾਫ਼ ਨਹੀਂ ਸਾਂ ਕਰ ਸਕਦਾ। ਤੁਹਾਨੂੰ ਕੀ ਲੋੜ ਪਈ ਸੀ ਜੋ ਇਕ ਦੂਜੇ ਨੂੰ ਬਦਨਾਮ ਕਰਨ ਲਈ ਇਸ ਹੱਦ ਤਕ ਸਾਜ਼ਸ਼ਾਂ ਕਰਦੇ ਰਹੇ ਹੋ। ਮੈਂ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਸੱਚੀ ਸੱਚੀ ਗੱਲ ਦੱਸ ਦਿਓ ਤੇ ਮੈਂ ਯਕੀਨ ਦਿਵਾਂਦਾ ਹਾਂ ਕਿ ਤੁਹਾਨੂੰ ਘੱਟ ਤੋਂ ਘੱਟ ਸਜ਼ਾ ਦੇਣ ਦਾ ਯਤਨ ਕਰਾਂਗਾ। ਲਿਆਓ ਖਾਂ ਮੌਲਵੀ ਜੀ ਕੁਰਾਨ ਸ਼ਰੀਫ਼ ਤੇ ਇਹਨਾਂ ਨੂੰ ਕਹੋ ਕਿ ਉਸ 'ਤੇ ਹੱਥ ਰੱਖ ਕੇ ਫਿਰ ਆਪਣਾ ਬਿਆਨ ਦੇਣ। ਮੈਨੂੰ ਇਸ ਮਾਮਲੇ ਵਿਚ ਅਸਲੀਅਤ ਦਾ ਪਤਾ ਲੱਗਣਾ ਚਾਹੀਦਾ ਹੈ।"

ਮੌਲਵੀ ਸਾਹਿਬ ਉਸ ਵੇਲੇ ਗਏ ਤੇ ਜਾ ਕੇ ਕਪੜੇ ਵਿਚ ਲਪੇਟੇ ਕੁਰਾਨ ਸ਼ਰੀਫ਼ ਨੂੰ ਸਤਿਕਾਰ ਨਾਲ ਲੈ ਆਏ। ਮਿਰਜ਼ੇ ਤੇ ਰਹਿਮਾਨ ਖ਼ਾਨ ਦੇ ਚਿਹਰੇ ਤੋਂ ਰੰਗ ਉੱਡ ਗਏ ਤੇ ਦੋਹਾਂ ਇਕ ਦੂਜੇ ਵੱਲ ਵੇਖਿਆ, ਦੋਹਾਂ ਦੀਆਂ ਅੱਖਾਂ ਵਿਚ ਸ਼ਰਮਿੰਦਗੀ ਸੀ।

ਮੀਰ ਮੰਨੂ ਨੇ ਮਿਰਜ਼ੇ ਵੱਲ ਇਸ਼ਾਰਾ ਕਰਕੇ ਕਿਹਾ, "ਕੁਰਾਨ.ਸ਼ਰੀਫ਼ 'ਤੇ ਹੱਥ ਰੱਖ ਕੇ ਸਹੁੰ ਚੁੱਕ ਕੇ ਦੱਸ ਕਿ ਤੂੰ ਕੀ ਸਾਜ਼ਸ਼ ਕੀਤੀ ਸੀ ਅਤੇ ਸਿੱਖਾਂ ਨੂੰ ਨਸਾਣ ਵਿਚ ਤੇਰਾ ਹੱਥ ਸੀ ਕਿ ਨਹੀਂ ?"

ਮਿਰਜ਼ੇ ਨੇ ਕੰਬਦਿਆਂ ਹੱਥਾਂ ਨੂੰ ਜੋੜ ਕੇ ਕਿਹਾ, "ਜਨਾਬ, ਇਤਨੀ ਵੱਡੀ ਸਹੁੰ ਨਾ ਚੁਕਾਓ, ਮੈਂ ਤੁਹਾਨੂੰ ਉਂਜ ਹੀ ਸਭ ਕੁਝ ਦੱਸ ਦੇਂਦਾ ਹਾਂ। ਅਸੀਂ ਅੱਗੇ ਹੀ ਬੜੇ ਗੁਨਾਹੀ ਹਾਂ। ਸਾਡੇ ਸਿਰ ਹੋਰ ਭਾਰ ਨਾ ਚਾੜ੍ਹੋ।"

"ਨਹੀਂ, ਮੈਨੂੰ ਤੁਹਾਡੀਆਂ ਗੱਲਾਂ 'ਤੇ ਇਤਬਾਰ ਨਹੀਂ ਰਿਹਾ। ਤੁਸੀਂ ਕੁਰਾਨ ਸ਼ਰੀਫ਼ 'ਤੇ ਹੱਥ ਰੱਖ ਕੇ ਕਹਿ ਦਿਓ ਜੋ ਸੱਚੀ ਗੱਲ ਏ। ਫਿਰ ਕੋਈ ਗੁਨਾਹ ਨਹੀਂ, ਪਰ ਜੇ ਤੁਸੀਂ ਹੁਣ ਵੀ ਝੂਠ ਬੋਲਿਆ ਤਾਂ ਕਾਫ਼ਰ ਹੋ ਕੇ ਮਰੋਗੇ.......।"

ਅਜੇ ਮੀਰ ਮੰਨੂ ਬੋਲ ਹੀ ਰਿਹਾ ਸੀ ਕਿ ਮਿਰਜ਼ੇ ਨੇ ਉਹਦਾ ਵਾਕ ਵਿਚੇ ਟੁਕ ਕੇ ਕਿਹਾ, "ਮੈਂ ਦੱਸ ਦੇਂਦਾ ਹਾਂ ਸਭ ਕੁਝ। ਮੈਂ ਤਾਂ ਜਨਾਬ ਸਿਰਫ਼ ਉਹ ਦੋ ਜ਼ਨਾਨੀਆਂ ਹੀ ਨਸਾਈਆਂ ਸਨ ਹਾਤੇ ਵਿਚੋਂ ਤੇ ਉਹ ਕੰਮ ਵੀ ਮੈਂ ਆਪ ਨਹੀਂ ਕੀਤਾ, ਸਗੋਂ ਤਰਸੇਮ ਨੇ ਕੀਤਾ ਸੀ। ਮੈਨੂੰ ਜਨਾਬ ਨੇ ਜਦੋਂ ਹਾਤੇ ਤੋਂ ਹਟਾਇਆ ਸੀ ਤਾਂ ਮੈ ਇਹ ਡਰ ਮਹਿਸੂਸ ਕੀਤਾ ਕਿ ਹੁਣ ਨੌਕਰੀ ਤੋਂ ਕਢਿਆ ਜਾਵਾਂਗਾ ਜਾਂ ਕੋਤਵਾਲ ਨਹੀਂ ਬਣ ਸਕਾਂਗਾ।

ਇਸ ਲਈ ਰਹਿਮਾਨ ਖ਼ਾਨ ਦੀ ਹੇਠੀ ਕਰਾਉਣ ਲਈ ਤਰਸੇਮ ਰਾਹੀਂ ਮੈਂ ਉਹ ਦੋ ਜ਼ਨਾਨੀਆਂ ਭਜਾਈਆਂ ਸਨ।"

ਰਹਿਮਾਨ ਖ਼ਾਨ ਨੇ ਇਕ ਵਾਰ ਮੱਥੇ 'ਤੇ ਵੱਟ ਪਾਂਦਿਆਂ ਬੜੇ ਗੁੱਸੇ ਨਾਲ ਮਿਰਜ਼ੇ ਵੱਲ ਤੇ ਫਿਰ ਤਰਸੇਮ ਵੱਲ ਦੇਖਿਆ। ਉਹਨੂੰ ਮਿਰਜ਼ੇ ਬਾਰੇ ਪਤਾ ਸੀ, ਪਰ ਤਰਸੇਮ ਬਾਰੇ ਉਹਨੂੰ ਨਹੀਂ ਸੀ ਪਤਾ ਕਿ ਉਹ ਵੀ ਸਾਜ਼ਸ਼ ਵਿਚ ਸ਼ਾਮਲ ਸੀ।

"ਹੂੰ, ਬਸ ਤੂੰ ਹੋਰ ਕੁਝ ਨਹੀਂ ਕੀਤਾ?" ਮੀਰ ਮੰਨੂ ਨੇ ਉਸ ਵੱਲ ਨੀਝ ਨਾਲ ਦੇਖਦਿਆਂ ਪੁਛਿਆ।

"ਨਹੀਂ ਜੀ!" ਮਿਰਜ਼ੇ ਨੇ ਕਿਹਾ।

"ਰੱਖ ਕੁਰਾਨ 'ਤੇ ਹੱਥ।" ਮੀਰ ਮੰਨੂ ਨੇ ਹੁਕਮ ਦਿੱਤਾ।

ਮਿਰਜ਼ੇ ਨੇ ਕੁਰਾਨ 'ਤੇ ਹੱਥ ਰੱਖ ਕੇ ਕਿਹਾ, "ਮੈਂ ਜੋ ਕੁਝ ਵੀ ਦਸਿਆ ਏ, ਉਸ ਵਿਚ ਕੁਛ ਵੀ ਝੂਠ ਨਹੀਂ। ਮੈਂ ਇਸ ਤੋਂ ਵੱਧ ਕੁਛ ਨਹੀਂ ਕੀਤਾ।"

"ਅੱਛਾ, ਹੁਣ ਤੂੰ ਹੱਥ ਰੱਖ ਕੇ ਦੱਸ ਕਿ ਤੂੰ ਕੀ ਕੀਤਾ ਏ?" ਮੀਰ ਮੰਨੂ ਨੇ ਰਹਿਮਾਨ ਖ਼ਾਨ ਵੱਲ ਇਸ਼ਾਰਾ ਕਰਦਿਆਂ ਕਿਹਾ।

ਰਹਿਮਾਨ ਖ਼ਾਨ ਝਕ ਗਿਆ। ਮੀਰ ਮੰਨੂ ਨੇ ਅੱਖਾਂ ਲਾਲ ਕਰਕੇ ਉਸ ਵੱਲ ਵੇਖਿਆ ਤਾਂ ਉਸ ਇਕ ਕਦਮ ਪੁਟ ਕੇ ਅਗੇ ਹੱਥ ਕਰਕੇ ਕੁਰਾਨ ਸ਼ਰੀਫ਼ 'ਤੇ ਰੱਖ ਦਿੱਤਾ ਤੇ ਕਿਹਾ, "ਮੈਂ ਜੋ ਕੁਝ ਵੀ ਕਹਾਂਗਾ, ਸੱਚ ਸੱਚ ਕਹਾਂਗਾ। ਮੈਨੂੰ ਪਹਿਲਾਂ ਇਹ ਨਹੀਂ ਸੀ ਪਤਾ ਕਿ ਸਿੱਖਾਂ ਦੀਆਂ ਜ਼ਨਾਨੀਆਂ ਕਿਸ ਭਜਾਈਆਂ ਹਨ। ਮੈਨੂੰ ਤਾਂ ਖਿਜ਼ਰ ਖ਼ਾਨ ਨੇ ਇਕ ਦਿਨ ਦਸਿਆ ਸੀ ਕਿ ਇਹ ਸਾਰੀ ਚਾਲ ਮਿਰਜ਼ੇ ਦੀ ਏ ਤੇ ਉਸ ਹੀ ਮੈਨੂੰ ਇਹ ਤਜਵੀਜ਼ ਦਿੱਤੀ ਸੀ ਕਿ ਮੈਂ ਮਿਰਜ਼ੇ ਤੋਂ ਬਦਲਾ ਲੈਣ ਲਈ ਕੋਤਵਾਲੀ ਵਿਚੋਂ ਉਹ ਸਿਖ ਭਜਾ ਦਿਆਂ।"

ਮੀਰ ਮੰਨੂ ਨੇ ਉਹਦੀ ਗੱਲ ਨੂੰ ਵਿਚੇ ਟੋਕ ਕੇ ਕਿਹਾ, "ਕਿਥੇ ਏ ਖਿਜ਼ਰ ਖ਼ਾਨ? ਮੈਂ ਕਿਹਾ ਸੀ ਉਹਨੂੰ ਵੀ ਫੜ ਕੇ ਲਿਆਓ, ਉਹ ਕਿਉਂ ਨਹੀਂ ਲਿਆਂਦਾ ਗਿਆ?"

ਕੋਤਵਾਲ ਨੇ ਝਟ ਆਪਣੀ ਥਾਂ ਤੋਂ ਉੱਠ ਕੇ ਕਿਹਾ, "ਹਜ਼ੂਰ ਉਸ ਨੂੰ ਫੜਨ ਲਈ ਦੋ ਵਾਰ ਫ਼ੌਜ ਉਹਦੇ ਘਰ ਗਈ ਏ, ਪਰ ਉਹ ਰਾਤ ਨੂੰ ਘਰ ਨਹੀਂ ਗਿਆ। ਇਉਂ ਜਾਪਦਾ ਏ ਕਿ ਉਹਨੂੰ ਪਤਾ ਲੱਗ ਗਿਆ ਏ। ਹੁਣ ਵੀ ਮੈਂ ਉਚੇਚੇ ਆਦਮੀ ਉਹਦੀ ਭਾਲ ਲਈ ਭੇਜੇ ਹੋਏ ਹਨ। ਉਮੀਦ ਹੈ ਕਿ ਹੁਣੇ ਲਈ ਆਉਂਦੇ ਨੇ।"

"ਅੱਛਾ, ਰਹਿਮਾਨ ਖ਼ਾਨ ਅਗੇ ਦੱਸ।" ਮੀਰ ਮੰਨੂ ਨੇ ਕਿਹਾ।

"ਜਨਾਬ ਮੈਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਕੋਤਵਾਲੀ ਕੌਣ ਪਹਿਰੇ 'ਤੇ ਸੀ। ਖਿਜ਼ਰ ਖ਼ਾਨ ਨੇ ਹੀ ਪਹਿਰੇਦਾਰ ਨਾਲ ਗੱਲਬਾਤ ਕੀਤੀ ਤੇ ਉਸ ਰਾਤ ਸ਼ਰਾਬ

ਪੀਤੀ ਹੋਈ ਸੀ, ਇਸ ਲਈ ਇਹਨਾਂ ਦਾ ਨਾਮ ਲਾ ਦਿੱਤਾ ਗਿਆ। ਮੈਂ ਜਨਾਬ ਸਵਾਏ ਇਕ ਸਿਖ ਛੁਡਾਣ ਦੇ ਹੋਰ ਕੁਝ ਨਹੀਂ ਕੀਤਾ ਤੇ ਉਸ ਵਿਚ ਵੀ ਮੇਰਾ ਬਹੁਤਾ ਕਸੂਰ ਨਹੀਂ। ਖਿਜ਼ਰ ਖ਼ਾਨ ਹੀ ਬਹੁਤਾ ਕੁਝ ਕਰਦਾ ਰਿਹਾ ਹੈ।" ਇਸ ਤਰ੍ਹਾਂ ਆਪਣਾ ਦੋਸ਼ ਘਟਾਣ ਲਈ ਰਹਿਮਾਨ ਖ਼ਾਨ ਨੇ ਤਾਂ ਖਿਜ਼ਰ ਖਾਨ 'ਤੇ ਸਭ ਕੁਝ ਸੁਟ ਦਿੱਤਾ।

"ਜਨਾਬ! ਮੈਨੂੰ ਤਾਂ ਹੋਰ ਵੀ ਬਹੁਤ ਕੁਝ ਪਤਾ ਲੱਗਾ ਏ।" ਕੋਤਵਾਲ ਨੇ ਕਿਹਾ।

"ਕੀ ?" ਮੀਰ ਮੰਨੂ ਨੇ ਹੈਰਾਨੀ ਨਾਲ ਪੁਛਿਆ।

"ਖਿਜ਼ਰ ਖ਼ਾਨ ਦੇ ਘਰ ਇਕ ਪ੍ਰਾਹੁਣਾ ਆ ਕੇ ਰਿਹਾ ਸੀ, ਉਹ ਸਿਖਾਂ ਦਾ ਜਾਸੂਸ ਸੀ ਤੇ ਉਹਦੇ ਇਸ਼ਾਰੇ ਤੇ ਹੀ ਖਿਜ਼ਰ ਖ਼ਾਨ ਸਭ ਕੁਝ ਕਰਦਾ ਰਿਹਾ ਹੈ। ਅਸੀਂ ਰਾਤ ਨੂੰ ਇਕ ਹਿੰਦੂ ਤੇ ਇਕ ਸਿਖ ਮੁੰਡਾ ਫੜਿਆ ਏ। ਮੁੰਡੇ ਬਾਰੇ ਸਾਨੂੰ ਪੜਤਾਲ ਕਰਨ 'ਤੇ ਪਤਾ ਲੱਗਾ ਏ ਕਿ ਉਸੇ ਜ਼ਨਾਨੀ ਦਾ ਬੱਚਾ ਏ ਜੋ ਹਾਤੇ ਵਿਚੋਂ ਨੱਸੀ ਸੀ ਤੇ ਹਿੰਦੂ ਉਹਨਾਂ ਦਾ ਨੌਕਰ ਏ। ਮੇਰੇ ਖੋਜੀਆਂ ਦਾ ਤਾਂ ਇਹ ਵੀ ਖ਼ਿਆਲ ਏ ਕਿ ਇਹ ਬੱਚਾ ਉਸੇ ਸਿਖ ਦਾ ਪੁੱਤਰ ਏ ਜੋ ਕੋਤਵਾਲੀ ਵਿਚੋਂ ਨੱਸ ਗਿਆ ਸੀ।" ਕੋਤਵਾਲ ਨੇ ਦਸਿਆ।

"ਇਹਦਾ ਮਤਲਬ ਇਹ ਹੈ ਕਿ ਇਹਨਾਂ ਦੀ ਆਪਸੀ ਟੱਕਰ ਵਿਚ ਉਹ ਜ਼ਨਾਨੀ ਮਰਦ ਦੋਵੇਂ ਬੱਚ ਕੇ ਨਿਕਲ ਗਏ ਹਨ। ਦੇਖਿਆ ਜੇ ਬੇਈਮਾਨੋਂ ਤੁਹਾਡੀਆਂ ਕਰਤੂਤਾਂ ਨਾਲ ਇਕ ਖ਼ਤਰਨਾਕ ਦੁਸ਼ਮਣ ਹੱਥ ਆਇਆ ਨਿਕਲ ਗਿਆ ਏ। 'ਦੁਸ਼ਮਣ ਬਾਤ ਕਰੇ ਅਨਹੋਣੀ' ਵਾਲੀ ਗੱਲ ਹੋਈ ਏ। ਸਿੱਖਾਂ ਨੇ ਆਪਣੇ ਬੰਦੇ ਛਡ ਕੇ ਤੁਹਾਡੇ ਰਾਹੀਂ ਹੀ ਆਪਣੇ ਬੰਦੇ ਛੁਡਾ ਲਏ। ਸ਼ਰਮ ਕਰੋ ਤੇ ਡੁਬ ਮਰੋ ਇਸ ਨਾਲੋਂ। ਮੈਂ ਕਹਿੰਦਾ ਹਾਂ ਕਿ ਜੇਕਰ ਮੈਂ ਖ਼ਿਆਲ ਨਾ ਕਰਾਂ ਤੁਸੀਂ ਅੱਜ ਹੀ ਰਾਜ ਖੁਹਾ ਬੈਠੋ ਤੇ ਸਿਖ ਤੁਹਾਨੂੰ ਆਪਸ ਵਿਚ ਹੀ ਲੜਾ ਲੜਾ ਕੇ ਮਾਰ ਦੇਣ।" ਮੀਰ ਮੰਨੂ ਨੇ ਬੜੀ ਝਾੜ ਪਾਈ ਤੇ ਫਿਰ ਕਿਹਾ, "ਇਨ੍ਹਾਂ ਨੂੰ ਅਜੇ ਕੋਤਵਾਲੀ ਵਿਚ ਬੰਦ ਰਖੋ। ਮੈਂ ਕੁਝ ਸੋਚ ਕੇ ਇਹਨਾਂ ਬਾਰੇ ਫ਼ੈਸਲਾ ਕਰਨਾ ਚਾਹੁੰਦਾ ਹਾਂ।"

ਮੀਰ ਮੰਨੂ ਨੇ ਫਿਰ ਦਰਬਾਰੀਆਂ ਨੂੰ ਸੰਬੋਧਨ ਕਰਕੇ ਕਿਹਾ, "ਇਸ ਤਰ੍ਹਾਂ ਦੇ ਸਾਜ਼ਸ਼ ਦੇ ਮਾਮਲਿਆਂ ਵਿਚ ਲੁਕਵੀਂ ਸੁਣਵਾਈ ਹੋਣੀ ਚਾਹੀਦੀ ਹੈ, ਪਰ ਮੈਂ ਜਾਣ ਬੁਝ ਕੇ ਤੁਹਾਡੇ ਸਾਰਿਆਂ ਦੇ ਸਾਹਮਣੇ ਕੀਤੀ ਹੈ ਤਾਕਿ ਸਭ ਨੂੰ ਪਤਾ ਲੱਗ ਜਾਏ ਕਿ ਤੁਸੀਂ ਜੋ ਕੁਝ ਆਪਣੇ ਵਲੋਂ ਗੁਪਤ ਤੌਰ 'ਤੇ ਕਰਦੇ ਹੋ, ਮੈਨੂੰ ਉਹ ਵੀ ਸਭ ਕੁਝ ਪਤਾ ਲੱਗ ਜਾਂਦਾ ਹੈ। ਦੇਖ ਲਓ ਕੋਤਵਾਲ ਬਣਨ ਦੇ ਚਾਹਵਾਨਾਂ ਨੂੰ ਹੁਣ ਕਿਸ ਤਰ੍ਹਾਂ ਸ਼ਰਮਿੰਦਾ ਹੋਣਾ ਪੈ ਰਿਹਾ ਹੈ।"

ਜਦ ਮੀਰ ਮੰਨੂ ਨੇ ਦਰਬਾਰੀਆਂ ਨੂੰ ਇਸ ਤਰ੍ਹਾਂ ਤਾੜਨਾ ਕਰ ਲਈ ਤਾਂ ਕੋਤਵਾਲ ਨੇ ਕਿਹਾ, "ਹਜ਼ੂਰ! ਰਾਤ ਨੂੰ ਜੋ ਸਿਖ ਮੁੰਡਾ ਤੇ ਉਹਨਾਂ ਦਾ ਨੌਕਰ ਫੜਿਆ ਸੀ ਉਹਨਾਂ

ਦਾ ਕੀ ਕੀਤਾ ਜਾਏ ?"

"ਲਿਆਓ ਤਾਂ ਸਹੀ ਉਹਨਾਂ ਨੂੰ ਮੇਰੇ ਸਾਹਮਣੇ।" ਮੀਰ ਮੰਨੂ ਨੇ ਕਿਹਾ।

ਕੋਤਵਾਲ ਨੇ ਉਹਨਾਂ ਨੂੰ ਪਹਿਲਾਂ ਹੀ ਬਾਹਰ ਲਿਆਂਦਾ ਹੋਇਆ ਸੀ। ਹੁਕਮ ਮਿਲਦਿਆਂ ਹੀ ਦਰਬਾਰ ਵਿਚ ਪੇਸ਼ ਕਰ ਦਿਤਾ। ਦਰਵਾਜ਼ੇ ਵੜਨ ਲਗਿਆਂ ਕੋਤਵਾਲ ਨੇ ਬੱਚੇ ਦਲੀਪ ਨੂੰ ਕਿਹਾ, "ਮੀਰ ਸਾਹਿਬ ਨੂੰ ਝੁਕ ਕੇ ਸਲਾਮ ਕਰੀਂ।"

"ਕਿਉਂ ?" ਦਲੀਪ ਬੋਲਿਆ। ਪਹਿਲੀ ਵਾਰ ਦਲੀਪ ਨੇ ਇੰਨੀ ਦਲੇਰੀ ਨਾਲ ਕਿਹਾ ਤੇ ਅੰਦਰ ਲੰਘ ਗਿਆ। ਕੋਤਵਾਲ ਨੇ ਜਾਂਦਿਆਂ ਕਿਹਾ, "ਬੜਾ ਗੁਸਤਾਖ਼ ਏ ਇਹ ਮੁੰਡਾ। ਇਹ ਤਾਂ ਸਲਾਮ ਕਰਨ ਲਈ ਵੀ ਤਿਆਰ ਨਹੀਂ।"

"ਸਾਰੇ ਸਿਖ ਹੀ ਆਕੜ ਖਾਨ ਨੇ," ਮੀਰ ਮੰਨੂ ਨੇ ਕਿਹਾ, "ਇਹ ਮੁੰਡਾ ਤਾਂ ਮੈਂ ਵੀ ਹਾਤੇ ਵਿਚ ਦੇਖਿਆ ਸੀ। ਇਸੇ ਦੇ ਨਿੱਕੇ ਭਰਾ ਨੂੰ ਪਹਿਲੇ ਦਿਨ ਮਾਰਿਆ ਗਿਆ ਸੀ।"

"ਹੁਣ ਸਾਨੂੰ ਵੀ ਮਾਰ ਦਿਓ।" ਪੋਖਰ ਨੇ ਬੜੀ ਨਿਝੱਕਤਾ ਨਾਲ ਕਿਹਾ। ਉਹ ਸਮਝਦਾ ਸੀ ਕਿ ਇਹਨਾਂ ਜ਼ਾਲਮਾਂ ਨੇ ਤਰਲੇ ਮਿੰਨਤਾਂ ਨਾਲ ਤਾਂ ਛੱਡਣਾ ਨਹੀਂ, ਫਿਰ ਇਹਨਾਂ ਦੀਆਂ ਮਿੰਨਤਾਂ ਕਰਕੇ ਆਪਣੀ ਜ਼ਮੀਰ ਕਿਉਂ ਗੰਦੀ ਕਰੀਏ ?

"ਮਾਰ ਦਿਆਂਗੇ, ਰੱਖਦੇ ਨਹੀਂ ਤੁਹਾਨੂੰ, ਫ਼ਿਕਰ ਨਾ ਕਰੋ।" ਮੀਰ ਮੰਨੂ ਨੇ ਕਿਹਾ, "ਅੱਜ ਲੈ ਜਾਓ ਇਹਨਾਂ ਨੂੰ ਤੇ ਸਾਰਾ ਦਿਨ ਖਾਣ ਲਈ ਕੁਝ ਨਾ ਦਿਓ। ਕੱਲ੍ਹ ਸਵੇਰੇ ਸਿਖ ਕੈਦੀ ਇਕੱਠੇ ਕਰਕੇ ਮਾਰ ਦਿੱਤੇ ਜਾਣ। ਕਿੰਨੇ ਕੁ ਸਿਖ ਹੋਰ ਫੜੇ ਜੇ ?" ਮੀਰ ਮੰਨੂ ਨੇ ਕੋਤਵਾਲ ਨੂੰ ਪੁਛਿਆ।

"ਦਰਜਨ ਕੁ ਹੋਣਗੇ।" ਕੋਤਵਾਲ ਨੇ ਅਨੁਮਾਨ ਨਾਲ ਹੀ ਦਸਿਆ।

"ਇਹਨਾਂ ਦੀਆਂ ਕੱਲ੍ਹ ਸਵੇਰੇ ਪਹਿਲਾਂ ਲੱਤਾਂ ਵੱਢ ਦੇਣੀਆਂ ਤੇ ਦੋ ਘੰਟੇ ਤੜਫਦੇ ਰਹਿਣ ਦੇਣਾ। ਫਿਰ ਬਾਹਵਾਂ ਵੱਢ ਦੇਣੀਆਂ ਤੇ ਅਖ਼ੀਰ 'ਤੇ ਸ਼ਾਮ ਨੂੰ ਸਿਰ ਵੱਢਣੇ। ਸਾਰਾ ਦਿਨ ਤੜਫਣ ਦਿਓ, ਤਾਂ ਹੀ ਸਿੱਖਾਂ ਨੂੰ ਪਤਾ ਲਗੇਗਾ, ਨਹੀਂ ਤੇ ਉਂਝ ਇਹ ਮਰਨ ਦੀ ਪਰਵਾਹ ਹੀ ਨਹੀਂ ਕਰਦੇ।"

ਮੀਰ ਮੰਨੂ ਉੱਠ ਕੇ ਟੁਰ ਪਿਆ। ਸਾਰੇ ਦਰਬਾਰੀ ਉੱਠ ਕੇ ਸਤਿਕਾਰ ਲਈ ਖੜੇ ਹੋ ਗਏ। ਕੁਝ ਕਦਮ ਜਾ ਕੇ ਮੀਰ ਮੰਨੂ ਨੇ ਕੋਤਵਾਲ ਨੂੰ ਸੱਦਿਆ ਤੇ ਕਿਹਾ, "ਮੇਰਾ ਦਿਲ ਅੱਜ ਬਹੁਤ ਬੇਚੈਨ ਹੈ, ਇਸ ਲਈ ਸ਼ਿਕਾਰ ਜਾਣਾ ਚਾਹੁੰਦਾ ਹਾਂ। ਝਟਪਟ ਪ੍ਰਬੰਧ ਕਰੋ ਤਾਕਿ ਝਟ ਬਾਹਰ ਜਾ ਆਈਏ।"

# ੧੫

ਰੇਸ਼ਮਾ ਅੰਮ੍ਰਿਤਸਰ ਪਹੁੰਚ ਗਈ। ਸ਼ਹਿਰ ਦੇ ਬਾਜ਼ਾਰਾਂ ਵਿਚੋਂ ਉਸ ਲੰਘਣਾ ਠੀਕ ਨਾ ਸਮਝਿਆ, ਇਸ ਲਈ ਗਲੀਆਂ ਵਿਚੋਂ ਹੋ ਕੇ ਦਰਬਾਰ ਸਾਹਿਬ ਵੱਲ ਟੁਰਦੀ ਗਈ। ਭਾਵੇਂ ਉਹ ਪਹਿਲਾਂ ਅਗੇ ਇਥੇ ਨਹੀਂ ਸੀ ਆਈ ਤੇ ਹੁਣ ਵੀ ਉਸ ਕਿਸੇ ਤੋਂ ਇਸ ਡਰ ਨਾਲ ਰਾਹ ਨਾ ਪੁਛਿਆ ਕਿ ਐਵੇਂ ਕਿਸੇ ਨੂੰ ਸ਼ੱਕ ਨਾ ਪੈ ਜਾਏ, ਇਸ ਲਈ ਉਹ ਕਈ ਗਲੀਆਂ ਵਿਚੋਂ ਫਿਰਦੀ ਦਰਬਾਰ ਸਾਹਿਬ ਲਭਦੀ ਰਹੀ। ਜਦ ਕਦੇ ਉਹ ਗਲੀਆਂ 'ਚੋਂ ਲੰਘਦੀ ਕਿਸੇ ਬਾਜ਼ਾਰ ਵਿਚ ਪਹੁੰਚਦੀ ਤਾਂ ਝਟ ਕਿਸੇ ਹੋਰ ਗਲੀ ਵਿਚ ਜਾ ਵੜਦੀ। ਬਾਜ਼ਾਰ ਵਿਚੋਂ ਲੰਘਦਾ ਹਰ ਫ਼ੌਜੀ ਉਹਨੂੰ ਇਉਂ ਜਾਪਦਾ ਜਿਵੇਂ ਉਹਨੂੰ ਫੜਨ ਲਈ ਆ ਰਿਹਾ ਹੈ।

ਸਾਰਾ ਦਿਨ ਅੰਮ੍ਰਿਤਸਰ ਵਿਚ ਫਿਰਨ ਪਿਛੋਂ ਸ਼ਾਮ ਨੂੰ ਉਹ ਦਰਬਾਰ ਸਾਹਿਬ ਦੇ ਨੇੜੇ ਪਹੁੰਚੀ। ਦੂਰੋਂ ਹੀ ਉਸਨੇ ਪਛਾਣ ਲਿਆ, ਕਿਉਂਕਿ ਗੁਲਾਬ ਸਿੰਘ ਨੇ ਕਈ ਵਾਰ ਉਹਨੂੰ ਦਰਬਾਰ ਸਾਹਿਬ ਦਾ ਨਕਸ਼ਾ ਸਮਝਾਇਆ ਹੋਇਆ ਸੀ। ਉਹ ਇਸ ਖ਼ਿਆਲ ਨਾਲ ਆਈ ਸੀ ਕਿ ਇਥੇ ਜ਼ਰੂਰ ਉਹਨੂੰ ਸਿੰਘ ਮਿਲ ਜਾਣਗੇ, ਪਰ ਉਹਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਜਦੋਂ ਉਹਨੇ ਦੇਖਿਆ ਕਿ ਸਰੋਵਰ ਦੇ ਗਿਰਦ ਫ਼ੌਜ ਫਿਰ ਰਹੀ ਹੈ। ਜਿਥੋਂ ਤਕ ਉਹਦੀ ਨਜ਼ਰ ਗਈ, ਉਹਨੇ ਧਿਆਨ ਨਾਲ ਵੇਖਿਆ, ਪਰ ਪਰਕਰਮਾ ਵਿਚ ਉਹਨੂੰ ਕੋਈ ਸਿਖ ਨਜ਼ਰ ਨਾ ਆਇਆ।

ਇਕ ਮੰਗਤੀ ਰੇਸ਼ਮਾ ਦੇ ਕੋਲ ਆ ਖਲੋਤੀ ਅਤੇ ਹੱਥ ਅੱਡ ਕੇ ਕੁਝ ਮੰਗਿਆ। ਰੇਸ਼ਮਾ ਇਸ ਵੇਲੇ ਸੋਚਾਂ ਦੇ ਵਹਿਣ ਵਿਚ ਡੁਬੀ ਪਈ ਸੀ। ਮੰਗਤੀ ਦੇ ਹੱਥ ਅਗੇ ਕਰਨ ਨਾਲ ਰੇਸ਼ਮਾ ਨੇ ਉਸ ਵਲ ਵੇਖਿਆ ਤੇ ਫਿਰ ਆਪਣੀ ਜੇਬ ਵਿਚ ਹੱਥ ਮਾਰਿਆ। ਇਹਦੇ ਕੋਲ ਸਿਰਫ਼ ਇਕੋ ਪੈਸਾ ਸੀ ਜੋ ਇਸਨੇ ਮੰਗਤੀ ਦੇ ਹੱਥ 'ਤੇ ਕੱਢ ਕੇ ਰਖ ਦਿਤਾ। ਮੰਗਤੀ ਨੇ ਝੁਕ ਕੇ ਸਲਾਮ ਕੀਤਾ ਤੇ ਪਿਛੇ ਮੁੜ ਪਈ।

ਰੇਸ਼ਮਾ ਨੂੰ ਝਟ ਖ਼ਿਆਲ ਆ ਗਿਆ ਤੇ ਉਸ ਮੰਗਤੀ ਨੂੰ ਆਵਾਜ਼ ਦੇ ਕੇ ਆਪਣੇ ਕੋਲ ਸੱਦ ਲਿਆ ਤੇ ਹੌਲੀ ਜਿਹੀ ਪੁਛਿਆ, "ਤੈਨੂੰ ਪਤਾ ਏ ਕਿ ਅੱਜ ਫ਼ੌਜ ਕਿਉਂ ਫਿਰ ਰਹੀ ਏ ?"

"ਇਹ ਸਿੱਖਾਂ ਦਾ ਗੁਰਦੁਆਰਾ ਹੈ।" ਮੰਗਤੀ ਨੇ ਕਿਹਾ, "ਇਹ ਫ਼ੌਜ ਸਿੱਖਾਂ ਨੂੰ ਰੋਕਣ ਲਈ ਖਲੋਤੀ ਏ ਤਾਕਿ ਉਹ ਆ ਕੇ ਇਥੇ ਨਹਾ ਨਾ ਲੈਣ।"

"ਇਹ ਸਿਖ ਕੌਣ ਹੁੰਦੇ ਹਨ ?" ਰੇਸ਼ਮਾ ਨੇ ਜਾਣ-ਬੁਝ ਕੇ ਇਹ ਸੁਆਲ ਕੀਤਾ ਤਾਕਿ ਮੰਗਤੀ ਨੂੰ ਉਹਦੇ ਬਾਰੇ ਕੋਈ ਸ਼ੱਕ ਨਾ ਪਏ।

"ਤੁਹਾਨੂੰ ਪਤਾ ਨਹੀਂ ਬੀਬੀ ਜੀ ?" ਇਹ ਅੰਮ੍ਰਿਤਸਰ ਸ਼ਹਿਰ ਵਸਾਣ ਵਾਲੇ ਗੁਰੂ ਰਾਮਦਾਸ ਦੇ ਚੇਲੇ ਹਨ, ਇਹ ਨਾ ਹਿੰਦੂ ਹੁੰਦੇ ਜੇ ਨਾ ਮੁਸਲਮਾਨ!"

ਮੰਗਤੀ ਇਹ ਕਹਿ ਕੇ ਚਲੀ ਗਈ। ਰੇਸ਼ਮਾ ਦੀਆਂ ਸਾਰੀਆਂ ਆਸਾਂ 'ਤੇ ਪਾਣੀ ਫਿਰ ਗਿਆ। ਉਹ ਲਗਾਤਾਰ ਕਈ ਦਿਨ ਕਸ਼ਟ ਸਹਿ ਕੇ ਭੁਖੀ ਭਾਣੀ ਲਾਹੌਰ ਤੋਂ ਅੰਮ੍ਰਿਤਸਰ ਪਹੁੰਚੀ, ਪਰ ਅਗੇ ਉਹਨੂੰ ਇਥੇ ਵੀ ਕੋਈ ਸਿਖ ਨਾ ਮਿਲਿਆ। ਗਲੀ ਦੇ ਸਿਰੇ 'ਤੇ ਹੀ ਉਹ ਬੈਠ ਗਈ। ਉਹਦਾ ਜੀਅ ਕਰਦਾ ਸੀ ਕਿ ਉਹ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰੇ ਅਤੇ ਦਰਬਾਰ ਸਾਹਿਬ ਜਾ ਕੇ ਮੱਥਾ ਟੇਕੇ, ਪਰ ਫ਼ੌਜ ਵੇਖ ਕੇ ਉਹਦਾ ਅੱਗੇ ਜਾਣ ਦਾ ਹੀਆ ਨਹੀਂ ਸੀ ਪੈਂਦਾ, ਇਸ ਦੋਚਿੱਤੀ ਵਿਚ ਹੀ ਹਨੇਰਾ ਪੈ ਗਿਆ। ਕਈ ਦਿਨਾਂ ਦੀ ਭੁਖੀ ਹੋਣ ਕਾਰਨ ਉਹਦੇ ਵਿਚ ਏਨਾ ਵੀ ਸਾਹ ਸਤ ਨਹੀਂ ਸੀ ਰਿਹਾ ਕਿ ਉਹ ਉੱਠ ਕੇ ਹੋਰ ਕਿਧਰੇ ਜਾ ਟਿਕੇ। ਸ਼ਹਿਰ ਵਿਚ ਉਹਦਾ ਕੋਈ ਆਸਰਾ ਵੀ ਨਹੀਂ ਸੀ, ਇਸ ਲਈ ਉਸਨੇ ਉਥੋਂ ਉਠਣ ਦੀ ਖੇਚਲ ਹੀ ਨਾ ਕੀਤੀ। ਸਾਰਾ ਦਿਨ ਸਫ਼ਰ ਕਰਨ ਨਾਲ ਉਹਦਾ ਪਿੰਡਾ ਚੂਰ ਹੋਇਆ ਪਿਆ ਸੀ, ਪਰ ਢਿਡੋਂ ਭੁਖੀ ਹੋਣ ਕਾਰਨ ਉਹਨੂੰ ਨੀਂਦ ਵੀ ਨਾ ਪਈ ਤੇ ਰਾਤ ਉਸ ਅੱਖਾਂ ਵਿਚ ਲੰਘਾ ਦਿੱਤੀ।

ਦੂਜੇ ਦਿਨ ਤੜਕੇ ਹੀ ਅਜੇ ਮਾੜੀ ਮਾੜੀ ਲੋਅ ਹੋਈ ਸੀ ਕਿ ਗਲੀ ਵਿਚ ਉਹਨੂੰ ਘੋੜਿਆਂ ਦੇ ਪੈਰਾਂ ਦੀ ਆਵਾਜ਼ ਆਈ। ਰੇਸ਼ਮਾ ਡਰ ਨਾਲ ਸਹਿਮ ਗਈ, ਪਰ ਉਹਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਘੋੜ-ਸਵਾਰਾਂ ਦੇ ਨੇੜੇ ਆਉਣ 'ਤੇ ਉਸ ਦੇਖਿਆ ਕਿ ਉਹ ਦੋਵੇਂ ਸਿੰਘ ਸਨ। ਦੋਹਾਂ ਨੇ ਗਲੀ ਦੇ ਸਿਰੇ 'ਤੇ ਘੋੜੇ ਖੜੇ ਕੀਤੇ ਤੇ ਝਟਪਟ ਉਤਰ ਕੇ ਪਰਕਰਮਾ ਵਿਚ ਲੰਘ ਗਏ। ਦੋਹਾਂ ਨੇ ਝਟਪਟ ਕਪੜੇ ਲਾਹੇ ਤੇ ਸਰੋਵਰ ਵਿਚ ਟੁੱਬਾ ਲਾ ਕੇ ਬਾਹਰ ਆ ਗਏ।

ਇਸ ਵੇਲੇ ਪਹਿਰੇਦਾਰ ਸੁੱਤੇ ਪਏ ਸਨ ਤੇ ਕੋਈ ਟਾਵਾਂ ਟਾਵਾਂ ਫ਼ੌਜੀ ਜਾਗਦਾ ਸੀ। ਦਰਸ਼ਨੀ ਡਿਉਢੀ ਕੋਲ ਇਕ ਪਹਿਰੇਦਾਰ ਫ਼ੌਜੀ ਖਲੋਤਾ ਸੀ। ਉਸਨੇ ਸਿੰਘਾਂ ਨੂੰ ਵੇਖ ਲਿਆ ਤੇ ਇਹਨਾਂ ਵਲ ਦੌੜਿਆ। ਉਹਦੇ ਭਾਣੇ ਦੋਵੇਂ ਸਿੰਘ ਨਿਹੱਥੇ ਹੀ ਇਸ਼ਨਾਨ ਕਰਨ ਆਏ ਹਨ। ਜਦ ਉਹ ਇਕ ਸਿੰਘ ਵਲ ਡਾਂਗ ਲਈ ਵਧਿਆ ਤਾਂ ਦੂਜੇ ਨੇ ਧਰਤੀ 'ਤੇ ਲਿਟਾਏ ਆਪਣੇ ਬਰਛੇ ਨੂੰ ਚੁਕ ਕੇ ਹਮਲਾ ਕਰ ਦਿਤਾ ਅਤੇ ਪਹਿਲੇ ਵਾਰ ਨਾਲ ਹੀ ਪਹਿਰੇਦਾਰ ਨੂੰ ਥੱਲੇ ਸੁੱਟ ਲਿਆ। ਫਿਰ ਦੋਵੇਂ ਗਲੀ ਵਲ ਨੂੰ ਦੌੜ ਪਏ।

ਰੇਸ਼ਮਾ ਨੇ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖਿਆ। ਉਹ ਹਿੰਮਤ ਕਰਕੇ ਉੱਠੀ ਤੇ ਇਕ ਘੋੜੇ ਦੀ ਲਗਾਮ ਫੜ ਲਈ। ਜਦ ਦੋਵੇਂ ਸਿੰਘ ਉਥੇ ਪੁਜੇ ਤਾਂ ਰੇਸ਼ਮਾ ਨੇ ਦੋਵੇਂ ਹੱਥ ਜੋੜ ਕੇ ਫ਼ਤਹਿ ਬੁਲਾਈ। ਸਿੰਘ ਹੈਰਾਨ ਹੋ ਗਏ ਕਿ ਫ਼ਤਹਿ ਬੁਲਾਣ ਵਾਲੀ ਇਸਤ੍ਰੀ ਇਥੇ ਕਿਵੇਂ ਆ ਗਈ। ਉਹਨਾਂ ਦਾ ਉੱਤਰ ਉਡੀਕੇ ਬਿਨਾ ਰੇਸ਼ਮਾ

ਨੇ ਝਟ ਕਿਹਾ, "ਵੀਰ ਜੀ, ਮੈਨੂੰ ਨਾਲ ਲੈ ਚਲੋ, ਮੈਂ ਵੀ ਕਲਗੀਧਰ ਦੀ ਬੇਟੀ ਹਾਂ।"

ਇਸ ਵੇਲੇ ਸਿੰਘ ਬੜੀ ਕਾਹਲ ਵਿਚ ਸਨ, ਇਸ ਲਈ ਉਹਨਾਂ ਕੁਝ ਪੁਛਣ ਤੇ ਜਾਣਨ ਲਈ ਕੋਈ ਸਵਾਲ ਨਾ ਕੀਤਾ ਤੇ ਝਟਪਟ ਰੇਸ਼ਮਾ ਨੂੰ ਘੋੜੇ 'ਤੇ ਬਿਠਾ ਕੇ ਅੱਡੀ ਲਾਈ ਤੇ ਫ਼ੌਜੀਆਂ ਦੇ ਇਕੱਠੇ ਹੋਣ ਤਕ ਉਹ ਕਈ ਗਲੀਆਂ ਬਾਜ਼ਾਰਾਂ ਵਿਚੋਂ ਲੰਘਦੇ ਸ਼ਹਿਰੋਂ ਬਾਹਰ ਚਲੇ ਗਏ।

ਸ਼ਹਿਰੋਂ ਬਾਹਰ ਜਾ ਕੇ ਉਹਨਾਂ ਪਿਛੇ ਮੁੜ ਕੇ ਦੇਖਿਆ। ਦੂਰ ਤਕ ਉਹਨਾਂ ਨੂੰ ਕੋਈ ਪਿੱਛਾ ਕਰਦਾ ਨਾ ਦਿਸਿਆ। ਇਸ ਲਈ ਘੋੜੇ ਹੌਲੀ ਕਰ ਲਏ। ਇਕ ਸਿੰਘ ਨੇ ਪੁਛਿਆ, "ਭੈਣ ਜੀ, ਕਿਥੋਂ ਦੇ ਰਹਿਣ ਵਾਲੇ ਹੋ ?"

"ਕੀ ਪੁੱਛਦਾ ਏਂ ਵੀਰਾ, ਰਹਿਣ ਵਾਲੀ ਤਾਂ ਖ਼ੈਰਪੁਰ ਦੀ ਹਾਂ।" ਰੇਸ਼ਮਾ ਨੇ ਕਿਹਾ।

"ਹੈਂ, ਖੈਰਪੁਰ ਦੀ ਰਹਿਣ ਵਾਲੀ !" ਹੈਰਾਨੀ ਨਾਲ ਸਿੰਘ ਬੋਲਿਆ, "ਫਿਰ ਸ਼ਹਿਰ ਕੀ ਕਰਨ ਆਏ ਸੀ ?"

"ਵੀਰ ਕਸ਼ਟਾਂ ਵਿਚ ਫਸੇ ਹੋਏ ਹਾਂ ਅਸੀਂ। ਸਾਰੇ ਟੱਬਰ ਨੂੰ ਫ਼ੌਜ ਫੜ ਕੇ ਲੈ ਗਈ ਤੇ ਮੈਂ ਉਥੋਂ ਲਾਹੌਰੋਂ ਨੱਸ ਕੇ ਆਈ ਹਾਂ। ਮੇਰੇ ਤਾਂ ਬੱਚੇ ਵੀ ਦੁਸ਼ਟਾਂ ਮਾਰ ਦਿਤੇ ਨੇ।" ਰੇਸ਼ਮਾ ਨੇ ਦੱਸਿਆ ਤੇ ਉਹਦੀਆਂ ਅੱਖਾਂ ਵਿਚ ਅੱਥਰੂ ਭਰ ਆਏ। ਉਹਦਾ ਗਚ ਭਰਿਆ ਗਿਆ ਤੇ ਉਹ ਅਗੋਂ ਬੋਲ ਨਾ ਸਕੀ। ਸਿੰਘਾਂ ਨੇ ਉਸ ਵਲ ਦੇਖਿਆ ਤੇ ਉਹਦੇ ਚੇਹਰੇ ਤੋਂ ਅਨੁਮਾਨ ਲਾ ਲਿਆ ਕਿ ਉਹ ਬੜੀ ਦੁਖੀ ਏ ਤੇ ਹੁਣ ਉਹ ਆਪਣੇ ਬੱਚੇ ਦੀ ਯਾਦ ਵਿਚ ਵਿਆਕੁਲ ਹੋ ਕੇ ਅਗੋਂ ਬੋਲ ਨਹੀਂ ਸਕਦੀ।

ਇਕ ਸਿੰਘ ਨੇ ਪਿਛੇ ਮੁੜ ਕੇ ਦੇਖਿਆ ਤਾਂ ਉਹਨੂੰ ਦੂਰ ਧੂੜ ਉੱਡਦੀ ਦਿੱਸੀ। ਉਸ ਨੇ ਦੂਜੇ ਸਿੰਘ ਨੂੰ ਦਸਿਆ ਕਿ ਪਿਛੇ ਧੂੜ ਉੱਡਦੀ ਪਈ ਏ। ਇਸ ਤੋਂ ਹੀ ਸ਼ਕ ਪੈਂਦਾ ਏ ਕਿ ਫ਼ੌਜ ਸਾਡਾ ਪਿੱਛਾ ਕਰ ਰਹੀ ਹੈ। ਉਸ ਦੂਜੇ ਸਿੰਘ ਨੇ ਕਿਹਾ, "ਇਹ ਫ਼ੌਜ ਨਹੀਂ ਜਾਪਦੀ। ਇਹ ਤਾਂ ਇਉਂ ਜਾਪਦਾ ਏ ਕਿ ਗੱਡੇ ਟੁਰੇ ਆਉਂਦੇ ਨੇ।"

"ਨਹੀਂ, ਗੱਡੇ ਨਹੀਂ ਹੋ ਸਕਦੇ। ਅਸੀਂ ਵੀ ਇਸੇ ਪਾਸਿਓਂ ਆਏ ਹਾਂ। ਜੇ ਗੱਡੇ ਹੁੰਦੇ ਤਾਂ ਸਾਨੂੰ ਨਾ ਮਿਲਦੇ ? ਇਹ ਕਿਸੇ ਪਾਸਿਓਂ ਨਹੀਂ ਆ ਰਹੇ, ਸਗੋਂ ਇਹ ਉਸੇ ਰਾਹ ਆ ਰਹੇ ਹਨ, ਜਿਸ ਪਾਸਿਓਂ ਅਸੀਂ ਆਏ ਹਾਂ।" ਪਹਿਲੇ ਸਿੰਘ ਨੇ ਰਾਏ ਪਰਗਟ ਕੀਤੀ।

ਅਜੇ ਇਹ ਦੋਵੇਂ ਗੱਲਾਂ ਕਰ ਹੀ ਰਹੇ ਸਨ ਕਿ ਧੂੜ ਬਹੁਤ ਨੇੜੇ ਆ ਗਈ। ਹੁਣ ਸਾਫ਼ ਨਜ਼ਰੀਂ ਆਉਣ ਲੱਗ ਪਿਆ ਕਿ ਧੂੜ ਵਿਚ ਘੋੜ-ਸਵਾਰ ਭੱਜੇ ਆ ਰਹੇ ਹਨ। ਇਹ ਮਹਿਸੂਸ ਕਰਕੇ ਦੋਹਾਂ ਨੇ ਘੋੜਿਆਂ ਨੂੰ ਅੱਡੀ ਲਾਈ ਤੇ ਭੱਜ ਉਠੇ।

ਥੋੜ੍ਹੀ ਦੂਰ ਹੀ ਸਿੰਘਾਂ ਦਾ ਡੇਰਾ ਸੀ। ਇਕ ਵੱਡੇ ਛੰਭ ਵਿਚਕਾਰ ਥਾਂ ਸਾਫ਼

ਕਰਕੇ ਸਿੰਘਾਂ ਨੇ ਆਪਣਾ ਅੱਡਾ ਬਣਾਇਆ ਹੋਇਆ ਸੀ। ਛੰਬ ਦੇ ਬਾਹਰਵਾਰ ਹੀ ਰੇਤ ਦਾ ਇਕ ਵੱਡਾ ਸਾਰਾ ਟਿੱਬਾ ਸੀ ਜੋ ਲੜਾਈ ਦੇ ਦ੍ਰਿਸ਼ਟੀਕੋਣ ਤੋਂ ਬੜਾ ਲਾਭਵੰਦਾ ਸੀ। ਅਸਲ ਗੱਲ ਤਾਂ ਇਹ ਹੈ ਕਿ ਇਸ ਟਿੱਬੇ ਦੇ ਲਾਭ ਕਾਰਨ ਹੀ ਸਿੰਘਾਂ ਨੇ ਅੰਮ੍ਰਿਤਸਰ ਦੇ ਇਸ ਪਾਸੇ ਡੇਰਾ ਬਣਾਇਆ ਹੋਇਆ ਸੀ। ਅਜੇ ਤਕ ਸਮੇਂ ਦੀ ਹਕੂਮਤ ਨੂੰ ਸਿੰਘਾਂ ਦੇ ਇਸ ਕੇਂਦਰ ਦਾ ਪਤਾ ਨਹੀਂ ਸੀ, ਕਿਉਂਕਿ ਕੁਝ ਦਿਨਾਂ ਤੋਂ ਹੀ ਸਿੰਘ ਇਥੇ ਆਏ ਸਨ।

ਦੋਵੇਂ ਸਿੰਘ ਘੋੜੇ ਭਜਾਂਦੇ ਛੰਬ ਵਿਚ ਜਾਂਦੇ ਇਕ ਵੱਡੇ ਸਾਰੇ ਰਾਹ ਤੋਂ ਅੰਦਰ ਲੰਘ ਗਏ। ਉਹਨਾਂ ਨੂੰ ਰੁੱਖਾਂ ਵਿਚ ਜਾਂਦਿਆਂ ਫ਼ੌਜੀਆਂ ਨੇ ਵੀ ਦੇਖ ਲਿਆ ਤੇ ਉਹ ਸੜਕ ਛੱਡ ਕੇ ਛੰਬ ਵਲ ਮੁੜ ਪਏ।

ਛੰਬ ਵਿਚ ਸਿੰਘਾਂ ਦਾ ਜਥਾ ਤਿਆਰ ਖੜਾ ਸੀ। ਉਸ ਜਥੇ ਨੇ ਆਪਣੇ ਇਹਨਾਂ ਸਿੰਘਾਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਹਾਲਤ ਦਾ ਅਨੁਮਾਨ ਲਾਣ ਲਈ ਭੇਜਿਆ ਸੀ। ਇਸ ਗੱਲ ਦੀ ਉਹਨਾਂ ਨੂੰ ਪਹਿਲਾਂ ਹੀ ਆਸ ਸੀ ਕਿ ਫ਼ੌਜ ਜ਼ਰੂਰ ਪਿੱਛਾ ਕਰੇਗੀ। ਜੇਕਰ ਇਹ ਮੌਕੇ 'ਤੇ ਨਾ ਫੜੇ ਗਏ ਤਾਂ ਇਸ ਛੰਬ ਤਕ ਮਗਰ ਆਏਗੀ। ਸਿੰਘਾਂ ਨੇ ਆਉਂਦਿਆਂ ਦਸਿਆ ਕਿ ਫ਼ੌਜ ਉਹਨਾਂ ਦਾ ਪਿੱਛਾ ਕਰ ਰਹੀ ਹੈ। ਇਸ ਲਈ ਸਾਰਾ ਜਥਾ ਝਟਪਟ ਛੰਬ ਤੋਂ ਬਾਹਰ ਆ ਗਿਆ। ਟਿੱਬੇ 'ਤੇ ਮੋਰਚੇ ਸੰਭਾਲ ਲਏ ਤੇ ਬੰਦੂਕਾਂ ਵਾਲੇ ਕੁਝ ਕੁ ਸਿੰਘਾਂ ਨੇ ਆਪਣੇ ਨਿਸ਼ਾਨੇ ਸਿਧੇ ਕਰ ਲਏ। ਜਦ ਫ਼ੌਜ ਦੇ ਘੋੜ-ਸਵਾਰ ਉਹਨਾਂ ਦੀਆਂ ਗੋਲੀਆਂ ਦੀ ਮਾਰ ਵਿਚ ਆ ਗਏ ਤਾਂ ਜਥੇਦਾਰ ਨੇ ਜੈਕਾਰਾ ਛਡਿਆ। 'ਸਤਿ ਸ੍ਰੀ ਅਕਾਲ' ਦੀ ਗੂੰਜ ਦੇ ਨਾਲ ਹੀ ਸਾਰਿਆਂ ਨੇ ਗੋਲੀ ਚਲਾ ਦਿੱਤੀ। ਅੱਗੇ ਅੱਗੇ ਭੱਜੇ ਆਉਂਦੇ ਚਾਰ ਪੰਜ ਫ਼ੌਜੀ ਘੋੜਿਆਂ ਤੋਂ ਥੱਲੇ ਡਿਗ ਪਏ ਤੇ ਬਾਕੀਆਂ ਨੇ ਝਟਪਟ ਘੋੜਿਆਂ ਦੀਆਂ ਵਾਗਾਂ ਪਿਛੇ ਮੋੜ ਲਈਆਂ।

ਸਰਕਾਰੀ ਫ਼ੌਜ ਤਨਖ਼ਾਹ ਚਾਹੁੰਦੀ ਏ ਤੇ ਉਹ ਫ਼ੌਜ ਵਿਚ ਸਿਰਫ਼ ਇਸ ਲਈ ਭਰਤੀ ਹੁੰਦੇ ਹਨ ਕਿ ਰੋਜ਼ੀ ਕਮਾ ਸਕਣ। ਰੋਜ਼ੀ ਪਿੱਛੇ ਆਉਣ ਵਾਲਿਆਂ ਵਿਚ ਮਰਨ ਵਾਲੇ ਥੋੜ੍ਹੇ ਹੁੰਦੇ ਹਨ। ਦੂਜੇ ਪਾਸੇ ਸਿੰਘ ਆਪਣੀ ਜ਼ਿੰਦਗੀ, ਧਰਮ ਦੀ ਰਾਖੀ ਤੇ ਅਣਖ ਲਈ ਲੜ ਰਹੇ ਸਨ। ਇਸੇ ਲਈ ਇਕ ਸਿੰਘ ਦਾ ਮੁਕਾਬਲਾ ਸੈਂਕੜੇ ਫ਼ੌਜੀ ਵੀ ਨਹੀਂ ਸਨ ਕਰ ਸਕਦੇ।

ਫ਼ੌਜ ਨੂੰ ਇਹ ਖ਼ਿਆਲ ਨਹੀਂ ਸੀ ਕਿ ਰੇਤ ਦੇ ਟਿੱਬੇ 'ਤੇ ਹੀ ਮੋਰਚਾ ਬਣਿਆ ਹੋਵੇਗਾ ਤੇ ਉਸ 'ਤੇ ਇਹਨਾਂ ਨੂੰ ਰੋਕ ਲਿਆ ਜਾਵੇਗਾ।

ਜਦ ਫ਼ੌਜੀ ਪਿਛੇ ਭੱਜੇ ਤਾਂ ਸਿੰਘਾਂ ਨੇ ਮੋਰਚਿਆਂ ਵਿਚੋਂ ਨਿਕਲ ਕੇ ਉਹਨਾਂ ਦੇ ਜ਼ਖ਼ਮੀਆਂ ਨੂੰ ਕਾਬੂ ਕਰ ਲਿਆ ਤੇ ਉਹਨਾਂ ਦੇ ਘੋੜੇ ਵੀ ਫੜ ਲਏ।

ਇਹ ਕੁਝ ਛੋਹਲੇ ਘੋੜ-ਸਵਾਰ ਹੀ ਆਏ ਸਨ। ਇਹਨਾਂ ਦੇ ਪਿਛੇ ਫ਼ੌਜੀ ਪਲਟਨ

ਆ ਰਹੀ ਸੀ। ਜਦ ਉਹ ਸਾਹਮਣੇ ਆਉਂਦੀ ਦਿਸੀ ਤਾਂ ਸਿੰਘਾਂ ਨੇ ਪਿਛੇ ਪਰਤ ਕੇ ਫਿਰ ਟਿੱਬੇ 'ਤੇ ਜਾ ਕੇ ਮੋਰਚੇ ਸੰਭਾਲ ਲਏ।

ਕਈ ਦਿਨ ਤੋਂ ਸਿੰਘ ਮੌਕਾ ਲੱਭ ਰਹੇ ਸਨ ਕਿ ਉਹਨਾਂ ਨੂੰ ਫ਼ੌਜ ਨਾਲ ਟੱਕਰ ਲੈਣ ਦਾ ਕੋਈ ਵੇਲਾ ਮਿਲੇ, ਤਾਕਿ ਉਹ ਲਾਹੌਰ 'ਤੇ ਚੜ੍ਹਾਈ ਤੋਂ ਪਹਿਲਾਂ ਫ਼ੌਜ ਨਾਲ ਦੋ ਹੱਥ ਕਰਕੇ ਆਪਣਾ ਪ੍ਰਭਾਵ ਬਿਠਾ ਲੈਣ।

ਫ਼ੌਜੀ ਦਸਤਾ ਵੀ ਬੰਦੂਕਾਂ ਭਰੀ ਅਗੇ ਵਧਿਆ ਤੇ ਦੋਹਾਂ ਪਾਸਿਓਂ ਗੋਲੀਆਂ ਚਲਣੀਆਂ ਸ਼ੁਰੂ ਹੋ ਗਈਆਂ। ਫ਼ੌਜ ਨੇ ਵੀ ਹੁਣ ਆਪਣੇ ਬਚਾਅ ਦਾ ਪ੍ਰਬੰਧ ਕਰ ਲਿਆ ਸੀ ਤੇ ਲੜਾਈ ਵਿਚ ਉਹ ਸਿੰਘਾਂ ਦੀਆਂ ਬੰਦੂਕਾਂ ਦੀ ਮਾਰ ਤੋਂ ਹਟ ਕੇ ਖੜੇ ਗੋਲੀਆਂ ਚਲਾਂਦੇ ਰਹੇ।

ਹੌਲੀ ਹੌਲੀ ਸਿੰਘਾਂ ਪਾਸ ਅਸਲ੍ਹਾ ਮੁਕ ਗਿਆ। ਗੋਲੀਆਂ ਖ਼ਤਮ ਹੋਣ 'ਤੇ ਇਸ ਪਾਸਿਓਂ ਗੋਲੀ ਚਲਣੀ ਬੰਦ ਹੋ ਗਈ। ਫ਼ੌਜ ਨੂੰ ਵੀ ਮਹਿਸੂਸ ਹੋਣ ਲੱਗ ਪਿਆ ਕਿ ਮੁਕਾਬਲੇ 'ਤੇ ਗੋਲੀ ਚਲਣੀ ਬੰਦ ਹੋ ਗਈ ਹੈ, ਇਸ ਲਈ ਫ਼ੌਜ ਨੇ ਅਗੇ ਵਧਣਾ ਸ਼ੁਰੂ ਕਰ ਦਿੱਤਾ।

ਜਥੇਦਾਰ ਨੇ ਛੰਭ ਵਿਚ ਸੁਨੇਹਾ ਭੇਜਿਆ ਕਿ ਘੋੜ-ਸਵਾਰਾਂ ਦਾ ਦਸਤਾ ਝਟਪਟ ਨਿਕਲ ਕੇ ਫ਼ੌਜ 'ਤੇ ਤਿੰਨਾਂ ਪਾਸਿਆਂ ਤੋਂ ਹਮਲਾ ਕਰ ਦੇਵੇ। ਗੋਲੀਆਂ ਖ਼ਤਮ ਹੋ ਗਈਆਂ ਹਨ ਅਤੇ ਫ਼ੌਜ ਸਾਡੇ ਵਲ ਵਧ ਰਹੀ ਹੈ।

ਇਹ ਸੁਨੇਹਾ ਮਿਲਦਿਆਂ ਘੋੜ-ਸਵਾਰ ਸਿੰਘਾਂ ਨੇ ਤਿੰਨ ਹਿੱਸੇ ਕਰ ਲਏ। ਛੰਭ ਵਿਚੋਂ ਪਿਛਲੇ ਪਾਸੇ ਜਾ ਕੇ ਉਥੋਂ ਇਕ ਉਤਰ ਵਲੋਂ ਤੇ ਇਕ ਦੱਖਣ ਵਲੋਂ ਜਥਾ ਬਾਹਰ ਨਿਕਲਿਆ। ਇਕ ਜਥਾ ਸਿੱਧਾ ਟਿੱਬੇ ਦੇ ਉਤੋਂ ਦੀ ਹੋ ਕੇ ਫ਼ੌਜ ਨਾਲ ਸਿੱਧੀ ਟੱਕਰ ਲਈ ਨਿਕਲਿਆ। ਜਦ ਉੱਤਰ ਵਲੋਂ ਜਥਾ ਛੰਭ ਦੇ ਬਾਹਰ ਆਇਆ ਤਾਂ ਉਹਨਾਂ ਜ਼ੋਰ ਨਾਲ ਜੈਕਾਰਾ ਛੱਡਿਆ। ਦੂਜੇ ਪਾਸਿਓਂ ਦੱਖਣ ਵਲੋਂ ਜੈਕਾਰੇ ਦੀ ਆਕਾਸ਼ ਗੁੰਜਾਊ ਆਵਾਜ਼ ਵਿਚ ਉੱਤਰ ਆਇਆ ਤੇ ਘੋੜੇ ਸਰਪਟ ਦੌੜ ਪਏ।

ਸਾਹਮਣੇ ਟਿੱਬੇ ਤੋਂ ਵੀ ਜੈਕਾਰੇ ਛਡਦੇ ਘੋੜ-ਸਵਾਰ ਜਦ ਸਾਹਮਣੇ ਆਏ ਤਾਂ ਫ਼ੌਜ ਘਬਰਾ ਗਈ। ਫ਼ੌਜ ਨੂੰ ਇੰਨੀ ਆਸ ਨਹੀਂ ਸੀ ਤੇ ਇਹਨਾਂ ਜੈਕਾਰਿਆਂ ਨਾਲ ਇਉਂ ਮਹਿਸੂਸ ਹੋਣ ਲੱਗ ਪਿਆ ਜਿਵੇਂ ਲੱਖਾਂ ਦੀ ਗਿਣਤੀ ਵਿਚ ਸਿੰਘ ਆ ਗਏ ਹਨ। ਸ਼ਾਹੀ ਫ਼ੌਜ ਨੇ ਪਹਿਲਾਂ ਉੱਤਰ ਵਲ ਰੁਖ ਕੀਤਾ, ਪਰ ਜਦੋਂ ਦੱਖਣ ਵਲੋਂ ਵੀ ਨਾਹਰੇ ਗੂੰਜੇ ਤਾਂ ਫ਼ੌਜ ਖੜੀ ਹੋ ਗਈ। ਸਾਹਮਣਿਓਂ ਆਵਾਜ਼ ਆਉਂਦਿਆਂ ਵੇਖ ਫ਼ੌਜ ਦੇ ਮੁਖੀ ਹੈਰਾਨ ਹੋ ਗਏ ਕਿ ਉਹ ਕਿਸ ਪਾਸੇ ਜਾਣ।

ਇਹ ਹਮਲਾ ਇਤਨੀ ਤੇਜ਼ੀ ਨਾਲ ਹੋਇਆ ਕਿ ਸ਼ਾਹੀ ਫ਼ੌਜ ਦੇ ਮੁਖੀ ਆਪਣੇ

ਸਾਥੀਆਂ ਨੂੰ ਵਖ ਵਖ ਪਾਸੇ ਹੋ ਕੇ ਲੜਨ ਦੀ ਹਦਾਇਤ ਵੀ ਨਾ ਦੇ ਸਕੇ। ਜਿਸ ਪਾਸੇ ਕਿਸੇ ਦਾ ਮੂੰਹ ਆਇਆ, ਉਸੇ ਪਾਸੇ ਸਿੰਘਾਂ ਨਾਲ ਲੜਨ ਲੱਗ ਪਿਆ। ਪਹਿਲੀ ਵਾਰ ਤਾਂ ਬੰਦੂਕਾਂ ਤੋਂ ਗੋਲੀਆਂ ਚਲੀਆਂ ਤੇ ਉਹਨਾਂ ਨਾਲ ਦੋ ਸਿੰਘ ਵੀ ਸ਼ਹੀਦ ਹੋਏ, ਪਰ ਦੂਜੀ ਵਾਰ ਗੋਲੀ ਚਲਣ ਤੋਂ ਪਹਿਲਾਂ ਹੀ ਸਿੰਘ ਉਹਨਾਂ ਦੇ ਵਿਚ ਜਾ ਵੜੇ ਤੇ ਤਲਵਾਰ ਦੀ ਲੜਾਈ ਸ਼ੁਰੂ ਹੋ ਗਈ।

ਗੁਥਮਗੁੱਥਾ ਹੋ ਜਾਣ 'ਤੇ ਬੰਦੂਕਾਂ ਨਾਕਾਰੀਆਂ ਹੋ ਗਈਆਂ ਤੇ ਤਲਵਾਰ ਦੀ ਜੰਗ ਸ਼ੁਰੂ ਹੋ ਗਈ। ਸਿੰਘਾਂ ਨੇ ਕਈ ਸਾਲਾਂ ਤੋਂ ਤਲਵਾਰਾਂ ਦੀ ਜੋ ਜਾਚ ਸਿੱਖੀ ਹੋਈ ਸੀ, ਉਸ ਦੇ ਕਮਾਲ ਦਿਖਾਣ ਦਾ ਅੱਜ ਉਹਨਾਂ ਨੂੰ ਮੌਕਾ ਮਿਲ ਗਿਆ।

ਚੰਗਾ ਝਟ ਜੰਮ ਕੇ ਲੜਾਈ ਹੋਈ। ਸਰਕਾਰੀ ਫ਼ੌਜ ਦਾ ਬਹੁਤ ਹਿੱਸਾ ਉੱਤਰ ਵਲੋਂ ਹੋਏ ਹਮਲੇ ਦੇ ਟਾਕਰੇ 'ਤੇ ਲੱਗ ਗਿਆ ਤੇ ਦੱਖਣ ਵਲ ਥੋੜ੍ਹੇ ਜਵਾਨ ਰਹਿ ਗਏ। ਸਿੰਘਾਂ ਦੇ ਦੱਖਣੀ ਜਥੇ ਦੀ ਸ਼ਕਤੀ ਵਧੇਰੇ ਸੀ, ਕਿਉਂਕਿ ਇਸ ਪਾਸਿਓਂ ਹਮਲਾ ਕਰਨ ਵਾਲਿਆਂ ਵਿਚ ਬਹੁਤੇ ਗੱਭਰੂ ਜਵਾਨ ਸਨ। ਉਹਨਾਂ ਜਵਾਨੀ ਦੇ ਜੋਸ਼ ਤੇ ਕੌਮੀ ਪਿਆਰ ਵਿਚ ਇਤਨੀ ਤਲਵਾਰ ਚਲਾਈ ਕਿ ਛੇਤੀ ਹੀ ਫ਼ੌਜ ਦੇ ਪੈਰ ਉਖੜ ਗਏ।

ਜਦ ਉਹ ਮੈਦਾਨ ਵਿਚ ਪਿਛੇ ਹਟਣੇ ਸ਼ੁਰੂ ਹੋਏ ਤਾਂ ਟਿੱਬੇ ਦੇ ਸਾਹਮਣੇ ਲੜ ਰਹੀ ਫ਼ੌਜ ਘਬਰਾ ਗਈ। ਉਸ ਦੇ ਜਵਾਨਾਂ ਦੇ ਹੌਸਲੇ ਇਤਨੇ ਡਿੱਗ ਪਏ ਕਿ ਉਹ ਤਲਵਾਰਾਂ ਚਲਾਣ ਦੇ ਅਸਮਰਥ ਹੋ ਗਏ। ਸਿੰਘਾਂ ਦੇ ਵਾਰ ਨੂੰ ਕੁਝ ਚਿਰ ਰੋਕਦੇ ਰਹੇ ਤੇ ਆਪ ਕੋਈ ਵਾਰ ਨਾ ਕੀਤਾ, ਪਰ ਇਸ ਤਰ੍ਹਾਂ ਜੰਗ ਦੇ ਮੈਦਾਨ ਵਿਚ ਬਹੁਤੀ ਦੇਰ ਨਹੀਂ ਸਨ ਟਿਕ ਸਕਦੇ, ਜਿਸ ਕਾਰਨ ਮੈਦਾਨ ਛੱਡ ਕੇ ਭੱਜ ਉਠੇ।

ਇਹਨਾਂ ਦੇ ਭੱਜਣ ਨਾਲ ਸਾਰੀ ਫ਼ੌਜ ਵਿਚ ਘਬਰਾਹਟ ਮੱਚ ਗਈ ਤੇ ਉਹ ਮੈਦਾਨ ਵਿਚੋਂ ਉੱਠ ਭੱਜੀ। ਸਿੰਘਾਂ ਨੇ ਕੁਝ ਦੇਰ ਤਕ ਉਹਨਾਂ ਦਾ ਪਿੱਛਾ ਕੀਤਾ, ਪਰ ਫਿਰ ਜਥੇਦਾਰ ਦੇ ਹੁਕਮ ਨਾਲ ਰੁਕ ਗਏ।

ਸਿੰਘਾਂ ਦੇ ਇਸ ਜਥੇ ਦੀ ਇਹ ਸ਼ਾਹੀ ਫ਼ੌਜ ਨਾਲ ਪਹਿਲੀ ਟੱਕਰ ਸੀ, ਇਸ ਤੋਂ ਪਹਿਲਾਂ ਇਸ ਜਥੇ ਨੂੰ ਟੱਕਰ ਲੈਣ ਦਾ ਮੌਕਾ ਹੀ ਨਹੀਂ ਸੀ ਮਿਲਿਆ। ਇਕ ਦੋ ਵਾਰ ਇਹਨਾਂ ਨੂੰ ਕਿਧਰੇ ਸਰਕਾਰੀ ਫ਼ੌਜ ਦੇ ਹਮਲੇ ਦਾ ਪਤਾ ਲੱਗਾ ਤਾਂ ਇਹ ਉਧਰ ਨੂੰ ਗਏ, ਪਰ ਇਹਨਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਲੜਾਈ ਮੁਕ ਗਈ ਹੁੰਦੀ। ਇਸ ਲਈ ਇਹ ਜਥਾ ਸੱਧਰ ਦਿਲਾਂ ਵਿਚ ਹੀ ਲਈ ਫਿਰਦਾ ਸੀ ਜੋ ਅੱਜ ਪੂਰੀ ਹੋ ਗਈ।

ਝਟਪਟ ਸਾਰੇ ਆਪਣੇ ਤੇ ਸਰਕਾਰੀ ਫ਼ੌਜ ਦੇ ਫਟੜਾਂ ਨੂੰ ਚੁਕਿਆ ਗਿਆ ਤੇ ਛੰਭ ਵਿਚ ਲਿਆ ਕੇ ਸਿਆਣੇ ਫਟ-ਬੰਨ੍ਹਾਂ ਨੇ ਸਾਰਿਆਂ ਦੀ ਮਰ੍ਹਮ ਪੱਟੀ ਕੀਤੀ। ਸਰਕਾਰੀ ਫ਼ੌਜ ਦੇ ਜਵਾਨ ਸਖ਼ਤ ਘਬਰਾਹਟ ਵਿਚ ਸਨ, ਕੁਝ ਫੱਟਾਂ ਦੀਆਂ ਦਰਦਾਂ ਤੇ ਕੁਝ ਸਿੰਘਾਂ

ਦੇ ਕਬਜ਼ੇ ਵਿਚ ਹੋਣ ਦਾ ਭੈਅ ਸੀ, ਪਰ ਉਹ ਇਸ ਗੱਲੋਂ ਬੜੇ ਹੈਰਾਨ ਸਨ ਕਿ ਸਿੰਘਾਂ ਨੇ ਆਪਣੇ ਜ਼ਖ਼ਮੀਆਂ ਤੇ ਉਹਨਾਂ ਵਿਚ ਕੋਈ ਫ਼ਰਕ ਨਹੀਂ ਰਖਿਆ। ਸਾਰਿਆਂ ਦੀ ਦੇਖ-ਭਾਲ ਤੇ ਸੰਭਾਲ ਇਕੋ ਤਰ੍ਹਾਂ ਕੀਤੀ ਜਾ ਰਹੀ ਸੀ।

ਫੱਟ-ਬੰਨ੍ਹਾਂ ਨੇ ਸਰਕਾਰੀ ਫ਼ੌਜ ਦੇ ਹਰ ਇਕ ਨੌਜਵਾਨ ਨੂੰ ਚੰਗੀ ਤਰ੍ਹਾਂ ਵੇਖਿਆ ਤੇ ਪੁਛਿਆ ਕਿਥੇ ਕਿਥੇ ਦਰਦ ਹੋ ਰਿਹਾ ਏ।

ਉਹਨਾਂ ਦੇ ਭੈ-ਭੀਤ ਚਿਹਰਿਆਂ ਵੱਲ ਨਜ਼ਰ ਮਾਰ ਕੇ ਜਥੇਦਾਰ ਨੇ ਕਿਹਾ, "ਤੁਸੀਂ ਘਬਰਾਓ ਨਾ, ਹੁਣ ਤੁਹਾਨੂੰ ਕੁਝ ਨਹੀਂ ਕਿਹਾ ਜਾਏਗਾ। ਖਾਲਸਾ ਤੁਹਾਡਾ ਦੁਸ਼ਮਣ ਨਹੀਂ, ਤੁਹਾਡੀ ਸਰਕਾਰ ਦਾ ਵਿਰੋਧੀ ਹੈ, ਇਸ ਲਈ ਤੁਹਾਨੂੰ ਕੁਝ ਨਹੀਂ ਕਿਹਾ ਜਾਏਗਾ। ਤੁਸੀਂ ਸਾਡੇ ਓਦੋਂ ਤਕ ਵੈਰੀ ਸੀ ਜਦ ਤਕ ਕਿ ਹਥਿਆਰ ਚੁਕ ਕੇ ਸਾਡਾ ਮੁਕਾਬਲਾ ਕਰਨ ਆਏ ਸੀ। ਹੁਣ ਤੁਸੀਂ ਨਿਰਬਲ ਹੋ, ਜ਼ਖ਼ਮੀਆਂ ਅਤੇ ਨਿਹੱਥਿਆਂ ਨਾਲ ਕਦੇ ਖਾਲਸਾ ਵਧੀਕੀ ਨਹੀਂ ਕਰਦਾ। ਤੁਹਾਡੀ ਸੇਵਾ ਉਸੇ ਤਰ੍ਹਾਂ ਕਰਾਂਗੇ ਜਿਵੇਂ ਆਪਣੇ ਸਿੰਘਾਂ ਦੀ ਕੀਤੀ ਜਾਵੇਗੀ। ਜਦ ਤੁਸੀਂ ਠੀਕ ਹੋ ਗਏ ਤਾਂ ਤੁਹਾਨੂੰ ਛੱਡ ਦਿਤਾ ਜਾਵੇਗਾ। ਅਸੀਂ ਤੁਹਾਨੂੰ ਮਾਰਨ ਵਿਚ ਆਪਣੀ ਬਹਾਦਰੀ ਨਹੀਂ ਸਮਝਦੇ। ਅਸੀਂ ਮੁਸਲਮਾਨਾਂ ਦੇ ਵਿਰੋਧੀ ਨਹੀਂ, ਜਿਵੇਂ ਕਿ ਸਰਕਾਰ ਨੇ ਤੁਹਾਡੇ ਵਿਚ ਪ੍ਰਚਾਰ ਕੀਤਾ ਹੋਇਆ ਹੈ। ਅਸੀਂ ਤਾਂ ਜ਼ੁਲਮ ਦੇ ਵਿਰੋਧੀ ਹਾਂ। ਜ਼ਾਲਮ ਕੋਈ ਹੋਵੇ, ਕਿਸੇ ਮਜ਼ਹਬ ਦਾ ਹੋਵੇ, ਕਿਸੇ ਇਲਾਕੇ ਦਾ ਹੋਵੇ, ਅਸੀਂ ਉਸ ਦੀ ਵਿਰੋਧਤਾ ਕਰਾਂਗੇ ਤੇ ਉਹਦਾ ਟਾਕਰਾ ਕਰਾਂਗੇ। ਅਸੀਂ ਚਾਹੁੰਦੇ ਹਾਂ ਕਿ ਹਰ ਇਕ ਨੂੰ ਆਜ਼ਾਦੀ ਨਾਲ ਆਪਣਾ ਜੀਵਨ ਜੀਉਣ ਤੇ ਆਪਣਾ ਧਰਮ ਅਪਨਾਣ ਦੀ ਖੁਲ੍ਹ ਹੋਵੇ। ਕਿਸੇ ਨੂੰ ਸਰਕਾਰੀ ਅਸਰ ਨਾਲ, ਫ਼ੌਜ ਦੇ ਡਰਾਵੇ ਨਾਲ, ਬੰਦੂਕ ਅਗੇ ਖੜਾ ਕਰਕੇ ਜਾਂ ਕਸ਼ਟ ਦੇ ਕੇ ਆਪਣਾ ਧਰਮ ਛੱਡਣ 'ਤੇ ਮਜਬੂਰ ਨਾ ਕੀਤਾ ਜਾਏ। ਜੇ ਅਸੀਂ ਇਸਲਾਮ ਦੇ ਵਿਰੋਧੀ ਹੁੰਦੇ ਤਾਂ ਬਾਬਾ ਫਰੀਦ ਨੂੰ ਕਿਉਂ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਦਿੰਦੇ ? ਸ੍ਰੀ ਦਰਬਾਰ ਸਾਹਿਬ ਦੀ ਨੀਂਹ ਮੀਆਂ ਮੀਰ ਤੋਂ ਕਿਉਂ ਰਖਵਾਂਦੇ ? ਬੁਧੂ ਸ਼ਾਹ ਵਰਗੇ ਸਾਡੀ ਮਦਦ 'ਤੇ ਕਿਉਂ ਆਉਂਦੇ ? ਤੁਹਾਡੀ ਸਰਕਾਰ ਅਸਲ ਗੱਲ ਦਾ ਗਿਆਨ ਤੁਹਾਨੂੰ ਨਹੀਂ ਹੋਣ ਦਿੰਦੀ। ਤੁਸੀਂ ਵੀ ਸਿੱਖਾਂ ਨੂੰ ਮਾਰਨ ਵਿਚ ਫ਼ਖ਼ਰ ਸਮਝਦੇ ਹੋ, ਸਾਨੂੰ ਕਾਫ਼ਰ ਕਹਿੰਦੇ ਹੋ, ਪਰ ਦੇਖ ਲਓ ਸਾਡਾ ਵਰਤਾਓ ਤੇ ਮੁਕਾਬਲਾ ਕਰੋ ਇਹਦਾ ਆਪਣੀ ਸਰਕਾਰ ਦੇ ਵਤੀਰੇ ਨਾਲ, ਜੋ ਸਾਡੇ ਬੱਚਿਆਂ ਤੇ ਜ਼ਨਾਨੀਆਂ ਨੂੰ ਫੜ ਕੇ ਕਤਲ ਕਰ ਰਹੀ ਹੈ ਤੇ ਤਸੀਹੇ ਦੇ ਰਹੀ ਹੈ।"

ਜਥੇਦਾਰ ਨੇ ਇਸ ਤਰ੍ਹਾਂ ਕਾਫ਼ੀ ਲੰਮਾ ਵਖਿਆਨ ਇਸ ਲਈ ਦਿੱਤਾ ਤਾਕਿ ਇਹਨਾਂ ਫ਼ੌਜੀਆਂ ਦੇ ਮਨ 'ਤੇ ਸਿੱਖਾਂ ਬਾਰੇ ਚੰਗਾ ਪ੍ਰਭਾਵ ਪਵੇ ਤੇ ਇਹਨਾਂ ਨੂੰ ਜਦ ਛਡੀਏ ਤਾਂ ਇਹ ਫ਼ੌਜ ਵਿਚ ਜਾ ਕੇ ਸਿੱਖਾਂ ਦੇ ਹੱਕ ਵਿਚ ਪ੍ਰਚਾਰ ਕਰਨ। ਜਥੇਦਾਰ

ਦਾ ਵਿਚਾਰ ਸੀ ਕਿ ਚੰਗੇ ਵਰਤਾਓ ਨਾਲ ਜਿਹੜੇ ਮਨੁੱਖ ਦਾ ਦਿਲ ਜਿੱਤਿਆ ਜਾਏ, ਉਹ ਸਾਰੀ ਉਮਰ ਲਈ ਆਪਣਾ ਹੋ ਜਾਂਦਾ ਏ। ਮੌਤ ਦੇ ਡਰ ਤੇ ਤਲਵਾਰ ਨਾਲ ਕਿਸੇ ਨੂੰ ਝਟ ਲਈ ਪਿਛੇ ਲਾਇਆ ਜਾ ਸਕਦਾ ਹੈ, ਪਰ ਲੋਕਾਂ ਦਾ ਮਨ ਨਹੀਂ ਬਦਲਿਆ ਜਾ ਸਕਦਾ ਤੇ ਜਦ ਤਕ ਮਨ ਨਹੀਂ ਬਦਲਦਾ, ਉਸ ਸਮੇਂ ਤਕ ਕੋਈ ਮਿੱਤਰ ਨਹੀਂ ਸਮਝਿਆ ਜਾ ਸਕਦਾ।

ਮੁਸਲਮਾਨ ਫ਼ੌਜੀਆਂ 'ਤੇ ਇਸ ਗੱਲ ਦਾ ਬੜਾ ਅਸਰ ਪਿਆ। ਇਹ ਜ਼ਬਾਨੀ ਕਹੇ ਜਾਣ ਵਾਲੇ ਵਾਕ ਨਹੀਂ ਸਨ, ਸਗੋਂ ਅਮਲੀ ਤੌਰ 'ਤੇ ਵੀ ਸਿੰਘਾਂ ਦਾ ਵਰਤਾਓ ਇਹੀ ਸਾਬਤ ਕਰ ਰਿਹਾ ਸੀ।

ਜਦ ਇਸ ਪਾਸਿਓਂ ਵੇਹਲੇ ਹੋਏ ਤਾਂ ਸ਼ਹੀਦ ਹੋ ਗਏ ਸਿੰਘਾਂ ਦਾ ਪੂਰੇ ਸਤਿਕਾਰ ਨਾਲ ਸਸਕਾਰ ਕੀਤਾ ਗਿਆ। ਸਾਰਿਆਂ ਨੇ ਬੈਠ ਕੇ ਉਹਨਾਂ ਦੀ ਯਾਦ ਵਿਚ ਪਾਠ ਕੀਤਾ ਤੇ ਫਿਰ ਅਰਦਾਸਾ ਸੋਧਿਆ, ਜਿਸ ਵਿਚ ਪ੍ਰਣ ਕੀਤਾ ਕਿ ਜਦ ਤਕ ਸਾਡੇ ਸਰੀਰਾਂ ਵਿਚ ਖ਼ੂਨ ਦਾ ਆਖ਼ਰੀ ਕਤਰਾ ਵੀ ਚਲਦਾ ਹੈ ਤੇ ਸਾਨੂੰ ਸਵਾਸ ਆ ਰਹੇ ਹਨ, ਉਸ ਸਮੇਂ ਤਕ ਅਸੀਂ ਇਸ ਜ਼ੁਲਮੀ ਰਾਜ ਵਿਰੁੱਧ ਲੜਾਈ ਜਾਰੀ ਰਖਾਂਗੇ।

ਫੱਟੜਾਂ ਨੂੰ ਪਾਣੀ ਪਿਆਂਦੀ ਰੇਸ਼ਮਾ ਵਲ ਜਥੇਦਾਰ ਦੀ ਨਜ਼ਰ ਜਾ ਪਈ ਅਤੇ ਉਸ ਬੁਲਾ ਕੇ ਪੁਛਿਆ, "ਬੀਬੀ, ਤੁਸੀਂ ਕਿਵੇਂ ਆਏ ਹੋ ?"

ਰੇਸ਼ਮਾ ਦੀਆਂ ਅੱਖਾਂ ਵਿਚ ਅੱਥਰੂ ਭਰ ਆਏ ਤੇ ਉਸ ਭਰੇ ਗਲੇ ਨਾਲ ਦਸਿਆ, "ਮੈਂ ਵੀ ਬਹੁਤ ਸਾਰੀਆਂ ਭੈਣਾਂ ਨਾਲ ਪ੍ਰਵਾਰ ਸਮੇਤ ਫੜੀ ਗਈ ਸਾਂ ਤੇ ਫ਼ੌਜ ਸਾਨੂੰ ਲਾਹੌਰ ਲੈ ਗਈ ਸੀ। ਉਥੇ ਸਾਡੀਆਂ ਅੱਖਾਂ ਦੇ ਸਾਹਮਣੇ ਸਾਡੇ ਬੱਚਿਆਂ ਨੂੰ ਤਸੀਹੇ ਦਿਤੇ ਗਏ ਤੇ ਫਿਰ ਉਹਨਾਂ ਦੇ ਟੋਟੇ ਟੋਟੇ ਕਰਕੇ ਸ਼ਹੀਦ ਕੀਤਾ ਗਿਆ। ਭੈਣਾਂ ਨੂੰ ਵੀ ਮਾਰਿਆ, ਕੁਟਿਆ ਤੇ ਕਤਲ ਕੀਤਾ ਜਾ ਰਿਹਾ ਹੈ। ਮੇਰਾ ਆਪਣਾ ਇਕ ਬੱਚਾ ਵੀ ਉਹਨਾਂ ਜ਼ਾਲਮਾਂ ਨੇ ਮਾਰ ਦਿਤਾ ਏ। ਦੂਜੇ ਪੁੱਤਰ ਨੂੰ ਲੈ ਕੇ ਇਕ ਹੋਰ ਭੈਣ ਦੇ ਨਾਲ ਅਸੀਂ ਉਥੋਂ ਨਿਕਲ ਆਏ ਸਾਂ, ਪਰ ਰਾਹ ਵਿਚ ਫਿਰ ਆਪਸ ਵਿਚ ਵੀ ਨਿਖੜ ਗਏ। ਮੈਂ ਬੜੇ ਕਸ਼ਟਾਂ ਨਾਲ ਸ੍ਰੀ ਅੰਮ੍ਰਿਤਸਰ ਪੁਜੀ ਸਾਂ, ਪਰ ਉਥੇ ਵੀ ਕੋਈ ਸਿੰਘ ਨਾ ਮਿਲਿਆ। ਅੱਜ ਅੰਮ੍ਰਿਤ ਵੇਲੇ ਦੋ ਸਿੰਘ ਗਏ ਸਨ ਤੇ ਇਹਨਾਂ ਨਾਲ ਤੁਹਾਡੇ ਪਾਸ ਆ ਗਈ ਹਾਂ। ਮੈਂ ਇਹ ਬੇਨਤੀ ਕਰਨ ਆਈ ਹਾਂ ਕਿ ਜਿਸ ਤਰ੍ਹਾਂ ਵੀ ਹੋਵੇ ਉਹਨਾਂ ਸੈਂਕੜੇ ਭੈਣਾਂ ਤੇ ਬੱਚਿਆਂ ਨੂੰ ਛੁਡਾਣ ਦਾ ਯਤਨ ਕਰੋ, ਜਿਨ੍ਹਾਂ ਨੂੰ ਹਤਿਆਰੇ ਬੜੇ ਨਿਰਦਈ ਹੋ ਕੇ ਮਾਰ ਰਹੇ ਹਨ।" ਰੇਸ਼ਮਾ ਦਾ ਗਲਾ ਇਤਨਾ ਭਰ ਗਿਆ ਕਿ ਉਹ ਅੱਗੋਂ ਬੋਲ ਨਾ ਸਕੀ।

ਜਥੇਦਾਰ ਨੇ ਸਾਰੀ ਗੱਲ ਧਿਆਨ ਨਾਲ ਸੁਣੀ ਤੇ ਕਿਹਾ, "ਸਾਨੂੰ ਪਹਿਲਾਂ ਹੀ ਇਤਲਾਹ ਮਿਲ ਗਈ ਏ ਤੇ ਸਿੰਘਾਂ ਨੇ ਲਾਹੌਰ 'ਤੇ ਚੜ੍ਹਾਈ ਕਰਨ ਦਾ ਫ਼ੈਸਲਾ ਕਰ

ਲਿਆ ਏ। ਇਸ ਬਾਰੇ ਸਾਰੇ ਜਥੇ ਤਿਆਰੀ ਕਰਕੇ ਲਾਹੌਰ ਦੇ ਨੇੜੇ ਪਹੁੰਚ ਰਹੇ ਹਨ। ਅਸੀਂ ਸਾਰੇ ਕਸੂਰ ਨੇੜੇ ਇਕੱਠੇ ਹੋਣ ਲਈ ਵਧ ਰਹੇ ਹਾਂ ਤੇ ਛੇਤੀ ਹੀ ਲਾਹੌਰ 'ਤੇ ਹਮਲਾ ਕੀਤਾ ਜਾਏਗਾ।" ਫਿਰ ਜਥੇਦਾਰ ਨੇ ਇਕ ਸਿੰਘ ਨੂੰ ਸੰਬੋਧਨ ਕਰਦਿਆਂ ਕਿਹਾ, "ਬੀਬੀ ਬੜੀ ਥੱਕੀ ਤੇ ਭੁੱਖੀ ਜਾਪਦੀ ਏ, ਇਸਨੂੰ ਖਾਣ ਲਈ ਕੁਝ ਦਿਓ ਤੇ ਇਹਦੇ ਆਰਾਮ ਦਾ ਪ੍ਰਬੰਧ ਕਰ ਦਿਓ।"

## ੧੯

ਮੀਰ ਮੰਨੂ ਸ਼ਿਕਾਰ ਖੇਡਣ ਲਈ ਚੜ੍ਹਿਆ। ਉਸ ਭਾਵੇਂ ਭਰੇ ਦਰਬਾਰ ਵਿਚ ਕੋਤਵਾਲ ਨੂੰ ਹੁਕਮ ਦਿਤਾ ਸੀ ਕਿ ਉਹਦਾ ਦਿਲ ਉਦਾਸ ਏ ਤੇ ਉਹ ਸ਼ਿਕਾਰ ਖੇਡਣ ਜਾਣਾ ਚਾਹੁੰਦਾ ਹੈ, ਪਰ ਕੋਤਵਾਲ ਜਾਣਦਾ ਸੀ ਕਿ ਇਹ ਸ਼ਿਕਾਰ ਪਸ਼ੂ-ਪੰਛੀਆਂ ਦਾ ਨਹੀਂ, ਸਗੋਂ ਸਿੱਖਾਂ ਦਾ ਖੇਡਿਆ ਜਾਣਾ ਏ, ਇਸ ਲਈ ਉਹਨੇ ਫ਼ੌਜ ਦੀ ਬਹੁ-ਗਿਣਤੀ ਤਾਕਤ ਨਾਲ ਲੈ ਲਈ।

ਸ਼ਹਿਰ ਤੋਂ ਬਾਹਰ ਜਾ ਕੇ ਕੋਤਵਾਲ ਨੇ ਪੁਛਿਆ, "ਜਨਾਬ ਸ਼ਿਕਾਰ ਖੇਡਣ ਕਿਹੜੇ ਪਾਸੇ ਜਾਣਾ ਹੈ?"

"ਦਿੱਸਦਾ ਨਹੀਂ ਤੈਨੂੰ, ਕਿਸ ਪਾਸੇ ਜਾ ਰਹੇ ਹਾਂ।" ਮੀਰ ਮੰਨੂ ਖਿਝ ਕੇ ਬੋਲਿਆ।

"ਮੇਰਾ ਮਤਲਬ ਤਾਂ ਇਹ ਹੈ ਕਿ ਜਨਾਬ ਕਿਸੇ ਪਿੰਡ ਜਾਣਗੇ ਜਾਂ ਕਿਸੇ ਜੰਗਲ ਵਿਚ।" ਕੋਤਵਾਲ ਨੇ ਨਿਮਰਤਾ ਨਾਲ ਕਿਹਾ।

"ਤਾਜਪੁਰ ਦੀ ਪੁਲੀ ਕੋਲ ਇਕ ਖੂਹ 'ਤੇ ਕੁਝ ਸਿੰਘ ਠਹਿਰੇ ਹੋਏ ਨੇ, ਉਥੇ ਕਿਸੇ ਹਿੰਦੂ ਦਾ ਖੂਹ ਏ ਤੇ ਸਿੱਖਾਂ ਦੇ ਕੁਝ ਟੱਬਰ ਉਹਦੇ ਕਮਾਦ ਵਿਚ ਲੁਕੇ ਹੋਏ ਨੇ। ਹੁਣੇ ਮੈਨੂੰ ਇਤਲਾਹ ਮਿਲੀ ਸੀ ਤੇ ਮੈਂ ਸੋਚਿਆ ਅੱਜ ਆਪ ਹੀ ਚੱਲ ਕੇ ਵੇਖੀਏ, ਸਿਖ ਕਿੰਨੇ ਕੁ ਬਹਾਦਰ ਨੇ!" ਮੀਰ ਮੰਨੂ ਨੇ ਕਿਹਾ।

"ਅੱਗੇ ਵੀ ਆਪ ਨੂੰ ਪਤਾ ਈ ਏ; ਅਫ਼ਗਾਨਾਂ ਤੇ ਦੁਰਾਨੀਆਂ ਦੇ ਹਮਲਿਆਂ ਦਾ ਕੌਣ ਟਾਕਰਾ ਕਰਦਾ ਰਿਹਾ ਏ," ਕੋਤਵਾਲ ਨੇ ਕਿਹਾ, "ਹੁਣ ਸੁਣਿਆਂ ਏ ਕਿ ਗੁਜਰਾਂਵਾਲੇ ਵਲ ਕੋਈ ਸਿਖ ਚੜ੍ਹਤ ਸਿੰਘ ਬਹੁਤ ਫ਼ੌਜ ਬਣਾਈ ਫਿਰਦਾ ਏ। ਉਸ

ਗੁਜਰਾਤ ਤੇ ਆਸ ਪਾਸ ਦੇ ਇਲਾਕਿਆਂ ਵਿਚ ਆਪਣੀ ਹਕੂਮਤ ਬਣਾ ਲਈ ਏ।"

"ਸਿੱਖਾਂ ਦਾ ਕੀ ਏ, ਇਹ ਤਾਂ ਹੁਣ ਕਹੀ ਜਾਂਦੇ ਨੇ ਸਾਰਾ ਪੰਜਾਬ ਹੀ ਸਾਡਾ ਏ। ਕਪੂਰ ਸਿੰਘ ਏ ਇਹਨਾਂ ਦਾ ਇਕ ਚੌਧਰੀ, ਉਹਨੂੰ ਘੋੜਿਆਂ ਦੀ ਲਿੱਦ ਚੁਕਦਿਆਂ ਸਿੱਖਾਂ ਨੇ ਲੀਡਰ ਬਣਾ ਲਿਆ ਤੇ ਖ਼ਾਨ ਬਹਾਦਰ ਨੇ ਵੀ ਯਰਕਦਿਆਂ ਉਹਨੂੰ ਨਵਾਬੀ ਦੇ ਦਿਤੀ ਸੀ। ਉਹ ਹੁਣ ਧਮਕੀਆਂ ਪਿਆ ਭੇਜਦਾ ਏ ਕਿ ਸਖ਼ਤੀ ਬੰਦ ਕਰ ਦਿਉ ਨਹੀਂ ਤੇ ਨਿਬੜਾਂਗੇ।" ਮੀਰ ਮੰਨੂ ਨੇ ਕਿਹਾ।

"ਇਕ ਗੱਲ ਤਾਂ ਠੀਕ ਏ ਕਿ ਸਿੰਘ ਮੁਕ ਨਹੀਂ ਸਕਦੇ। ਜਿੰਨੇ ਤੁਸਾਂ ਮਾਰੇ ਨੇ ਉਦੋਂ ਦੂਣੇ ਹੋ ਗਏ ਨੇ। ਇਹ ਠੀਕ ਏ ਕਿ ਅਸਾਂ ਉਹਨਾਂ ਦਾ ਪਿੰਡਾਂ ਵਿਚ ਫਸਤਾ ਮੁਕਾ ਦਿੱਤਾ ਏ, ਪਰ ਉਹ ਤਾਂ ਹੁਣ ਇਲਾਕੇ ਸਾਂਭੀ ਬੈਠੇ ਨੇ। ਮੈਂ ਸੁਣਿਆਂ ਏ ਕਿ ਦੁਆਬੇ ਤੇ ਮਾਲਵੇ ਵਿਚ ਕਹਿੰਦੇ ਫਿਰਦੇ ਨੇ ਕਿ ਸਰਕਾਰ ਨੂੰ ਕੋਈ ਪੈਸਾ ਨਾ ਦਿਓ। ਸਰਕਾਰ ਹੁਣ ਉਹਨਾਂ ਦੀ ਹੋ ਗਈ ਏ।" ਕੋਤਵਾਲ ਨੇ ਕਿਹਾ।

"ਮੈਂ ਇਹਨਾਂ ਨੂੰ ਖ਼ਤਮ ਕਰ ਕੇ ਛੱਡਾਂਗਾ। ਇਕ ਵਾਰ ਹੀ ਨਾਸ਼ ਕਰ ਕੇ ਰੱਖ ਦੇਣਾ ਏਂ।" ਮੀਰ ਮੰਨੂ ਨੇ ਬੜੇ ਹੰਕਾਰ ਨਾਲ ਕਿਹਾ।

ਇਸ ਤਰ੍ਹਾਂ ਸਿੱਖਾਂ ਦੀ ਹਾਲਤ ਤੇ ਵਧਦੀ ਤਾਕਤ ਬਾਰੇ ਗੱਲਾਂ ਕਰਦੇ ਇਹ ਤਾਜਪੁਰ ਆ ਗਏ। ਇਥੋਂ ਦੇ ਚੌਧਰੀ ਨੂੰ ਨਾਲ ਲਿਆ ਤੇ ਪੁਲੀ ਨੇੜੇ ਹਿੰਦੂ ਦੇ ਖੂਹ 'ਤੇ ਚਲੇ ਗਏ।

ਸਿੰਘਾਂ ਨੇ ਕਮਾਦ ਵਿਚ ਆਪਣੇ ਲਈ ਥਾਂ ਬਣਾਈ ਹੋਈ ਸੀ। ਸਰਦੀਆਂ ਦੇ ਦਿਨਾਂ ਵਿਚ ਕਮਾਦ ਵਿਚ ਨਿੱਘ ਨਾਲ ਬਹੁਤੇ ਕਪੜਿਆਂ ਦੀ ਲੋੜ ਨਹੀਂ ਸੀ ਪੈਂਦੀ। ਉਹਨਾਂ ਜਦ ਫ਼ੌਜ ਨੂੰ ਆਪਣੇ ਵਲ ਆਉਂਦਿਆਂ ਦੇਖਿਆ ਤਾਂ ਸਮਝ ਗਏ ਕਿ ਉਹਨਾਂ ਦੀ ਕਿਸੇ ਸ਼ਿਕਾਇਤ ਕੀਤੀ ਹੋਵੇਗੀ, ਜਿਸ ਕਾਰਨ ਉਹਨਾਂ ਨੂੰ ਫੜਨ ਲਈ ਫ਼ੌਜ ਆ ਰਹੀ ਹੈ।

ਇਕ ਸਿੰਘ ਨੇ ਆਪ ਇਕ ਨਵੀਂ ਨਿੱਕੀ ਜਿਹੀ ਤੋਪ ਬਣਾਈ ਸੀ, ਜਿਸ ਵਿਚ ਇਕ ਛੋਟਾ ਜਿਹਾ ਗੋਲਾ ਪੈਂਦਾ ਸੀ। ਇਹ ਢਲਾਈ ਦਾ ਕੰਮ ਆਪ ਜਾਣਦਾ ਸੀ ਤੇ ਉਂਞ ਇਹਦੇ ਵਡੇ ਵਡੇਰੇ ਆਤਸ਼ਬਾਜ਼ੀ ਤੇ ਪਟਾਕੇ ਬਣਾਣ ਦਾ ਕੰਮ ਕੀਤਾ ਕਰਦੇ ਸਨ, ਇਸ ਲਈ ਬਾਰੂਦ ਦੀ ਵੀ ਕਾਫ਼ੀ ਸਮਝ ਸੀ। ਇਸ ਨੇ ਤੋਪ ਲਈ ਅਜਿਹਾ ਗੋਲਾ ਤਿਆਰ ਕੀਤਾ ਸੀ, ਜਿਸ ਦੇ ਚਲਦੇ ਸਾਰ ਗੋਲੇ ਨੂੰ ਅੱਗ ਲੱਗ ਜਾਂਦੀ ਤੇ ਉਹ ਜਿਥੇ ਪੈਂਦਾ, ਉਥੇ ਹੋਰ ਨੁਕਸਾਨ ਕਰਨ ਤੋਂ ਛੁਟ ਅੱਗ ਵੀ ਲਾ ਦੇਂਦਾ। ਇਹ ਤੋਪ ਇੰਨੀ ਛੋਟੀ ਸੀ ਕਿ ਉਹਨੂੰ ਇਕ ਹੱਥ ਨਾਲ ਚੁਕਿਆ ਜਾ ਸਕਦਾ ਸੀ।

ਜਦ ਸਿੰਘਾਂ ਵੇਖਿਆ ਕਿ ਫ਼ੌਜ ਨੇ ਉਹਨਾਂ ਦੇ ਕਮਾਦ ਦੇ ਖੇਤ ਦੇ ਚੁਫੇਰੇ ਘੇਰਾ

ਪਾ ਲਿਆ ਹੈ ਤਾਂ ਤੋਪ ਵਾਲੇ ਸਿੰਘ ਨੇ ਇਕ ਗੋਲਾ ਤੋਪ ਵਿਚ ਪਾ ਕੇ ਤੋਪ ਚਲਾ ਦਿੱਤੀ। ਤੋਪ ਦਾ ਗੋਲਾ ਮੀਰ ਮੰਨੂ ਤੋਂ ਇਕ ਗਜ਼ ਦੀ ਵਿਥ 'ਤੇ ਉਹਦੇ ਅਗਲੇ ਪਾਸੇ ਡਿੱਗਾ। ਜੇਕਰ ਇਕ ਗਜ਼ ਹੋਰ ਮਾਰ ਕਰਦਾ ਤਾਂ ਉਹ ਮੀਰ ਮੰਨੂ ਨੂੰ ਵਜਣਾ ਸੀ। ਜਦ ਗੋਲਾ ਡਿੱਗਾ ਤਾਂ ਉਹਦੇ ਫੱਟਣ ਦੀ ਆਵਾਜ਼ ਦੇ ਨਾਲ ਹੀ ਅੱਗ ਨਿਕਲੀ। ਮੀਰ ਮੰਨੂ ਦਾ ਘੋੜਾ ਤ੍ਰਬਕ ਕੇ ਪਿੱਛੇ ਨੂੰ ਨੱਸ ਪਿਆ। ਮੀਰ ਮੰਨੂ ਘੋੜੇ ਤੋਂ ਡਿੱਗ ਪਿਆ, ਪਰ ਉਹਦਾ ਇਕ ਪੈਰ ਰਕਾਬ ਵਿਚ ਫਸ ਗਿਆ। ਘੋੜਾ ਹੋਰ ਡਰ ਗਿਆ ਤੇ ਜ਼ੋਰ ਨਾਲ ਨੱਸਣ ਲੱਗ ਪਿਆ। ਕਈ ਮੀਲਾਂ ਤਕ ਮੀਰ ਮੰਨੂ ਨੂੰ ਉਹਦੇ ਨਾਲ ਘਸੀਟਦਾ ਗਿਆ। ਘੋੜਾ ਖੇਤਾਂ, ਵੱਟੇ, ਬੰਨੇ ਤੇ ਝਾੜੀਆਂ ਟਪਦਾ ਗਿਆ। ਮੀਰ ਮੰਨੂ ਦਾ ਸਾਰਾ ਮੂੰਹ ਛਿੱਲਿਆ ਗਿਆ। ਉਸ ਦੀਆਂ ਚੀਕਾਂ ਦੀ ਕੁਝ ਮਿੰਟ ਤਾਂ ਆਵਾਜ਼ ਆਈ, ਫਿਰ ਬੰਦ ਹੋ ਗਈ। ਬੜਾ ਤੜਫਿਆ, ਪਰ ਪੈਰ ਰਕਾਬ ਵਿਚੋਂ ਨਾ ਨਿਕਲ ਸਕਿਆ।

ਲਾਹੌਰ ਦੇ ਨੇੜੇ ਆ ਕੇ ਘੋੜਾ ਹਫ ਕੇ ਖੜਾ ਹੋ ਗਿਆ। ਇਕ ਛੱਪੜ 'ਤੇ ਪਾਣੀ ਪੀਣ ਲਈ ਘੋੜਾ ਰੁਕਿਆ ਤੇ ਇਥੇ ਆ ਕੇ ਮੀਰ ਮੰਨੂ ਦਾ ਪੈਰ ਰਕਾਬ ਵਿਚੋਂ ਨਿਕਲਿਆ। ਇਸ ਸਮੇਂ ਤਕ ਨੱਕ ਸਾਰਾ ਘਸੀਟਦਿਆਂ ਵਢਿਆ ਗਿਆ, ਦੰਦ ਟੁਟ ਗਏ ਤੇ ਸਾਰਾ ਮੂੰਹ ਲਹੂ-ਲੁਹਾਨ ਹੋ ਗਿਆ।

ਜਦ ਮੀਰ ਮੰਨੂ ਦਾ ਘੋੜਾ ਨਸਿਆ ਤੇ ਉਹ ਉਸ ਤੋਂ ਡਿਗ ਕੇ ਨਾਲ ਘਸੀਟਿਆ ਜਾਣ ਲੱਗਾ ਤਾਂ ਉਹਦੀ ਫ਼ੌਜ ਸਮੇਤ ਕੋਤਵਾਲ ਪਿਛੇ ਮੁੜ ਪਿਆ। ਸਿੱਖਾਂ ਦਾ ਖ਼ਿਆਲ ਛੱਡ ਕੇ ਪਹਿਲਾਂ ਮੀਰ ਮੰਨੂ ਨੂੰ ਬਚਾਣ ਦਾ ਫ਼ਿਕਰ ਪੈ ਗਿਆ। ਘੋੜਾ ਇਤਨਾ ਤੇਜ਼ ਆ ਰਿਹਾ ਸੀ ਕਿ ਉਹ ਉਹਨਾਂ ਦੇ ਕਾਬੂ ਨਾ ਆਇਆ। ਜਦ ਘੋੜਾ ਆਪੇ ਖੜਾ ਹੋ ਗਿਆ ਤਾਂ ਉਹ ਵੀ ਪਹੁੰਚ ਗਏ। ਉਹਨਾਂ ਜਦ ਮੀਰ ਮੰਨੂ ਦਾ ਸਰੀਰ ਵੇਖਿਆ ਤਾਂ ਉਹ ਮਰ ਚੁਕਿਆ ਸੀ। ਮੂੰਹ ਦਾ ਹੁਲੀਆ ਇਤਨਾ ਵਿਗੜ ਗਿਆ ਸੀ ਕਿ ਉਹਦੀ ਕੋਈ ਪਛਾਣ ਨਹੀਂ ਸੀ ਰਹੀ। ਸਿਰਫ਼ ਕਪੜਿਆਂ ਤੋਂ ਹੀ ਪਛਾਣਿਆ ਜਾ ਸਕਦਾ ਸੀ ਕਿ ਇਹ ਮੀਰ ਮੰਨੂ ਦਾ ਸਰੀਰ ਏ।

ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ। ਅੱਗ ਵਾਂਗ ਇਹ ਖ਼ਬਰ ਲੋਕਾਂ ਵਿਚ ਖਿਲਰ ਗਈ ਕਿ ਮੀਰ ਮੰਨੂ ਮਰ ਗਿਆ। ਧੜਾ ਧੜ ਲੋਕੀਂ ਉਸ ਪਾਸੇ ਜਾਣੇ ਸ਼ੁਰੂ ਹੋ ਗਏ। ਸ਼ਾਮ ਤਕ ਬਹੁਤ ਸਾਰੀ ਗਿਣਤੀ ਵਿਚ ਲੋਕ ਉਥੇ ਪੁੱਜ ਗਏ। ਫ਼ੌਜ ਦਾ ਚਾਰ-ਚੁਫੇਰੇ ਪਹਿਰਾ ਲਾ ਦਿੱਤਾ ਗਿਆ ਤਾਕਿ ਕੋਈ ਨੇੜੇ ਨਾ ਜਾ ਸਕੇ।

ਮੀਰ ਮੰਨੂ ਨੇ ਕਈ ਮਹੀਨਿਆਂ ਤੋਂ ਫ਼ੌਜ ਨੂੰ ਤਨਖ਼ਾਹ ਨਹੀਂ ਸੀ ਦਿੱਤੀ, ਜਿਸ ਕਾਰਨ ਫ਼ੌਜ ਵਿਚ ਬੜੀ ਬੇਚੈਨੀ ਸੀ। ਫ਼ੌਜ ਦੇ ਇਕ ਦਸਤੇ ਦੇ ਮੁਖੀਏ ਨੇ ਸੋਚਿਆ ਕਿ ਮੀਰ ਮੰਨੂ ਦਾ ਪੁੱਤਰ ਬਹੁਤ ਛੋਟਾ ਹੈ, ਇਸ ਲਈ ਪਤਾ ਨਹੀਂ ਕੌਣ ਗੱਦੀ 'ਤੇ

ਬੈਠੇਗਾ। ਉਹ ਸਾਡੀਆਂ ਤਨਖ਼ਾਹਾਂ ਦੇ ਬਕਾਏ ਦਏਗਾ ਕਿ ਨਹੀਂ, ਇਸ ਲਈ ਹੁਣ ਅਜਿਹਾ ਪ੍ਰਬੰਧ ਕਰਨਾ ਚਾਹੀਦਾ ਹੈ ਕਿ ਤਨਖ਼ਾਹਾਂ ਦੇ ਬਕਾਏ ਮਿਲ ਜਾਣ।

ਕੁਝ ਫ਼ੌਜੀ ਮੁਖੀਆਂ ਨੇ ਹੋਰ ਫ਼ੌਜੀ ਦਸਤਿਆਂ ਦੇ ਮੁਖੀਆਂ ਨਾਲ ਵੀ ਸਲਾਹ ਕੀਤੀ। ਫ਼ੈਸਲਾ ਹੋ ਗਿਆ ਕਿ ਮੀਰ ਮੰਨੂ ਦੀ ਲਾਸ਼ 'ਤੇ ਕਬਜ਼ਾ ਕਰ ਲਿਆ ਜਾਏ ਤੇ ਉਸ ਸਮੇਂ ਤਕ ਉਸ ਦੀ ਬੇਗਮ ਨੂੰ ਲਾਸ਼ ਨਾ ਦਿੱਤੀ ਜਾਏ ਜਦ ਤਕ ਕਿ ਤਨਖ਼ਾਹਾਂ ਦੇ ਬਕਾਏ ਨਹੀਂ ਮਿਲ ਜਾਂਦੇ।

ਬੇਗਮ ਨੂੰ ਵੀ ਪਤਾ ਲੱਗ ਗਿਆ। ਉਹ ਪਹਿਲਾਂ ਤਾਂ ਝਟ ਉਥੇ ਰੋਂਦੀ ਪਿਟਦੀ ਰਹੀ ਤੇ ਫੇਰ ਕੁਝ ਨੌਕਰਾਣੀਆਂ ਨੂੰ ਨਾਲ ਲੈ ਕੇ ਮੌਕੇ 'ਤੇ ਪਹੁੰਚ ਗਈ। ਫ਼ੌਜੀ ਦਸਤੇ ਨੇ ਉਹਨੂੰ ਲਾਸ਼ ਦੇ ਨੇੜੇ ਨਾ ਜਾਣ ਦਿੱਤਾ। ਜਦ ਬੇਗਮ ਨੇ ਪੁਛਿਆ ਤਾਂ ਇਕ ਫ਼ੌਜੀ ਨੇ ਸਾਫ਼ ਕਿਹਾ, "ਸਾਡੀਆਂ ਤਿੰਨ ਮਹੀਨੇ ਦੀਆਂ ਤਨਖ਼ਾਹਾਂ ਬਾਕੀ ਰਹਿੰਦੀਆਂ ਹਨ, ਉਹ ਪਹਿਲਾਂ ਦਿਓ ਫਿਰ ਲਾਸ਼ ਤੁਹਾਡੇ ਹਵਾਲੇ ਕੀਤੀ ਜਾਏਗੀ।"

ਬੇਗਮ ਹੈਰਾਨ ਹੋ ਗਈ। ਉਹਨੂੰ ਉੱਕੀ ਆਸ ਨਹੀਂ ਸੀ ਕਿ ਫ਼ੌਜ ਇਸ ਤਰ੍ਹਾਂ ਬਾਗ਼ੀ ਹੋ ਜਾਏਗੀ। ਉਹਨੇ ਦੂਜੇ ਫ਼ੌਜੀ ਮੁਖੀਆਂ ਵਲ ਦੇਖਿਆ। ਉਹਨਾਂ ਦੇ ਚਿਹਰਿਆਂ ਤੋਂ ਹੀ ਉਹਨੂੰ ਯਕੀਨ ਹੋ ਗਿਆ, ਇਹ ਵੀ ਸਾਰੇ ਇਨ੍ਹਾਂ ਨਾਲ ਮਿਲੇ ਹੋਏ ਹਨ ਤੇ ਸਾਰਿਆਂ ਰਲ ਕੇ ਸਾਜ਼ਸ਼ ਕੀਤੀ ਏ। ਉਹਨੇ ਬੁਰਕੇ ਵਿਚੋਂ ਹੀ ਇਕ ਨਜ਼ਰ ਫੇਰ ਮਾਰੀ ਤੇ ਹਿੰਮਤ ਕਰਕੇ ਹੋਰ ਇਕ ਦੋ ਫ਼ੌਜੀ ਮੁਖੀਆਂ ਪਾਸ ਗਈ ਤਾਕਿ ਉਹਦੇ ਪਤੀ ਦੀ ਲਾਸ਼ ਦੇ ਦਿੱਤੀ ਜਾਏ ਅਤੇ ਸ਼ਾਹੀ ਸਨਮਾਨ ਦੇ ਨਾਲ ਦਫ਼ਨਾਇਆ ਜਾਏ। ਸਾਰਿਆਂ ਨੇ ਸਿਰ ਮਾਰ ਦਿੱਤਾ। ਅਖ਼ੀਰ ਨਿਰਾਸ਼ ਹੋ ਕੇ ਉਹਨੇ ਜ਼ਬਰਦਸਤੀ ਅਗੇ ਵਧਣ ਦਾ ਯਤਨ ਕੀਤਾ। ਫ਼ੌਜੀਆਂ ਨੇ ਰੋਕ ਲਿਆ ਤੇ ਸਾਫ਼ ਕਿਹਾ, "ਜੇ ਅੱਗੇ ਵਧੇ ਤਾਂ ਬੇਇੱਜ਼ਤੀ ਕਰ ਦਿਤੀ ਜਾਏਗੀ। ਅਸਾਂ ਇਹ ਪੱਕਾ ਫ਼ੈਸਲਾ ਕੀਤਾ ਹੋਇਆ ਏ ਕਿ ਜਦ ਤਕ ਤਨਖ਼ਾਹਾਂ ਨਹੀਂ ਮਿਲਦੀਆਂ, ਲਾਸ਼ ਨਹੀਂ ਦਿੱਤੀ ਜਾਏਗੀ।"

ਬੇਗਮ ਨੇ ਪਿੱਟਣਾ ਸ਼ੁਰੂ ਕਰ ਦਿੱਤਾ। ਉਹਦੇ ਨਾਲ ਆਈਆਂ ਇਕ ਦੋ ਹੋਰ ਜ਼ਨਾਨੀਆਂ ਨੇ ਫ਼ੌਜੀਆਂ ਨੂੰ ਕਿਹਾ, "ਇਹ ਵੇਲਾ ਤਨਖ਼ਾਹ ਮੰਗਣ ਦਾ ਨਹੀਂ। ਇਸ ਵੇਲੇ ਤਾਂ ਤੁਹਾਨੂੰ ਸਾਰਿਆਂ ਨੂੰ ਸੋਗ ਮਨਾਉਣਾ ਚਾਹੀਦਾ ਹੈ ਅਤੇ ਪਹਿਲਾਂ ਮੀਰ ਸਾਹਿਬ ਨੂੰ ਕਿਲ੍ਹੇ ਵਿਚ ਲੈ ਚਲੋ ਅਤੇ ਫਿਰ ਤੁਹਾਨੂੰ ਤਨਖ਼ਾਹਾਂ ਵੀ ਮਿਲ ਜਾਣਗੀਆਂ।" ਫ਼ੌਜੀਆਂ ਨੇ ਸਾਫ਼ ਜੁਆਬ ਦੇ ਦਿੱਤਾ, ਜਿਸ ਕਰਕੇ ਮਾਯੂਸ ਹੋ ਕੇ ਬੇਗਮ ਵਾਪਸ ਕਿਲ੍ਹੇ ਵਿਚ ਪਰਤ ਆਈ। ਇਕ ਤਾਂ ਉਹਨਾਂ ਨੂੰ ਮੀਰ ਸਾਹਿਬ ਦੀ ਮੌਤ ਦਾ ਦੁੱਖ ਲੱਗਾ ਅਤੇ ਦੂਜਾ ਉਹਦੀ ਲਾਸ਼ ਨਾ ਮਿਲ ਸਕਣ 'ਤੇ ਬੜਾ ਅਫ਼ਸੋਸ ਹੋਇਆ। ਉਹਨੂੰ ਇਹ ਮਹਿਸੂਸ ਹੋਣ ਲੱਗ ਪਿਆ ਕਿ ਫ਼ੌਜ ਜ਼ਰੂਰ ਕਿਸੇ ਦੀ ਸ਼ਹਿ 'ਤੇ ਬਾਗ਼ੀ ਹੋਈ ਹੈ। ਉਹ ਕਿਹੜਾ

ਆਦਮੀ ਹੋ ਸਕਦਾ ਏ ਜੋ ਫ਼ੌਜ ਤੋਂ ਬਗ਼ਾਵਤ ਕਰਾ ਕੇ ਇਹ ਪਦਵੀ ਖੋਹਣੀ ਚਾਹੁੰਦਾ ਹੈ।

ਦੋ ਦਿਨ ਫ਼ੌਜ ਨੇ ਮੀਰ ਮੰਨੂ ਦੀ ਲਾਸ਼ ਨਾ ਦਿੱਤੀ। ਮਰਨ ਤੋਂ ਪਹਿਲਾਂ ਝਰੀਟਾਂ ਪੈਣ ਨਾਲ ਲਹੂ ਵਗ ਰਿਹਾ ਸੀ ਤੇ ਮਰਨ ਵੇਲੇ ਉਹਦਾ ਸਾਰਾ ਸਰੀਰ ਜ਼ਖ਼ਮੀ ਸੀ। ਇਸ ਤਰ੍ਹਾਂ ਛੇਤੀ ਹੀ ਉਹਦਾ ਸਰੀਰ ਬਦਬੂ ਛੱਡਣ ਲੱਗ ਪਿਆ। ਉਹਦੇ ਕੋਲੋਂ ਇਤਨੀ ਸੜਹਾਂਦ ਆਉਣ ਲੱਗ ਪਈ ਕਿ ਫ਼ੌਜੀ ਵੀ ਬਹੁਤ ਦੂਰ ਹੋ ਗਏ। ਉਹਨਾਂ ਨੂੰ ਇਹ ਪੱਕਾ ਯਕੀਨ ਸੀ ਕਿ ਬੇਗਮ ਆਪਣਾ ਸਾਰਾ ਸੋਨਾ ਵੇਚ ਕੇ ਵੀ ਸਾਰੀ ਤਨਖ਼ਾਹ ਮੁਕਾਏਗੀ। ਇਸੇ ਆਸ ਉੱਤੇ ਉਹ ਬਦਬੂ ਛੱਡਦੀ ਲਾਸ਼ ਉੱਤੇ ਵੀ ਪਹਿਰਾ ਦਿੰਦੇ ਰਹੇ।

ਤੀਸਰੇ ਦਿਨ ਬੇਗਮ ਨੇ ਆਪਣੀਆਂ ਕਈ ਕੀਮਤੀ ਚੀਜ਼ਾਂ ਵੇਚੀਆਂ ਅਤੇ ਤਨਖ਼ਾਹ ਦੇ ਕੇ ਮੀਰ ਮੰਨੂ ਦੀ ਲਾਸ਼ ਪ੍ਰਾਪਤ ਕੀਤੀ। ਉਸ ਵੇਲੇ ਸਵਾਏ ਕੁਝ ਕੁ ਸੰਬੰਧੀਆਂ ਦੇ, ਜਿਹੜੇ ਆਏ ਹੋਏ ਸਨ, ਨੇ ਬਿਨਾਂ ਸ਼ਾਹੀ ਸਨਮਾਨ ਦੇ ਮੀਰ ਮੰਨੂ ਦੀ ਲਾਸ਼ ਨੂੰ ਦਫ਼ਨਾ ਦਿੱਤਾ।

ਸਿੰਘਾਂ ਨੂੰ ਮੀਰ ਮੰਨੂ ਦੀ ਮੌਤ ਦਾ ਓਦੋਂ ਪਤਾ ਲੱਗਾ ਜਦੋਂ ਉਹ ਸਾਰੇ ਕਸੂਰ ਦੇ ਨੇੜੇ ਜੰਗਲ ਵਿਚ ਇਕੱਠੇ ਹੋ ਰਹੇ ਸਨ, ਇਸ ਲਈ ਝਟਪਟ ਸਾਰਾ ਪ੍ਰੋਗਰਾਮ ਬਣਾ ਕੇ ਦੂਜੇ ਦਿਨ ਹੀ ਲਾਹੌਰ 'ਤੇ ਚੜ੍ਹਾਈ ਕਰ ਦਿੱਤੀ।

ਸ਼ਹਿਰ ਤੋਂ ਕੁਝ ਬਾਹਰ ਹੀ ਸੂਹੀਆ ਮਿਲ ਗਿਆ, ਜੋ ਭੇਸ ਵਟਾ ਕੇ ਸ਼ਹਿਰ ਦੀ ਹਾਲਤ ਦਾ ਅਨੁਮਾਨ ਲਾਉਣ ਲਈ ਸਿੰਘਾਂ ਨੇ ਭੇਜਿਆ ਹੋਇਆ ਸੀ, ਉਸ ਦਸਿਆ ਕਿ ਤਿੰਨ ਦਿਨ ਮੀਰ ਮੰਨੂ ਦੀ ਲਾਸ਼ ਪਈ ਰਹੀ, ਪਰ ਫ਼ੌਜ ਨੇ ਦਫ਼ਨਾਉਣ ਨਹੀਂ ਦਿੱਤੀ। ਅੱਜ ਹੀ ਬੇਗਮ ਨੇ ਤਨਖ਼ਾਹ ਦੇ ਕੇ ਫ਼ੌਜ ਤੋਂ ਲਾਸ਼ ਪ੍ਰਾਪਤ ਕੀਤੀ ਹੈ। ਉਹਨੇ ਇਹ ਦੱਸਿਆ ਕਿ ਇਸ ਤੋਂ ਅਗੋਂ ਲਾਹੌਰ ਦੀ ਹਕੂਮਤ ਸੰਭਾਲਣ ਲਈ ਕਈ ਆਦਮੀ ਭੱਜ ਦੌੜ ਕਰ ਰਹੇ ਨੇ, ਇਸ ਲਈ ਹੁਣ ਸਾਡੇ ਲਈ ਢੁਕਵਾਂ ਸਮਾਂ ਹੈ, ਅਸੀਂ ਥੋੜ੍ਹੀ ਜਿਹੀ ਹਿੰਮਤ ਕਰਕੇ ਜਿੱਤ ਸਕਦੇ ਹਾਂ।

ਸਿੰਘਾਂ ਨੇ ਦਿੱਲੀ ਦਰਵਾਜ਼ੇ ਵਾਲੇ ਪਾਸਿਓਂ ਹੱਲਾ ਬੋਲਿਆ ਤੇ ਝਟਪਟ ਉਸ ਹਾਤੇ ਵਿਚ ਜਾ ਪਹੁੰਚੇ, ਜਿਥੇ ਸੈਂਕੜੇ ਜ਼ਨਾਨੀਆਂ ਤੇ ਬੱਚੇ ਕੈਦ ਕੀਤੇ ਹੋਏ ਸਨ। ਉਥੇ ਪਹਿਰਾ ਦੇਣ ਵਾਲਿਆਂ ਫ਼ੌਜੀਆਂ ਨੇ ਬਾਹਰਲਾ ਵੱਡਾ ਦਰਵਾਜ਼ਾ ਬੰਦ ਕਰ ਲਿਆ, ਜਿਸ ਕਾਰਨ ਸਿੰਘ ਕੰਧ ਵਿਚ ਪਾੜ ਪਾ ਕੇ ਅੰਦਰ ਲੰਘ ਗਏ। ਲਾਹੌਰ ਵਿਚ ਪਿਛਲੇ ਦੋ ਤਿੰਨ ਦਿਨ ਮੀਰ ਮੰਨੂ ਦੀ ਮੌਤ ਤੇ ਬੇਗਮ ਦੇ ਝਗੜੇ ਕਾਰਨ ਸਾਰਾ ਪ੍ਰਬੰਧ ਟੁੱਟਾ ਪਿਆ ਸੀ, ਇਸੇ ਲਈ ਕਸੂਰ ਨੇੜੇ ਸਿੰਘਾਂ ਦੇ ਇਕੱਠੇ ਹੋਣ ਦਾ ਵੀ ਪਤਾ ਨਾ ਲੱਗਾ।

ਅਚਨਚੇਤ ਹਮਲੇ ਦੀ ਖ਼ਬਰ ਮਿਲਦਿਆਂ ਸ਼ਾਹੀ ਫ਼ੌਜ ਦਾ ਇਕ ਦਸਤਾ, ਜੋ ਕਿਲ੍ਹੇ ਵਿਚ ਹਰ ਸਮੇਂ ਤਿਆਰ ਰਹਿੰਦਾ ਸੀ, ਭੇਜ ਦਿੱਤਾ ਗਿਆ।

ਫ਼ੌਜ ਦੇ ਪੁੱਜਣ ਤਕ ਸਿੰਘਾਂ ਦਾ ਉਸ ਹਾਤੇ 'ਤੇ ਕਬਜ਼ਾ ਹੋ ਚੁਕਿਆ ਸੀ, ਇਸ ਲਈ ਸਿੰਘਾਂ ਦਾ ਮੁਕਾਬਲਾ ਸੌਖਾ ਨਹੀਂ ਸੀ ਰਿਹਾ। ਜਦ ਫ਼ੌਜੀ ਦਸਤਾ ਸਿੰਘਾਂ ਵੱਲ ਵਧਿਆ ਤਾਂ ਅਗੋਂ ਇਕੋ ਸਾਰ ਗੋਲੀਆਂ ਚੱਲੀਆਂ। ਫ਼ੌਜ ਨੂੰ ਮਜਬੂਰ ਹੋ ਕੇ ਪਿਛੇ ਹਟਣਾ ਪਿਆ।

ਇਸ ਹਮਲੇ ਤੇ ਗੋਲੀਆਂ ਚੱਲਣ ਨਾਲ ਸਾਰੇ ਲਾਹੌਰ ਵਿਚ ਹਿਲਜੁਲ ਮੱਚ ਗਈ। ਝਟਪਟ ਹੀ ਸਾਰੇ ਦੁਕਾਨਦਾਰਾਂ ਨੇ ਹੱਟੀਆਂ ਸਾਂਭੀਆਂ ਤੇ ਬਾਜ਼ਾਰ ਖ਼ਾਲੀ ਹੋ ਗਏ। ਆਮ ਲੋਕੀਂ ਵੀ ਘਰਾਂ ਵਿਚ ਵੜ ਗਏ।

ਸਿੰਘਾਂ ਨੇ ਮਹਿਸੂਸ ਕੀਤਾ ਕਿ ਫ਼ੌਜ ਦੇ ਪਿਛੇ ਹਟਣ ਵਿਚ ਜ਼ਰੂਰ ਕੋਈ ਭੇਦ ਵਾਲੀ ਗੱਲ ਹੈ। ਹੋ ਸਕਦਾ ਹੈ ਕਿ ਉਹ ਫ਼ੌਜੀ ਤੋਪਖ਼ਾਨਾ ਲੈ ਆਏ। ਫਿਰ ਇਸ ਹਾਤੇ ਵਿਚ ਰਹਿਣਾ ਖ਼ਤਰਨਾਕ ਹੋ ਜਾਏਗਾ, ਇਸ ਲਈ ਹੁਣੇ ਹੀ ਹਮਲਾ ਕਰਕੇ ਸ਼ਹਿਰ ਤੋਂ ਨਿਕਲ ਜਾਣਾ ਚਾਹੀਦਾ ਹੈ।

ਸਿੰਘਾਂ ਨੇ ਦੋ ਤਿੰਨ ਥਾਂ ਕੰਧਾਂ ਵਿਚ ਪਾੜ ਪਾਏ ਹੋਏ ਸਨ ਤੇ ਇਕ ਵੱਡਾ ਦਰਵਾਜ਼ਾ ਸੀ। ਸਾਰੇ ਘੋੜ-ਸਵਾਰ ਸਿੰਘਾਂ ਨੇ ਇਕ ਇਕ ਜ਼ਨਾਨੀ ਜਾਂ ਬੱਚੇ ਨੂੰ ਆਪਣੇ ਪਿਛੇ ਬਿਠਾ ਲਿਆ ਤੇ ਇਸ ਤਰ੍ਹਾਂ ਸਾਰੇ ਘੋੜਿਆਂ 'ਤੇ ਸਵਾਰ ਹੋ ਗਏ।

ਜਥੇਦਾਰ ਸਾਰਿਆਂ ਤੋਂ ਅਗੇ ਹੋ ਗਏ। 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਲਾਂਦੇ ਸਾਰੇ ਰਸਤਿਆਂ ਤੋਂ ਹਾਤੇ ਵਿਚੋਂ ਨਿਕਲੇ। ਇਸ ਅਚਨਚੇਤ ਹਮਲੇ ਦੀ ਫ਼ੌਜ ਨੂੰ ਸੰਭਾਵਨਾ ਨਹੀਂ ਸੀ। ਫ਼ੌਜ ਸੱਚਮੁੱਚ ਹੀ ਤੋਪਖ਼ਾਨੇ ਦੀ ਉਡੀਕ ਵਿਚ ਹਾਤੇ ਤੋਂ ਕੁਝ ਹਟਵੀਂ ਇਕ ਚੌਕ ਵਿਚ ਖੜੀ ਸੀ।

ਜਦ ਸਿੰਘ ਜੈਕਾਰੇ ਛੱਡਦੇ ਬਾਹਰ ਨਿਕਲੇ ਤਾਂ ਉਹਨਾਂ ਹਥਿਆਰ ਸਿੱਧੇ ਕਰ ਲਏ। ਸਿੰਘ ਪੰਥਕ ਜੋਸ਼ ਵਿਚ ਇਸ ਤਰ੍ਹਾਂ ਪਏ ਜਿਵੇਂ ਬਾਜ਼ ਸ਼ਿਕਾਰ ਨੂੰ ਪੈਂਦਾ ਹੈ।

ਵੱਢਾ ਟੁੱਕੀ ਸ਼ੁਰੂ ਹੋ ਗਈ। ਝਟ ਪਲ ਵਿਚ ਬਾਜ਼ਾਰ ਲਹੂ ਨਾਲ ਲਾਲ ਹੋ ਗਿਆ। ਚੌਕ ਵਿਚ ਲਾਸ਼ਾਂ ਦੇ ਢੇਰ ਲੱਗ ਗਏ। ਬੜਾ ਦਰਦਨਾਕ ਦ੍ਰਿਸ਼ ਬਣ ਗਿਆ। ਸਿਰ ਤੋਂ ਬਿਨਾਂ ਧੜ ਤੜਫ਼ ਰਹੇ ਸਨ। ਲੱਤਾਂ ਬਾਹਵਾਂ ਵੱਢੇ ਜ਼ਖ਼ਮੀ ਪਏ ਕੁਰਲਾ ਰਹੇ ਸਨ ਤੇ ਲੜਨ ਵਾਲੇ ਸੂਰਬੀਰਾਂ ਦੇ ਘੋੜੇ ਉਹਨਾਂ ਦੀਆਂ ਛਾਤੀਆਂ 'ਤੇ ਸੁੰਮ ਧਰ ਕੇ ਦੂਜੇ ਦੀ ਜਾਨ ਲੈਣ ਲਈ ਅੱਗੇ ਕਦਮ ਪੁੱਟ ਰਹੇ ਸਨ।

ਫ਼ੌਜ ਵੀ ਇਹ ਸਮਝਦੀ ਸੀ ਕਿ ਜੇਕਰ ਅੱਜ ਸਿੱਖਾਂ ਤੋਂ ਹਾਰ ਖਾ ਗਈ ਤਾਂ ਪੰਜਾਬ 'ਤੇ ਸਿੱਖਾਂ ਦਾ ਹੀ ਰਾਜ ਹੋਵੇਗਾ। ਫਿਰ ਲਾਹੌਰ ਦੀ ਹਕੂਮਤ ਦਿੱਲੀ ਜਾਂ ਕਾਬਲ ਵਾਲੇ ਮੁਸਲਮਾਨ ਕਾਬੂ ਵਿਚ ਨਹੀਂ ਰੱਖ ਸਕਣਗੇ।

ਸਿੰਘ ਉਂਜ ਤਾਂ ਭਾਵੇਂ ਇਸ ਲੜਾਈ ਦਾ ਢਾਈ ਫਟਾਂ ਵਿਚ ਹੀ ਫ਼ੈਸਲਾ ਕਰ

ਲੈਂਦੇ, ਪਰ ਹਰ ਸਿੰਘ ਦੇ ਪਿਛੇ ਘੋੜੇ 'ਤੇ ਇਕ ਇਕ ਜ਼ਨਾਨੀ ਜਾਂ ਬੱਚਾ ਸੀ ਤੇ ਉਹਦਾ ਹੱਥ ਪੂਰੀ ਫੁਰਤੀ ਨਾਲ ਕੰਮ ਕਰਨ ਤੋਂ ਰੋਕਦਾ ਸੀ, ਪਰ ਫਿਰ ਵੀ ਸਿੰਘਾਂ ਨੇ ਆਪਣੀ ਸਾਰੀ ਸ਼ਕਤੀ ਤੇ ਬਹਾਦਰੀ ਨਾਲ ਅਜਿਹੀ ਤਲਵਾਰ ਚਲਾਈ ਕਿ ਫ਼ੌਜ ਦੇ ਪੈਰ ਉਖੜ ਗਏ।

ਫ਼ੌਜ ਵਿਚੋਂ ਜਦੋਂ ਕੁਝ ਜਵਾਨਾਂ ਦੇ ਪੈਰ ਪਿਛੇ ਪੈਣ ਤਾਂ ਬਾਕੀਆਂ ਦੇ ਹੌਂਸਲੇ ਟੁੱਟ ਜਾਂਦੇ ਹਨ। ਸਰਕਾਰੀ ਫ਼ੌਜ ਦੇ ਕੁਝ ਜਵਾਨ ਜਾਨ ਬਚਾਣ ਲਈ ਜਦ ਖਿਸਕੇ ਤਾਂ ਬਾਕੀ ਫ਼ੌਜ ਮੈਦਾਨ ਵਿਚੋਂ ਨੱਠ ਉੱਠੀ।

ਸਿੰਘਾਂ ਲਈ ਰਾਹ ਸਾਫ਼ ਹੋ ਗਿਆ। ਤੋਪਖ਼ਾਨੇ ਦੇ ਆਉਣ ਤਕ ਸਿੰਘ ਸ਼ਹਿਰ ਵਿਚੋਂ ਬਾਹਰ ਚਲੇ ਜਾਣਾ ਚਾਹੁੰਦੇ ਸਨ, ਪਰ ਜਦ ਇਸ ਝੜਪ ਤੋਂ ਫ਼ਤਹਿ ਪਾ ਕੇ ਬਾਹਰ ਨੂੰ ਟੁਰੇ, ਰਾਹ ਵਿਚ ਹੀ ਕੋਤਵਾਲੀ ਆ ਗਈ।

ਗੁਲਾਬ ਸਿੰਘ ਨੇ ਕਿਹਾ, "ਹੁਣ ਲਗਦੇ ਹੱਥ ਕੋਤਵਾਲੀ ਵੀ ਲੁਟਦੇ ਚਲੀਏ।"

"ਨਹੀਂ ਛੱਡੋ, ਬਹੁਤਾ ਲਾਲਚ ਨਹੀਂ ਕਰੀਦਾ। ਸਾਡਾ ਹੁਣ ਸ਼ਹਿਰ ਵਿਚ ਫਿਰਨਾ ਖ਼ਤਰਨਾਕ ਸਾਬਤ ਹੋ ਸਕਦਾ ਏ।" ਜਥੇਦਾਰ ਨੇ ਕਿਹਾ।

"ਹੋ ਸਕਦਾ ਏ ਕੁਝ ਸਿੰਘ ਕੋਤਵਾਲੀ ਡੱਕੇ ਹੋਏ ਹੋਣ। ਮੈਂ ਵੀ ਤਾਂ ਆਖ਼ਰ ਇਥੇ ਹੀ ਰਿਹਾ ਹਾਂ।" ਗੁਲਾਬ ਸਿੰਘ ਨੇ ਕਿਹਾ।

"ਚਲੋ ਫਿਰ ਝਟਪਟ ਇਹ ਵੀ ਕੰਮ ਮੁਕਾ ਲਓ।" ਜਥੇਦਾਰ ਨੇ ਕਿਹਾ ਤੇ ਘੋੜੇ ਦੀਆਂ ਵਾਗਾਂ ਕੋਤਵਾਲੀ ਵਲ ਮੋੜ ਦਿੱਤੀਆਂ। ਇਕ ਫ਼ੌਜੀ ਦਸਤੇ ਦੀ ਹਾਰ ਪਿਛੋਂ ਕੋਤਵਾਲੀ ਅਗੇ ਪਹਿਰਾ ਦੇ ਰਹੇ ਆਦਮੀ ਵੀ ਜਾਨ ਬਚਾਉਣ ਲਈ ਨੱਸ ਗਏ। ਜਥੇਦਾਰ ਨੇ ਕੋਤਵਾਲੀ ਦੇ ਦਰਵਾਜ਼ੇ ਅਗੇ ਪਹੁੰਚ ਕੇ ਕਿਹਾ, "ਇਹਨਾਂ ਰਾਜ ਕਰਨਾ ਏ, ਜਿਹੜੇ ਕੋਤਵਾਲੀ ਛਡ ਕੇ ਨੱਸ ਗਏ ਨੇ?"

"ਕੋਈ ਚਾਲ ਨਾ ਹੋਵੇ।" ਗੁਲਾਬ ਸਿੰਘ ਨੇ ਕਿਹਾ।

"ਚਾਲ ਕਾਹਦੀ ਏ, ਬੁਜ਼ਦਿਲ ਸਾਰੇ ਜ਼ਮਾਨੇ ਦੇ ਜਾਨ ਬਚਾਉਣ ਲਈ ਨੱਠ ਗਏ ਨੇ।" ਜਥੇਦਾਰ ਨੇ ਕਿਹਾ। ਜਦ ਇਹ ਕੋਤਵਾਲੀ ਅੰਦਰ ਗਏ ਤਾਂ ਪਹਿਲੀ ਕੋਠੜੀ ਵਿਚ ਹੀ ਦਲੀਪ ਤੇ ਪੋਖਰ ਕੈਦ ਮਿਲ ਗਏ। ਇਸੇ ਕੋਠੜੀ ਵਿਚ ਗੁਲਾਬ ਸਿੰਘ ਰਿਹਾ ਸੀ।

ਗੁਲਾਬ ਸਿੰਘ ਨੇ ਝਟ ਘੋੜੇ ਤੋਂ ਉਤਰ ਕੇ ਸੀਖਾਂ ਵਿਚੋਂ ਹੱਥ ਅਗੇ ਕਰਕੇ ਦਲੀਪ ਨੂੰ ਜੱਫਾ ਪਾ ਲਿਆ। ਦਲੀਪ ਕਈ ਦਿਨਾਂ ਦਾ ਮਾਂ ਪਿਉ ਤੋਂ ਨਿਖੜਿਆ ਹੋਇਆ ਸੀ। ਉਹਦਾ ਗਚ ਭਰ ਆਇਆ ਤੇ ਅਥਰੂ ਕਿਰਨ ਹੀ ਲੱਗੇ ਸਨ ਕਿ ਗੁਲਾਬ ਸਿੰਘ ਨੇ ਕਿਹਾ, "ਨਾ, ਮੇਰੇ ਸ਼ੇਰ ਪੁੱਤਰ ਨੂੰ ਰੋਣਾ ਨਹੀਂ ਚਾਹੀਦਾ। ਤੂੰ ਬਹਾਦਰ ਏਂ ਤੇ ਮੈਨੂੰ

ਤੇਰੇ 'ਤੇ ਵੱਡੀਆਂ ਆਸਾਂ ਨੇ।"

ਦੋ ਤਿੰਨ ਸਿੰਘਾਂ ਨੇ ਝਟਪਟ ਦਰਵਾਜ਼ੇ ਤੋੜੇ। ਮਜ਼ਬੂਤ ਦਰਵਾਜ਼ੇ ਤੋੜ ਲੈਣੇ ਸਿੰਘਾਂ ਦਾ ਹੀ ਕੰਮ ਸੀ।

ਹੋਰ ਕਮਰੇ ਵੀ ਦੇਖੇ ਗਏ ਤੇ ਉਥੇ ਵੀ ਕੁਝ ਸਿੰਘ ਕੈਦ ਸਨ, ਉਹਨਾਂ ਸਾਰਿਆਂ ਨੂੰ ਵੀ ਛੁਡਾ ਲਿਆ। ਕੁਝ ਸਿੰਘ ਹੇਠਾਂ ਤਹਿਖ਼ਾਨਿਆਂ ਵਿਚ ਲੰਘ ਗਏ ਤੇ ਉਥੋਂ ਬਹੁਤ ਸਾਰਾ ਮਾਲ ਤੇ ਬੰਦੂਕਾਂ ਮਿਲੀਆਂ। ਸਿੰਘਾਂ ਨੂੰ ਧਨ ਦੀ ਖ਼ੁਸ਼ੀ ਤਾਂ ਕੋਈ ਨਾ ਹੋਈ ਪਰ ਬੰਦੂਕਾਂ ਮਿਲ ਜਾਣ 'ਤੇ ਹਰ ਸਿੰਘ ਪ੍ਰਸੰਨ ਸੀ।

ਗੁਲਾਬ ਸਿੰਘ ਨੇ ਦਲੀਪ ਸਿੰਘ ਨੂੰ ਆਪਣੇ ਘੋੜੇ 'ਤੇ ਅਗੇ ਬਿਠਾ ਲਿਆ ਤੇ ਪੋਖਰ ਇਕ ਹੋਰ ਸਿੰਘ ਦੇ ਘੋੜੇ ਪਿਛੇ ਬੈਠ ਗਿਆ।

ਜਦ ਇਹ ਕੋਤਵਾਲੀ ਤੋਂ ਬਾਹਰ ਨਿਕਲੇ ਤਾਂ ਘੋੜਿਆਂ ਨੂੰ ਸਿੱਧਾ ਦਿੱਲੀ ਦਰਵਾਜ਼ੇ ਵਲ ਭਜਾ ਲਿਆ ਗਿਆ।

ਅਜੇ ਕੁਝ ਕਦਮਾਂ ਦੀ ਵਿੱਥ 'ਤੇ ਹੀ ਗਏ ਸਨ ਕਿ ਦਲੀਪ ਨੇ ਇਕ ਦੁਕਾਨ ਦੇ ਬਰਾਂਡੇ ਵਿਚ ਡਰ ਨਾਲ ਸਹਿਮੇ ਹੋਏ ਅੱਲਾ ਦਿੱਤਾ ਨੂੰ ਪਛਾਣ ਲਿਆ। ਉਹਨੇ ਗੁਲਾਬ ਸਿੰਘ ਨੂੰ ਦਸਿਆ ਤੇ ਉਸ ਨੇ ਘੋੜਾ ਰੋਕ ਲਿਆ। ਹੁਣ ਅੱਲਾ ਦਿੱਤਾ ਨੇ ਵੀ ਪਛਾਣ ਲਿਆ।

ਗੁਲਾਬ ਸਿੰਘ ਘੋੜੇ ਤੋਂ ਉਤਰ ਕੇ ਬਰਾਂਡੇ ਵਿਚ ਗਿਆ। ਬਾਂਹ ਤੋਂ ਫੜ ਕੇ ਕਿਹਾ, "ਆਓ, ਸਾਡੇ ਨਾਲ ਚਲੋ।" ਜਥੇਦਾਰ ਵੀ ਉਹਦੇ ਪਿਛੇ ਬਰਾਂਡੇ ਵਿਚ ਪਹੁੰਚ ਗਿਆ।

"ਨਹੀਂ, ਹੁਣ ਪੁੱਤਰ ਮੈਂ ਜਾ ਕੇ ਕੀ ਕਰਨਾ ਏਂ। ਤੁਹਾਡਾ ਕੰਮ ਹੋ ਗਿਆ ਏ, ਇਸ ਗੱਲ ਦੀ ਮੈਨੂੰ ਖ਼ੁਸ਼ੀ ਏ।" ਅੱਲਾ ਦਿੱਤਾ ਨੇ ਕਿਹਾ।

"ਹੈਂ, ਇਹ ਕੀ ਪਏ ਕਹਿੰਦੇ ਹੋ!" ਗੁਲਾਬ ਸਿੰਘ ਨੇ ਕਿਹਾ, "ਅਜੇ ਤਕ ਤਾਂ ਰੇਸ਼ਮਾ ਦਾ ਪਤਾ ਨਹੀਂ ਲੱਗਾ। ਉਹਨੂੰ ਭਾਲਣਾ ਪਵੇਗਾ। ਤੁਸੀਂ ਇਥੇ ਰਹਿ ਕੇ ਕੀ ਕਰੋਗੇ। ਚਲੋ ਮੈਂ, ਤੁਹਾਡੇ ਪਰਵਾਰ ਨੂੰ ਆਪਣੇ ਪਿੰਡ ਲੈ ਜਾਣਾ ਏਂ।"

"ਹੈਂ! ਰੇਸ਼ਮਾ ਕੌਣ ਏ?" ਜਥੇਦਾਰ ਨੇ ਪੁਛਿਆ।

"ਮੇਰੀ ਪਤਨੀ, ਉਹ ਵੀ ਫੜੀ ਗਈ ਸੀ ਤੇ ਇਥੋਂ ਕਿਧਰੇ ਚਲੀ ਗਈ ਏ।"

"ਉਹ ਜਿਸ ਦੇ ਮੱਥੇ 'ਤੇ ਫੁਲਬਹਿਰੀ ਦਾ ਨਿੱਕਾ ਜਿਹਾ ਨਿਸ਼ਾਨ ਏਂ?" ਜਥੇਦਾਰ ਨੇ ਕਿਹਾ।

"ਜੀ ਆਂ, ਤੁਸੀਂ ਕਿਤੇ ਦੇਖੀ ਏ?" ਗੁਲਾਬ ਸਿੰਘ ਨੇ ਉਤਾਵਲੇ ਹੋ ਕੇ ਪੁਛਿਆ।

"ਉਹ ਤਾਂ ਸਾਡੇ ਡੇਰੇ ਪੁੱਜ ਗਈ ਏ। ਉਸੇ ਸਾਨੂੰ ਹਮਲਾ ਕਰਨ ਲਈ ਬਹੁਤ


ਕੁਝ ਦਸਿਆ ਏ। ਉਹ ਤੇ ਨਾਲ ਆਉਣ ਲਈ ਤਿਆਰ ਸੀ, ਪਰ ਮੈਂ ਹੀ ਨਹੀਂ ਆਉਣ ਦਿੱਤਾ।" ਜਥੇਦਾਰ ਨੇ ਕਿਹਾ।

ਅੱਲਾ ਦਿੱਤਾ ਨੇ ਬੜੀ ਨਾਂਹ ਨੁਕਰ ਕੀਤੀ, ਪਰ ਗੁਲਾਬ ਸਿੰਘ ਨੇ ਦਲੀਪ ਨੂੰ ਜਥੇਦਾਰ ਦੇ ਘੋੜੇ 'ਤੇ ਭੇਜ ਦਿੱਤਾ ਤੇ ਆਪਣੇ ਨਾਲ ਅੱਲਾ ਦਿੱਤਾ ਨੂੰ ਬਿਠਾ ਕੇ ਸ਼ਹਿਰ ਤੋਂ ਬਾਹਰ ਚਲੇ ਗਏ।

o

ISBN 81-7205-166-2

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com



ISBN 81-7205-166-2
9 788172 051662